
ਯੂਬਾ ਸਿਟੀ ਵਿਸ਼ਵ ਕਬੱਡੀ ਟੂਰਨਾਮੈਂਟ ਦੇ ਖਿਡਾਰੀ ਜੇਤੂ ਕੱਪ ਨਾਲ

ਹਫਤਾਵਾਰੀ

# ਦੇਸ਼ ਦੁਆਬਾ

VOL - 4 ISSUE - 5
May 07, 2015

Postal Address
5101 Doe Hollow Pl, Antelope, CA-95843

www.deshdoaba.com
www.ambedkartimes.com


'ਦੇਸ਼ ਦੁਆਬਾ' ਵੱਲੋਂ ਬੁੱਧ ਪੂਰਨਿਮਾ ਦੀ ਸਭ ਨੂੰ ਹਾਰਦਿਕ ਵਧਾਈ

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਬਾਦਲ ਦੇ ਰਿਸ਼ਤੇਦਾਰਾਂ ਦੀ ਬੱਸ 'ਤੇ ਕੱਢਿਆ ਲੋਕਾਂ ਨੇ ਗੁੱਸਾ

**ਫ਼ਰੀਦਕੋਟ–** ਇੱਥੇ ਪੰਜਾਬ ਸਟੂਡੈਂਟਸ ਯੂਨੀਅਨ ਤੇ ਨੌਜਵਾਨ ਭਾਰਤ ਸਭਾ ਵੱਲੋਂ ਮੋਗਾ ਬੱਸ ਕਾਂਡ ਖ਼ਿਲਾਫ਼ ਅਕਾਲੀ ਦਲ ਨਾਲ ਸਬੰਧਤ ਟਰਾਂਸਪੋਰਟ ਕੰਪਨੀਆਂ ਦੀਆਂ ਬੱਸਾਂ ਦੇ ਘਿਰਾਓ ਸਮੇਂ ਨਿਊ ਦੀਪ ਟਰਾਂਸਪੋਰਟ ਕੰਪਨੀ ਤੇ ਪੀ ਐੱਸ ਯੂ ਦੇ ਆਗੂਆਂ ਵਿੱਚ ਟਕਰਾਅ ਹੋ ਗਿਆ। ਪੀ ਐੱਸ ਯੂ ਦਾ ਕਾਫ਼ਲਾ ਨਹਿਰੂ ਸਟੇਡੀਅਮ ਤੋਂ ਬੱਸ ਅੱਡੇ ਵੱਲ ਆ ਰਿਹਾ ਸੀ ਤਾਂ ਪੁਲੀਸ ਨੇ ਨਿਊ ਦੀਪ ਟਰਾਂਸਪੋਰਟ ਕੰਪਨੀ ਦੀਆਂ ਬੱਸਾਂ ਨੂੰ ਤੁਰੰਤ ਸ਼ਹਿਰ ਤੋਂ ਬਾਹਰ ਜਾਣ ਲਈ ਆਦੇਸ਼ ਦਿੱਤੇ। ਨਿਊ ਦੀਪ ਟਰਾਂਸਪੋਰਟ ਕੰਪਨੀ ਦੇ ਕਰਿੰਦਿਆਂ ਨੇ ਪੁਲੀਸ ਦੀਆਂ ਹਦਾਇਤਾਂ ਮੰਨਣ ਦੀ ਥਾਂ ਬੱਸ ਨੂੰ ਪੀਐੱਸਯੂ ਦੇ ਆ ਰਹੇ ਕਾਫ਼ਲੇ ਦੇ ਅੱਗੇ ਲਾ ਦਿੱਤਾ। ਵਿਦਿਆਰਥੀਆਂ ਨੇ ਦੋਸ਼ ਲਾਇਆ ਕਿ ਨਿਊ ਦੀਪ ਬੱਸ ਨੇ ਉਨ੍ਹਾਂ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ। ਗੁੱਸੇ ਵਿੱਚ ਆਏ ਵਿਦਿਆਰਥੀਆਂ ਨੇ ਨਿਊ ਦੀਪ ਬੱਸ ਨੂੰ ਬੁਰੀ ਤਰ੍ਹਾਂ ਭੰਨ ਦਿੱਤਾ। ਘਟਨਾ ਤੋਂ ਦੋ ਮਿੰਟ ਬਾਅਦ ਮੌਕੇ 'ਤੇ ਪੁੱਜੀ ਪੁਲੀਸ ਨੇ ਪੀ ਐੱਸ ਯੂ ਦੇ ਆਗੂਆਂ



(ਬਾਕੀ ਸਫਾ 20 ਤੇ)

## ਯਾਦਾਂ ਵਿੱਚ ਵਸਿਆ ਯੂਬਾ ਸਿਟੀ ਦੀ ਕਲੱਬ ਵਲੋਂ ਕਰਵਾਇਆ ਗਿਆ ਵਿਸ਼ਵ ਕਬੱਡੀ ਟੂਰਨਾਮੈਂਟ

### ਬੇ- ਏਰੀਆ ਸਪੋਰਟਸ ਕਲੱਬ ਨੇ ਕੀਤਾ ਕੱਪ ਤੇ ਕਬਜ਼ਾ


ਬੇਅ-ਏਰੀਆ ਸਪੋਰਟਸ ਕਲੱਬ ਦੀ ਟੀਮ ਜੇਤੂ ਕੱਪ ਦੇ ਨਾਲ
ਤਸਵੀਰ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'


ਬੇਅ-ਏਰੀਆ ਸਪੋਰਟਸ ਕਲੱਬ ਦੀ ਟੀਮ ਜੇਤੂ ਕੱਪ ਦੇ ਨਾਲ
ਤਸਵੀਰ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'

**ਯੂਬਾ ਸਿਟੀ (ਦੇਸ਼ ਦੁਆਬਾ ਬਿਓਰੋ)–** ਖੇਡਾਂ ਦੀ ਪ੍ਰਫੁੱਲਤਾ ਵਾਸਤੇ ਨਿਰੰਤਰ ਸਲਾਹੁਣਯੋਗ ਉੱਦਮ ਕਰਨ ਵਾਲੇ ਯੂਬਾ ਸਿਟੀ ਸਪੋਰਟਸ ਕਲੱਬ ਵਲੋਂ ਇਸ ਵਾਰ ਵੀ ਵਿਸਾਖੀ ਮੇਲੇ ਤੇ ਨੌਵੇਂ ਵਿਸ਼ਵ ਕਬੱਡੀ ਕੱਪ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਅਮਰੀਕਾ ਦੀਆਂ ਸਿਰ ਕੱਢ ਕਲੱਬਾਂ ਦੀਆਂ ਟੀਮਾਂ ਨੇ ਭਾਗ ਲਿਆ। ਟੂਰਨਾਮੈਂਟ ਦੇ ਫਾਈਨਲ ਮੈਚ ਵਿੱਚ ਬੇ ਏਰੀਆ ਸਪੋਰਟਸ ਕਲੱਬ ਨੇ ਸੈਂਟਰਲ ਵੈਲੀ ਸਪੋਰਟਸ ਕਲੱਬ ਨੂੰ 26 ਦੇ ਮੁਕਾਬਲੇ

(ਬਾਕੀ ਸਫਾ 20 ਤੇ)

## ਫਿਲਮ ਅਭਿਨੇਤਾ ਸਲਮਾਨ ਖ਼ਾਨ ਨੂੰ ਪੰਜ ਸਾਲ ਕੈਦ

**ਮੁੰਬਈ–** ਬਾਲੀਵੁੱਡ ਦੇ ਸੁਪਰ ਸਟਾਰ ਸਲਮਾਨ ਖ਼ਾਨ ਨੂੰ ਅੱਜ ਇਥੋਂ ਦੀ ਇਕ ਅਦਾਲਤ ਨੇ ਹਾਦਸਾ ਕਰ ਦੇ ਭੱਜ ਜਾਣ (ਹਿੱਟ ਐਂਡ ਰਨ) ਦੇ ਸਾਲ 2002 ਦੇ ਇਕ ਕੇਸ ਵਿੱਚ ਗ਼ੈਰਇਰਾਦਤਨ ਹੱਤਿਆ ਦਾ ਦੋਸ਼ੀ ਕਰਾਰ ਦਿੰਦਿਆਂ ਪੰਜ ਸਾਲ ਕੈਦ ਬਾਮੁਸ਼ੱਕਤ ਦੀ ਸਜ਼ਾ ਸੁਣਾਈ ਹੈ। ਇਸ ਦੇ ਬਾਵਜੂਦ ਉਹ ਫ਼ੌਰੀ ਜੇਲ੍ਹ ਜਾਣ ਤੋਂ ਬਚ ਗਿਆ ਕਿਉਂਕਿ ਬੰਬਈ ਹਾਈ ਕੋਰਟ ਨੇ ਤੁਰਤ ਕਾਰਵਾਈ ਕਰਦਿਆਂ ਉਸ ਨੂੰ ਦੋ ਦਿਨਾਂ ਲਈ 8



ਮਈ ਤੱਕ ਅੰਤਰਿਮ ਜ਼ਮਾਨਤ ਦੇ ਦਿੱਤੀ, ਜਦੋਂ ਸੈਸ਼ਨ ਅਦਾਲਤ ਦੇ ਇਸ ਫ਼ੈਸਲੇ ਖ਼ਿਲਾਫ਼ ਉਸ ਦੀ ਅਪੀਲ ਹਾਈ ਕਰੋਟ ਵੱਲੋਂ ਵਿਚਾਰੀ ਜਾਵੇਗੀ। ਹਾਈ ਕੋਰਟ ਨੇ 49 ਸਾਲਾ ਅਦਾਕਾਰ ਨੂੰ ਇਸ ਆਧਾਰ ਉਤੇ ਅੰਤਰਿਮ ਜ਼ਮਾਨਤ ਦਿੱਤੀ ਕਿ ਉਸ ਨੂੰ ਸੈਸ਼ਨ ਅਦਾਲਤ ਦੇ ਫ਼ੈਸਲੇ ਦਾ ਸਿਰਫ਼ ਦੋ ਸਫ਼ਿਆਂ ਦਾ ਮੁੱਖ ਹਿੱਸਾ ਹੀ ਦਿੱਤਾ ਗਿਆ ਹੈ ਅਤੇ ਦੋਸ਼ੀ ਕਰਾਰ ਦਿੱਤੇ ਜਾਣ ਦੇ ਕਾਰਨ ਦੱਸਦਾ ਤਫ਼ਸੀਲੀ ਫ਼ੈਸਲਾ ਨਹੀਂ ਦਿੱਤਾ ਗਿਆ। ਇਸ ਤੋਂ ਪਹਿਲਾਂ ਅਨੇਕਾਂ

(ਬਾਕੀ ਸਫਾ 20 ਤੇ)

## ਜਦੋਂ 12 ਭਾਜਪਾ ਮੈਂਬਰ ਸਰਕਾਰ ਖ਼ਿਲਾਫ਼ ਹੋ ਗਏ

**ਨਵੀਂ ਦਿੱਲੀ–** ਭਾਜਪਾ ਨੂੰ ਲੋਕ ਸਭਾ 'ਚ ਉਸ ਸਮੇਂ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਜਦੋਂ ਪਾਰਟੀ ਦੇ 12 ਮੈਂਬਰਾਂ ਨੇ ਜੀਐਸਟੀ ਬਿੱਲ ਦੇ ਉਪਬੰਦ ਖ਼ਿਲਾਫ਼ ਲਾਲ ਬਟਨ ਦੱਬ ਦਿੱਤਾ। ਇਸ 'ਤੇ ਵਿੱਤ ਮੰਤਰੀ ਅਰੁਣ ਜੇਤਲੀ ਨੇ ਸੰਸਦੀ ਰਾਜ ਮੰਤਰੀ ਰਾਜੀਵ ਪ੍ਰਤਾਪ ਰੂਡੀ ਨਾਲ ਗੱਲਬਾਤ ਕੀਤੀ। ਸ੍ਰੀ ਰੂਡੀ ਤੁਰੰਤ ਇਨ੍ਹਾਂ ਮੈਂਬਰਾਂ ਕੋਲ ਗਏ ਅਤੇ ਉਨ੍ਹਾਂ ਨੂੰ ਨਿਰਦੇਸ਼ ਦਿੰਦੇ ਦਿਖਾਈ ਦਿੱਤੇ ਕਿ ਇਲੈਕਟ੍ਰਾਨਿਕ ਵੋਟਿੰਗ ਸਿਸਟਮ ਦੀ ਕਿਵੇਂ ਵਰਤੋਂ ਕਰਨੀ ਹੈ। ਸ੍ਰੀ ਜੇਤਲੀ



ਨੇ ਸਪੀਕਰ ਨੂੰ ਇਲੈਕਟ੍ਰਾਨਿਕ ਸਿਸਟਮ ਠੀਕ ਢੰਗ ਨਾਲ ਨਾ ਚੱਲਣ ਦੀ ਸ਼ਿਕਾਇਤ ਕੀਤੀ ਅਤੇ ਵੋਟਾਂ ਦੁਬਾਰਾ ਪਵਾਉਣ ਜਾਂ ਪਰਚੀਆਂ ਰਾਹੀਂ ਪਾਉਣ ਲਈ ਕਿਹਾ। ਵਿਰੋਧੀ ਧਿਰ ਨੇ ਇਸ ਦਾ ਵਿਰੋਧ ਕੀਤਾ। ਸਪੀਕਰ ਸੁਮਿੱਤਰਾ ਮਹਾਜਨ ਨੇ ਉਪਬੰਦ 'ਤੇ ਦੁਬਾਰਾ ਵੋਟਿੰਗ ਕਰਵਾਈ। ਇਸ 'ਤੇ ਸਰਕਾਰ ਦੇ ਵਿਰੋਧ 'ਚ 24 ਤੋਂ ਘੱਟ ਕੇ ਸਿਰਫ਼ 5 ਵੋਟਾਂ ਹੀ ਪਈਆਂ ਜਦਕਿ ਹਮਾਇਤ ਕਰਨ ਵਾਲਿਆਂ ਦੀ ਗਿਣਤੀ 354 'ਤੇ ਪਹੁੰਚ ਗਈ। ਉਧਰ ਕੁਝ ਹਲਕੇ ਫੁਲਕੇ ਪਲ ਵੀ ਸਦਨ 'ਚ ਨਜ਼ਰ

(ਬਾਕੀ ਸਫਾ 20 ਤੇ)


KSR AUTO REPAIR
Complete Auto Repair
Import & Domestic
Honda & Acura Specialist Toyta, Lexus, Nissan, Mazda
Mercedes Benz, BMW, Volvo, Volkswager

50 % Off
On Labor
Brackes
Tune-Up
Complete Diagnostic
Transmission Service
Electrical
AC Service
Engine Repair
Clutch Repnace
Factory Recommended Service
1471 Laurelwood Rd
Santa Clara, CA 95054
408-235-8654
Cell 510-579-8583
Fax 408-235-8674


SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
WE OPEN 7-DAYS A WEEK
(209-373-3562)
MANDEEP SANDHU
msandhu2014@gmail.com
Note: I am not an Immigration Attorney.
3222 PENELOPE DR.
STOCKTON, CA- 95212
(NEAR HWY 99 ON MORADA LANE)

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing
510- 733- 2222
1421 Industrial PKWY
West#F Hayward, CA 94544
Prop: Jasbir Singh Takhar
510-755-2132

Harmandeep Singh


RAMESH SUMAN
Broker Realtor
RCS-D ™
MAJESTIC HOMES

Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# Grant Line Insurance Agency, Inc.

## DBA Sky High Insurance Agency

**One stop shop for all your Insurance needs**

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

# 209-263-0860

**3244 W. Grant Line Rd., Tracy, CA 95304**



ਮਨਦੀਪ ਬਿਆੜਾ
ਏਜੰਟ
209-666-0032



ਜਸਵੀਰ ਕੌਰ
ਬਰੋਕਰ
925-895-8140



ਗਗਨਦੀਪ ਸਿੰਘ
ਏਜੰਟ
925-724-7070



ਹਰਮਨ ਸਿੰਘ
ਏਜੰਟ
510-415-8154



# Continental

**Truck, Trailer Repair & Tyre Servicse**

ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ।

*Bhajji Gill (510-277-6315), Chain Gill 510-542-1181*







ਭੱਜੀ ਗਿੱਲ ਅਤੇ ਚੈਨ ਗਿੱਲ ਆਪਣੇ ਸਟਾਫ ਦੇ ਨਾਲ

# 42400 Boyce Rd., Unite F, Fremont, CA 94538

# ਖਾਲਿਸਤਾਨ ਐਲਾਨ ਦਿਵਸ 29ਵੀ ਵਰੇਗੰਢ ਚੜ੍ਹਦੀ ਕਲਾ ਨਾਲ ਮਨਾਈ ਗਈ







**ਫਰੀਮਾਂਟ (ਬਲਵਿੰਦਰਪਾਲ ਸਿੰਘ ਖਾਲਸਾ)** ਖਾਲਿਸਤਾਨ ਦੇ ਸ਼ਹੀਦਾਂ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਫਰੀਮਾਂਟ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਥਕ ਜਥੇਬੰਦੀਆਂ ਤੇ ਸੰਗਤਾਂ ਦੇ ਆਪਸੀ ਸਹਿਯੋਗ ਨਾਲ ਖਾਲਿਸਤਾਨ ਐਲਾਨ ਦਿਵਸ ਦੀ 29 ਵੀਂ ਵਰੇਗੰਢ ਬੜੇ ਉਤਸ਼ਾਹ ਤੇ ਚਾਵਾਂ ਭਰੇ ਮਾਹੌਲ ਵਿਚ ਮਨਾਈ ਗਈ। ਗੁਰਦੁਆਰਾ ਸਾਹਿਬ ਵਿਚ ਖਾਲਿਸਤਾਨੀ ਝੰਡੇ ਤੇ ਖਾਲਿਸਤਾਨੀ ਬੈਨਰ ਝੂਲ ਰਹੇ ਸਨ।

ਹਫਤਾਵਾਰੀ ਦੀਵਾਨ ਹੋਣ ਕਰਕੇ ਸੰਗਤਾਂ ਦੀ ਵੀ ਭਰਵੀਂ ਹਾਜ਼ਰੀ ਸੀ।ਕਥਾਕਾਰ ਭਾਈ ਪੂਰਨ ਸਿੰਘ ਲੁਧਿਆਣੇ ਵਾਲਿਆਂ ਖਾਲਸਾ ਰਾਜ ਦੇ ਮਹਾਨ ਜਰਨੈਲ ਹਰੀ ਸਿੰਘ ਨਲੂਆ ਤੇ ਮੌਜੂਦਾ ਸ਼ਹੀਦਾਂ ਦੀ ਦਾਸਤਾਨ ਛੋਹੀ। ਐਲਾਨਨਾਮੇ ਉਤੇ ਵੀਚਾਰ ਪੇਸ਼ ਕਰਨ ਲਈ ਵਿਸ਼ੇਸ ਤੌਰ ਤੇ ਸੱਦੇ ਬੁਲਾਰਿਆਂ ਵਿਚ ਫਰਿਜ਼ਨੋ ਤੋਂ ਭਾਈ ਅਮਨਦੀਪ ਸਿੰਘ, ਸ਼੍ਰੋਮਣੀ ਅਕਾਲੀ ਦਲ ਮਾਨ ਅਤੇ ਸਤਿਕਾਰ ਕਮੇਟੀ ਦੇ ਭਾਈ ਜਤਿੰਦਰ ਸਿੰਘ, ਫਰੀਮਾਂਟ ਗੁਰਦੁਆਰਾ ਸਾਹਿਬ ਦੇ ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ ਤੇ ਮੌਜੂਦਾ ਸੁਪਰੀਮ ਕੌਂਸਲ ਮੈਂਬਰਾਂ ਭਾਈ ਜਸਦੇਵ ਸਿੰਘ ਤੇ ਸਕਤਰ ਭਾਈ ਗੁਰਿੰਦਰ ਸਿੰਘ ਹੁਰਾਂ ਵਿਸਥਾਰ ਨਾਲ ਦੱਸਿਆਂ ਕਿ ਕਿਵੇਂ ਸਰਬੱਤ ਖਾਲਸੇ ਨੇ ਪੰਜ ਮੈਂਬਰੀ ਪੰਥਕ ਕਮੇਟੀ ਦੀ ਸਥਾਪਨਾ ਕੀਤੀ ਜਿਸਨੇ 29 ਅਪ੍ਰੈਲ, 1986 ਨੂੰ ਖਾਲਿਸਤਾਨ ਦਾ ਐਲਾਨ ਕਰਕੇ ਸੰਸਾਰ ਭਰ ਨੂੰ ਨਵੇਂ ਬਣਨ ਵਾਲੇ ਦੇਸ਼ ਦੀ ਸੂਚਨਾ ਦਿੱਤੀ।

ਖਾਲਿਸਤਾਨ ਦਾ ਸੰਘਰਸ਼ ਆਪਣੀ ਤੋਰੇ ਤੁਰਦਾ ਜਾ ਰਿਹਾ ਹੈ, ਜਿਸਨੇ ਇਕ ਦਿਨ ਸਚ ਹੋਣਾ ਹੈ। ਗੁਲਾਮੀ ਸਦਾ ਲਈ ਸਿੱਖ ਕੌਮ ਉਤੇ ਰਾਜ ਨਹੀਂ ਕਰ ਸਕੇਗੀ। ਗੁਰੂ ਸਾਹਿਬ ਦਾ ਇਲਾਹੀ ਹਕਮ, "ਰਾਜ ਕਰੇਗਾ ਖਾਲਸਾ" ਇਕ ਨਾ ਇਕ ਦਿਨ ਸਚ ਹੋਣਾ ਹੈ। ਹਰ ਸਿੱਖ ਦਾ ਇਹ ਫਰਜ਼ ਹੈ ਕਿ ਉਹ ਆਪਣੀ ਸਿੱਖ ਪ੍ਰਭੂਸੱਤਾ ਲਈ ਆਪਣਾ ਬਣਦਾ ਹਿੱਸਾ ਪਾਏ।

ਸਿੱਖ ਕੌਮ ਨੇ ਦੋ ਵਾਰ ਰਾਜ ਕੀਤਾ ਹੈ ਜੋ ਦੁਨੀਆ ਭਰ ਵਿਚ ਇਕ ਮਿਸਾਲ ਹੈ। ਗੁਰਦੁਆਰਾ ਸਾਹਿਬ ਵਿਚ ਕੈਲੇਫੋਰਨੀਆ ਗਤਕਾ ਦਲ ਦੇ ਸਥਾਨਕ ਮਿਸਲ ਫਰੀਮਾਂਟ ਵੱਲੋਂ ਪੰਜਾਂ ਸਿੰਘਾਂ ਨੇ ਸ਼ਬਦ ਗੁਰਬਾਣੀ ਪੜਨ ਤੋਂ ਬਾਦ ਨਿਸ਼ਾਨ ਸਾਹਿਬ ਨੂੰ ਜੈਕਾਰਿਆਂ ਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਹਰਿਆਂ ਨਾਲ ਸਲਾਮੀ ਪੇਸ਼ ਕੀਤੀ। ਸਟਾਕਟਨ ਤੋਂ ਵਿਸ਼ੇਸ਼ ਤੌਰ ਤੇ ਪੁੱਜੇ ਭਾਈ ਰਣਜੀਤ ਸਿੰਘ, ਜੋ ਕੈਲੇਫੋਰਨੀਆ ਗਤਕਾ ਦਲ ਦੇ ਆਫੀਸ਼ੀਅਲ ਅਨਾਊਂਸਰ ਹਨ, ਨੇ ਗਤਕੇ ਦੇ ਜੌਹਰਾਂ ਦੌਰਾਨ ਸਿੱਖ ਇਤਿਹਾਸ ਤੇ ਖਾਲਿਸਤਾਨ ਜੱਦੋਜਹਿਦ ਬਾਰੇ ਜੋਸ਼ੀਲੀਆਂ ਗੱਲਾਂ ਨਾਲ ਮਾਹੌਲ ਗਰਮਾਈ ਰਖਿਆ।



# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਵਿਸਾਖੀ ਦਾ ਪਵਿੱਤਰ ਦਿਹਾੜਾ ਸ਼ਰਧਾ ਪੂਰਵਕ ਮਨਾਇਆ

**ਪਿਟਸਬਰਗ- ਡੀ. ਡੀ. ਬੀ.)** ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਹਰ ਐਤਵਾਰ ਕਿਸੇ ਨਾ ਕਿਸੇ ਗੁਰਸਿੱਖ ਪਰਿਵਾਰ ਜਾਂ ਗੁਰੂ ਘਰ ਵੱਲੋਂ ਵਿਸ਼ੇਸ਼ ਦੀਵਾਨ ਸਜਾਏ ਜਾਂਦੇ ਹਨ, ਜਿਸ ਦੌਰਾਨ ਗੁਰੂ ਘਰ ਦੇ ਰਾਗੀ ਸਿੰਘ ਸਾਹਿਬਾਨ ਅਤੇ ਬਾਹਰੋਂ ਬੁਲਾਏ ਜਾਂਦੇ ਕੀਰਤਨੀ ਜਥੇ ਰਸਭਿੰਨਾ ਗੁਰਬਾਣੀ ਸ਼ਬਦ ਗਾਇਨ ਢਾਡੀ ਵਾਰਾਂ ਤੇ ਧਾਰਮਿਕ ਗੀਤ, ਕਵਿਤਾਵਾਂ ਤੇ ਕਥਾ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਜਾਂਦਾ ਹੈ। ਗੁਰੂ ਘਰ ਦੀ ਹਮੇਸ਼ਾ ਕੋਸ਼ਿਸ਼ ਰਹੀ ਹੈ ਕਿ ਸੰਗਤਾਂ ਨੂੰ ਜਿੱਥੇ ਧਾਰਮਿਕ ਪ੍ਰੋ-ਗਰਾਮਾਂ ਰਾਹੀਂ ਸਤਿਗੁਰਾਂ ਦੀ ਬਾਣੀ ਨਾਲ ਜੋੜ ਕੇ ਰੱਖਿਆ ਜਾਵੇ, ਉਥੇ ਉਹ ਸਮਾਜਿਕ, ਕਲਚਰਲ ਆਦਿ ਆਪਣੇ ਪੰਜਾਬੀ ਵਿਰਸੇ ਨਾਲ ਸਾਂਝ ਪਾਈ ਰੱਖਦੇ ਹਨ। ਬੀਤੇ ਐਤਵਾਰ 3 ਮਈ ਨੂੰ ਵਿਸਾਖੀ ਦਾ ਪਵਿੱਤਰ ਦਿਹਾੜਾ ਮਨਾਇਆ ਗਿਆ। ਇਸ ਦੌਰਾਨ ਗਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਪ੍ਰਕਾਸ਼ ਸਿੰਘ ਜੀ ਤੇ ਉਹਨਾਂ ਦੇ ਸਾਥੀ ਭਾਈ ਸਾਹਿਬ ਭਾਈ ਓਮਪਾਲ ਸਿੰਘ ਜੀ ਤੇ ਗੁਰਨਾਮ ਸਿੰਘ ਜੀ ਤੋਂ ਇਲਾਵਾ ਪ੍ਰਸਿੱਧ ਰਾਗੀ ਜਥੇ ਭਾਈ ਬਲਦੇਵ ਸਿੰਘ ਜੀ ਦਾ ਜਥਾ ਤੇ ਭਾਈ ਬਲਜੀਤ ਸਿੰਘ ਜੀ ਦੇ ਜਥੇ ਨੇ ਵਿਸਾਖੀ ਦੇ ਪਵਿੱਤਰ ਦਿਹਾੜੇ ਦੀ ਮਹੱਤਤਾ ਤੇ ਪਿਛੋਕੜ ਬਾਰੇ ਵਿਸ਼ੇਸ਼ ਚਾਨਣਾ ਪਾਉਂਦਿਆਂ ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਸਾਖੀ ਵਾਲੇ ਦਿਨ ਸਾਜੇ ਸਿੰਘ ਪਿਆਰੇ ਤੇ ਖਾਲਸਾ ਪੰਥ ਸਥਾਪਨਾ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਗੁਰਬਾਣੀ ਸ਼ਬਦ ਗਾਇਨ ਕਰਕੇ ਨਿਹਾਲ ਕੀਤਾ। ਬੁਲਾਰਿਆਂ ਨੇ ਆਪੋ ਆਪਣੇ ਵਿਚਾਰਾਂ ਨਾਲ ਸਾਂਝ ਪਾਈ। ਗੁਰੂ ਘਰ ਦੇ ਸਕੱਤਰ ਸਟੇਜ ਸੇਵਾ ਬਾਖੂਬੀ ਨਾਲ ਨਿਭਾਉਂਦਿਆਂ ਸਭ ਦਾ ਧੰਨਵਾਦ ਕੀਤਾ। ਪ੍ਰਧਾਨ ਸ੍ਰੀ ਰਮੇਸ਼ ਸੁਮਨ ਜੀ ਨੇ ਸਮੂਹ ਸੰਗਤਾਂ ਦਾ ਧੰਨ-ਵਾਦ ਕਰਦਿਆਂ ਬੇਨਤੀ ਕੀਤੀ ਕਿ ਗੁਰੂ ਘਰ ਦੀ ਡਿਵੈਲਪਮੈਂਟ 'ਚ ਵੱਧ ਚੜ੍ਹ ਕੇ ਮਾਇਆ ਯੋਗਦਾਨ ਕਰਨ। ਅਰਦਾਸ ਉਪਰੰਤ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ।




# ਗੁਰੂ ਸਾਹਿਬਾਨ ਜੀ ਦੀਆਂ ਪਵਿੱਤਰ ਨਿਸ਼ਾਨੀਆਂ ਦੀ ਦਰਸ਼ਨਾਂ ਲਈ ਯਾਤਰਾ ਪਟਿਆਲਾ ਤੋਂ ਸ਼ੁਰੂ ਹੋਈ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਗੁਰੂ ਸਾਹਿਬਾਨ ਦੀ ਪਵਿੱਤਰ ਨਿਸ਼ਾਨੀਆਂ ਦੇ ਸਿੱਖ ਸੰਗਤਾਂ ਨੂੰ ਵੱਖ ਵੱਖ ਥਾਵਾਂ 'ਤੇ ਦਰਸ਼ਨ ਕਰਵਾਉਣ ਲਈ ਇਨ੍ਹਾਂ ਪਵਿੱਤਰ ਨਿਸ਼ਾਨੀਆਂ ਦੀ ਦਰਸ਼ਨ ਯਾਤਰਾ 6 ਮਈ 2015 ਨੂੰ ਗੁਰਦੁਆਰਾ ਦਖ ਨਿਵਰਾਨ ਸਾਹਿਬ ਪਟਿਆਲਾ ਤੋਂ ਸ਼ੁਰੂ ਹੋਈ।



ਸ਼੍ਰੋਮਣੀ ਕਮੇਟੀ ਨੇ ਜਾਣਕਾਰੀ ਦੇਂਦਿਆਂ ਦੱਸਿਆ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਦੁਰਲੱਭ ਪਾਵਨ ਨਿਸ਼ਾਨੀਆਂ ਦੀ 6 ਮਈ 2015 ਨੂੰ ਸਵੇਰੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਿਆਰ ਕੀਤੀ ਗਈ ਵਿਸ਼ੇਸ਼ ਬੱਸ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੇ ਉਪਰਾਲੇ ਸਦਕਾ ਧਾਰਮਿਕ ਦਰਸ਼ਨ ਯਾਤਰਾ ਅਰੰਭ ਹੋਈ।

ਉਨ੍ਹਾਂ ਦੱਸਿਆ ਕਿ ਇਹ ਯਾਤਰਾ 6 ਮਈ ਨੂੰ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਤੋਂ ਅਰੰਭ ਹੋ ਕੇ, ਪਟਿਆਲਾ, ਨਾਭਾ, ਭਵਾਨੀਗੜ੍ਹ, ਸੰਗਰੂਰ ਤੋਂ ਹੁੰਦੀ ਹੋਈ ਬਰਨਾਲਾ ਵਿਖੇ ਰਾਤ ਵਿਸ਼ਰਾਮ ਕਰੇਗੀ। ਅਗਲੇ ਦਿਨ 7 ਮਈ ਨੂੰ ਬਰਨਾਲਾ ਤੋਂ ਅਰੰਭ ਹੋ ਕੇ ਮਾਨਸਾ, ਮੌੜ ਮੰਡੀ ਤੋਂ ਹੁੰਦੀ ਹੋਈ ਤਲਵੰਡੀ ਸਾਬੋ ਵਿਖੇ ਰਾਤ ਵਿਸ਼ਰਾਮ ਕਰੇਗੀ। 8 ਮਈ ਨੂੰ ਤਲਵੰਡੀ ਸਾਬੋ ਤੋਂ ਬਠਿੰਡਾ, ਮਲੋਟ ਅਤੇ ਸ੍ਰੀ ਮੁਕਤਸਰ ਸਾਹਿਬ, 9 ਮਈ ਨੂੰ ਸ੍ਰੀ ਮੁਕਤਸਰ ਸਾਹਿਬ ਤੋਂ ਕੋਟ ਕਪੂਰਾ, ਫਰੀਦਕੋਟ, ਫਿਰੋਜ਼ਪੁਰ ਅਤੇ ਵਜੀਦਪੁਰ, 10 ਮਈ ਨੂੰ ਵਜੀਦਪੁਰ ਤੋਂ ਮੋਗਾ, ਕੋਟ ਈਸੇ ਖਾਂ, ਜ਼ੀਰਾ, ਮੱਖੂ ਤੋਂ ਹਰੀਕੇ ਪੱਤਣ, 11 ਮਈ ਨੂੰ ਹਰੀਕੇ ਪੱਤਣ ਤੋਂ ਪੱਟੀ, ਭਿੱਖੀ ਵਿੰਡ, ਝਬਾਲ ਤੋਂ ਸ੍ਰੀ ਤਰਨ-ਤਾਰਨ ਸਾਹਿਬ, 12 ਮਈ ਨੂੰ ਸ੍ਰੀ ਤਰਨ-ਤਾਰਨ ਸਾਹਿਬ ਤੋਂ ਜੰਡਿਆਲਾ ਗੁਰੂ, ਬਾਬਾ ਬਕਾਲਾ, ਚੌਂਕ ਮਹਿਤਾ ਤੋਂ ਹੁੰਦੀ ਹੋਈ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚੇਗੀ ਅਤੇ 13 ਮਈ ਨੂੰ ਪੂਰਾ ਦਿਨ ਠਹਿਰਾ ਕਰੇਗੀ। ਇਹ ਬੱਸ ਯਾਤਰਾ 14 ਮਈ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਬਟਾਲਾ, ਸ੍ਰੀ ਹਰਿਗੋਬਿੰਦਪੁਰ, ਕਾਹਨੂਵਾਲ ਤੋਂ ਛੋਟਾ ਘਲੂਘਾਰਾ, 15 ਮਈ ਨੂੰ ਛੋਟਾ ਘਲੂਘਾਰਾ ਤੋਂ ਗੁਰਦਾਸਪੁਰ, ਮੁਕੇਰੀਆਂ, ਦਸੂਹਾ ਤੋਂ ਹੁਸ਼ਿਆਰਪੁਰ, 16 ਮਈ ਨੂੰ ਹੁਸ਼ਿਆਰ-ਪੁਰ ਤੋਂ ਟਾਂਡਾ, ਭੋਗਪੁਰ, ਕਰਤਾਰਪੁਰ, ਕਪੂਰਥਲਾ ਤੋਂ ਸੁਲਤਾਨਪੁਰ ਲੋਧੀ, 17 ਮਈ ਨੂੰ ਸੁਲਤਾਨਪੁਰ ਲੋਧੀ ਤੋਂ ਮਲਸੀਆ, ਨਕੋਦਰ, ਜਲੰਧਰ ਅਤੇ ਫਗਵਾੜਾ, 18 ਮਈ ਨੂੰ ਫਗਵਾੜਾ, ਲੁਧਿਆਣਾ ਤੋਂ ਸ੍ਰੀ ਫਤਿਹਗੜ੍ਹ ਸਾਹਿਬ, 19 ਮਈ ਨੂੰ ਸ੍ਰੀ ਫਤਿਹਗੜ੍ਹ ਸਾਹਿਬ ਤੌਂ ਮੁਹਾਲੀ, ਖਰੜ, ਮੋਰਿੰਡਾ ਅਤੇ ਸ੍ਰੀ ਚਮਕੌਰ ਸਾਹਿਬ ਰੋਪੜ, 20 ਮਈ ਨੂੰ ਰੋਪੜ ਤੋਂ ਅਰੰਭ ਹੋ ਕੇ ਸਮਾਪਤੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਵੇਗੀ।

ਸ. ਬੇਦੀ ਨੇ ਕਿਹਾ ਕਿ ਰੂਟ ਨਾਲ ਸਬੰਧਤ ਗੁਰਦੁਆਰਾ ਸਾਹਿਬਾਨ ਦੇ ਮੈਨੇਜਰਾਂ ਨੂੰ ਸੰਗਤਾਂ ਦੀ ਆਓ ਭਗਤ ਤੇ ਵਿਸਰਾਮ, ਲੰਗਰ, ਪਾਣੀ ਆਦਿ ਲਈ ਵਿਸ਼ੇਸ਼ ਪ੍ਰਬੰਧ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਮੈਂਬਰ ਸਾਹਿਬਾਨ, ਅਕਾਲੀ ਲੀਡਰ ਸਾਹਿਬਾਨ ਇਸ ਦਰਸ਼ਨ ਯਾਤਰਾ ਦੀ ਸਫਲਤਾ ਲਈ ਬਣਦਾ ਯੋਗਦਾਨ ਪਾਉਣਗੇ।

# ਦੈਂਤ ਤੋਂ ਡ੍ਰਾਈਵਰ ਕਿਉਂ ਡਰਿਆ?



ਤਰਲੋਚਨ ਸਿੰਘ 'ਦੁਪਾਲਪੁਰ'
001-408-915-1268

ਜ਼ਿੰਦਗੀ ਦੇ ਰੋਜ਼-ਮਰਾ ਦੇ ਕਾਰ-ਵਿਹਾਰ ਨਿਭਾਉਂਦਿਆਂ ਦਿਲ-ਦਿਮਾਗ ਵਿਚ ਕਈ ਐਸੀਆਂ ਘੁੰਡੀਆਂ ਫਸ ਜਾਂਦੀਆਂ ਹਨ, ਜੋ ਕਿੰਨਾ ਕਿੰਨਾ ਚਿਰ ਅਣਸੁਲਝੇ ਸਵਾਲਾਂ ਦੇ ਰੂਪ ਵਿਚ ਅਟਕੀਆਂ ਹੀ ਪਈਆਂ ਰਹਿੰਦੀਆਂ ਹਨ।

ਕੁਝ ਸਮੇਂ ਬਾਅਦ ਅਚਾਨਕ ਕੋਈ ਘਟਨਾ-ਦੁਰਘਟਨਾ ਵਾਪਰ ਜਾਣ 'ਤੇ ਇਹਨਾਂ ਦੇ ਜਵਾਬ ਖੁਦ-ਬ-ਖੁਦ ਹੀ ਮਿਲ ਜਾਂਦੇ ਹਨ। ਅਜਿਹੀਆਂ ਘੁੰਡੀਆਂ ਨੂੰ ਖੋਲ੍ਹਣ ਲਈ ਬੰਦੇ ਨੂੰ ਕੋਈ ਖਾਸ ਤਰੱਦਦ ਨਹੀਂ ਕਰਨਾ ਪੈਂਦਾ। ਕਈ ਮਹੀਨਿਆਂ ਬਾਅਦ ਮੇਰੇ ਦਿਲ ਵਿਚ ਵੀ ਪਈ ਇਕ ਘੁੰਡੀ ਆਪਣੇ ਆਪ ਹੀ ਖੁੱਲ੍ਹ ਗਈ! ਸੁਣੋ ਮੇਰਾ ਇਹ ਕਿੱਸਾ-

ਇਸੇ ਵਰ੍ਹੇ ਫਰਵਰੀ ਮਹੀਨੇ ਦੀ ਗੱਲ ਹੈ, ਮੈਂ ਅਮਰੀਕਾ ਤੋਂ ਪਿੰਡ ਪਹੁੰਚਿਆ ਹੋਇਆ ਸਾਂ। ਇਕ ਦਿਨ ਕਿਰਾਏ 'ਤੇ ਗੱਡੀ ਲੈ ਕੇ ਟੱਬਰ ਸਮੇਤ ਕਿਤੇ ਜਾ ਰਹੇ ਸਾਂ। ਨਵਾਂ ਸ਼ਹਿਰ ਦੇ ਚੰਡੀਗੜ੍ਹ ਚੌਂਕ ਵਿਚ ਪਹੁੰਚੇ ਤਾਂ ਚੌਂਕ ਵਿਚ ਟ੍ਰੈਫਿਕ ਪੁਲਿਸ ਵਾਲੇ ਜਵਾਨ ਨੇ ਸਾਡੀ ਤਰਫ਼ ਦੀਆਂ ਗੱਡੀਆਂ ਨੂੰ ਰੁਕਣ ਦਾ ਇਸ਼ਾਰਾ ਕਰਕੇ ਫਿਲੌਰ ਵੱਲੋਂ ਆ ਰਹੀ ਟ੍ਰੈਫਿਕ ਨੂੰ ਜਾਣ ਲਈ ਹੱਥ ਦੇ ਦਿੱਤਾ।

ਸਾਡੀ ਕਾਰ ਸਭ ਤੋਂ ਮੋਹਰੇ ਖੜ੍ਹੀ ਸੀ। ਅਚਾਨਕ ਸਾਡੇ ਡ੍ਰਾਈਵਰ ਨੇ ਪਿੱਛੇ ਨੂੰ ਮੂੰਹ ਘੁਮਾਇਆ। ਦੇਖਦੇ ਸਾਰ ਉਹਦੇ ਜਿੱਦਾਂ ਤੌਰ ਭੌਰ ਉੱਡ ਗਏ ਹੋਣ! ਟ੍ਰੈਫਿਕ ਪੁਲਿਸ ਦੇ ਜਵਾਨ ਵੱਲੋਂ ਹਾਲੇ ਸਾਨੂੰ ਤੁਰਨ ਦਾ ਇਸ਼ਾਰਾ ਹੋਇਆ ਨਹੀਂ ਸੀ ਪਰ ਸਾਡੇ ਡ੍ਰਾਈਵਰ ਨੇ ਫਟਾਫਟ ਇਕ ਪਾਸੇ ਨੂੰ ਕਾਰ ਕੱਢ ਕੇ ਖੜ੍ਹੀ ਕਰ ਲਈ।

ਮੈਂ ਹੈਰਾਨ ਜਿਹਾ ਹੁੰਦਿਆਂ ਉਹਨੂੰ ਕਿਹਾ ਕਿ ਤੂੰ ਉਥੇ ਹੀ ਗੱਡੀ ਕਿਉਂ ਨਹੀਂ ਖੜ੍ਹੀ ਰੱਖੀ? ਸਾਡੀ ਕਾਰ ਦੇ ਸਾਰੇ ਸ਼ੀਸ਼ੇ ਬੰਦ ਸਨ। ਮਤਲਬ ਕਾਰ ਅੰਦਰਲੀ ਕੋਈ ਵੀ ਗੱਲ ਬਾਹਰ ਨਹੀਂ ਸੀ ਸੁਣੀ ਜਾ ਸਕਦੀ। ਲੇਕਿਨ ਡ੍ਰਾਈਵਰ ਦੱਬਵੀਂ ਜਿਹੀ 'ਵਾਜ 'ਚ ਬੋਲਿਆ-

"ਪਿੱਛੇ 'ਹਾਕਮਾਂ ਦਾ ਦੈਂਤ' ਆ ਖੜ੍ਹਾ ਹੋਇਐ ਅੰਕਲ ਜੀ, ਇਨ੍ਹਾਂ ਤੋਂ ਬਚਣਾ ਈ ਚੰਗਾ ਹੈ!"

ਉਸਦਾ ਇਹ ਉਤਰ ਸੁਣ ਕੇ ਮੈਂ ਵੀ ਪਿੱਛੇ ਨੂੰ ਮੂੰਹ ਭੰਵਾਂ ਕੇ ਦੇਖਿਆ। ਪਿੱਤੇ ਚਮਾ ਚਮ ਕਰਦੀ 'ਔਰਬਿਟ ਬੱਸ' ਖੜ੍ਹੀ ਸੀ।

ਸਾਡੇ ਪਾਸੇ ਦੀ ਟ੍ਰੈਫਿਕ ਨੂੰ ਰੋਕਣ ਦਾ ਇਸ਼ਾਰਾ ਹੋਇਆ ਹੋਣ ਦੇ ਬਾਵਜੂਦ ਉਹ ਬੱਸ ਹੌਲੀ ਹੌਲੀ ਅੱਗੇ ਨੂੰ ਤੁਰੀ ਆ ਰਹੀ ਸੀ। ਉਸ ਵੇਲੇ ਮੈਨੂੰ ਆਪਣੇ ਡ੍ਰਾਈਵਰ ਦੀ ਗੱਲ ਕੁਝ ਅਟਪਟੀ ਜਿਹੀ ਲੱਗੀ।

ਪਰ ਮੈਂ ਡ੍ਰਾਈਵਰ ਨਾਲ ਇਸ ਵਿਸ਼ੇ 'ਤੇ ਕੋਈ ਹੋਰ ਗੱਲ ਕਰਨੀ ਮੁਨਾਸਬ ਨਾ ਸਮਝੀ ਕਿ ਉਸਨੇ ਔਰਬਿਟ ਕੰਪਨੀ ਦੀ ਬੱਸ ਨੂੰ 'ਦੈਂਤ' ਕਿਉਂ ਕਿਹਾ ਸੀ?

ਕੁਝ ਦਿਨ ਪਹਿਲਾਂ ਮੋਗੇ ਵਿਚ ਹੋਈ ਔਰਬਿਟ ਬੱਸ ਵਾਲਿਆਂ ਦੀ ਸ਼ਰਮਨਾਕ ਕਰਤੂਤ ਦੀਆਂ ਖ਼ਬਰਾਂ ਪੜ੍ਹ ਕੇ ਮੈਨੂੰ ਗਿਆਨ ਹੋ ਗਿਆ ਕਿ ਉਦੋਂ ਸਾਡੀ ਗੱਡੀ ਦਾ ਡ੍ਰਾਈਵਰ 'ਦੈਂਤ' ਕੋਲੋਂ ਕਿਉਂ ਡਰਿਆ ਸੀ!

# ਭਗਵਾਨ ਬੁੱਧ ਦੇ 2559 ਵੇਂ ਜਨਮ ਜਨਮ ਦਿਵਸ ਦੇ ਸਬੰਧ ਵਿਚ ਚੇਤਨਾ ਮਾਰਚ ਕੱਢਿਆ



**ਫਗਵਾੜਾ (ਰੱਤੂ) –** ਪੂਰੀ ਦੁਨਿਆ ਨੂੰ ਸ਼ਾਂਤੀ ਦਾ ਸੁਨੇਹਾ ਦੇਣ ਵਾਲੇ ਭਗਵਾਨ ਬੁੱਧ ਦੇ 2559 ਵੇਂ ਜਨਮ ਜਨਮ ਦਿਵਸ (ਬੁੱਧ ਪੁੰਨਿਆ) ਦੇ ਸਬੰਧ ਵਿਚ ਸਥਾਨਕ ਸੰਘ ਮਿੱਤਾ ਬੁੱਧ ਵਿਹਾਰ ਸਤਨਾਮਪੁਰਾ ਫਗਵਾੜਾ ਤੋਂ ਤ੍ਰਿਸ਼ਰਨ ਪੰਚ ਸ਼ੀਲ ਦੇ ਉਚਾਰਣ ਤੋਂ ਬਾਅਦ ਭੰਤੇ ਕਮਲ ਸ਼ੀਲ ਜੀ ਦੀ ਅਗਵਾਈ ਹੇਠ ਵਿਸ਼ਾਲ ਚੇਤਨਾ ਮਾਰਚ ਦਾ ਆਯੋਜਨ ਕੀਤਾ ਗਿਆ। ਇਸ ਚੇਤਨਾ ਮਾਰਚ ਦੌਰਾਨ 'ਬੁੱਧਮ ਸ਼ਰਣਮ ਗੱਛਾਮੀ' ਦੀ ਧੁੰਨ ਵਜਾਈ ਜਾ ਰਹੀ ਸੀ। ਇਹ ਚੇਤਨਾ ਮਾਰਚ ਸ਼ਹਿਰ ਦੇ ਮੁੱਖ ਬਾਜਾਰਾਂ ਤੋਂ ਹੁੰਦਾ ਹੋਇਆ ਡਾ. ਅੰਬੇਡਕਰ ਪਾਰਕ ਹਰਗੋਬਿੰਦ ਨਗਰ ਵਿਖੇ ਸਮਾਪਤ ਹੋਈ। ਜਿੱਥੇ ਸ਼ਹਿਰ ਵਾਸੀਆਂ ਲਈ ਖੀਰ ਦਾ ਲੰਗਰ ਲਗਾਇਆ ਗਿਆ।

ਇਸ ਮੌਕੇ ਅੰਬੇਡਕਰ ਸੈਨਾ ਮੂਲ ਨਿਵਾਸੀ ਪੰਜਾਬ ਦੇ ਪ੍ਰਧਾਨ ਹਰਭਜਨ ਸੁਮਨ, ਕੌਂਸਲਰ ਪੂਰਨਿਮਾ ਸੁਮਨ, ਤੇਜਪਾਲ ਬਸਰਾ ਸਾਬਕਾ ਕੌਂਸਲਰ, ਹਰਬੰਸ ਲਾਲ ਵਿਰਦੀ ਯੂ.ਕੇ., ਡਾ. ਸੰਤੋਖ ਸਿੰਘ ਵਿਰਦੀ, ਬਸਪਾ ਆਗੂ ਜਰਨੈਲ ਨੰਗਲ, ਡਾ. ਜਗਦੀਸ਼, ਪਰਮਿੰਦਰ ਬੋਧ, ਜਸਵਿੰਦਰ ਬੌਧ, ਬਲਵਿੰਦਰ ਬੋਧ, ਰਾਜਿੰਦਰ ਚੱਕ ਹਕੀਮ ਤੋਂ ਇਲਾਵਾ ਵੱਡੀ ਗਿਣਤੀ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਭਗਵਾਨ ਬੁੱਧ ਦੀ ਸ਼ਰਧਾਲੂ ਸੰਗਤ ਵੀ ਹਾਜਰ ਸੀ।

# ਪੰਜਾਬੀ ਬੋਲੀ ਬਾਰੇ ਉਠਿਆ ਸੁਆਲ

## ਪਰਵਾਸੀ ਪੰਜਾਬੀ ਬੱਚੇ ਪੰਜਾਬੀ ਬੋਲਣ ਵਿੱਚ ਸ਼ਰਮਿੰਦਗੀ ਕਿਉਂ ਮਹਿਸੂਸ ਕਰਦੇ ਹਨ

**ਫਰਿਜਨੋ (ਅਵਤਾਰ ਗੋਂਦਾਰਾ)–** ਪਰਵਾਸੀ ਬੱਚੇ, ਆਪਸ ਵਿੱਚ ਗੱਲ ਕਰਦਿਆਂ, ਪੰਜਾਬੀ ਬੋਲਣ ਵਿੱਚ ਸ਼ਰਮਿੰਦਗੀ ਮਹਿਸੂਸ ਕਰਦੇ ਹਨ, ਜਦੋਂ ਕਿ ਹੋਰਨਾਂ ਕੌਮੀਅਤਾਂ ਦੇ ਬੱਚੇ ਜਦੋਂ ਆਪਸ ਵਿੱਚ ਗੱਲ ਕਰਦੇ ਹਨ ਤਾਂ ਉਹ ਆਪਣੀ ਮਾਤਭਾਸ਼ਾ ਵਰਤਦੇ ਹਨ। ਗਲੋਬਲ ਪੰਜਾਬੀ ਵਲੋਂ, ਪੰਜਾਬੀ ਜੁਬਾਨ ਦੀ ਬੇਹਤਰੀ ਵਾਸਤੇ ਹੋਏ ਪ੍ਰੋਗ੍ਰਾਮ ਵਿੱਚ, ਪਲੱਸ ਟੂ ਦੇ ਵਿਦਿਆਰਥੀ ਸੁਰਜੀਤ ਸਿੰਘ ਨੇ ਇਹ ਮੁੱਦਾ ਉਠਾਇਆ। ਮੀਡੀਆ ਸਖਸ਼ੀਅਤ ਕੰਵਰ ਸੰਧੂ ਦੁਆਰਾ ਸੰਚਾਲਿਤ ਟੀ ਵੀ ਸ਼ੋਅ ਵਿੱਚ ਵਾਦੀ ਦੀਆਂ ਵੱਖ ਵੱਖ ਜਥੇਬੰਦੀਆਂ ਦੇ ਆਹੁਦੇਦਾਰ ਤੇ ਉੱਦਮੀਆਂ ਤੇ ਸਿੱਖਿਆ ਵਿਗਿਅਨੀਆਂ ਨੇ ਇਸ ਸ਼ੋਅ ਵਿੱਚ ਭਾਗ ਲਿਆ।ਉਸ ਦਾ ਸੁਆਲ ਸੀ ਕਿ ਸ਼ਰਮਿੰਦਗੀ ਦੇ ਅਹਿਸਾਸ ਦਾ ਕੀ ਕਾਰਣ ਹੈ, ਅਣਗੋਲਿਆ ਹੀ ਰਹਿ ਗਿਆ? ਰੇਡੀਓ ਹੋਸਟ ਗੁੱਡੀ ਸਿੱਧੂ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਚਲੀਆਂ ਕਿਰਪਾਨਾਂ ਤੇ 'ਸਤਿਕਾਰ ਕਮੇਟੀਆਂ' ਦੇ ਕਾਰਕੁੰਨਾਂ ਦੁਆਰਾ ਪਾਠੀਆਂ ਦੀ ਕੁੱਟਮਾਰ ਦੀਆਂ ਯੂ ਟਿਊਬ ਤੇ ਪਈਆਂ, ਝਲਕੀਆਂ ਦਾ ਹਵਾਲਾ ਦਿੰਦਿਆਂ, ਸਮੱਸਿਆ ਦੇ ਹੋਰ ਪੱਖ ਵੱਲ ਇਸ਼ਾਰਾ ਕੀਤਾ ਕਿ ਸਾਨੂੰ ਪਰਵਾਸੀਆਂ ਲੜਕੀਆਂ ਇਸ ਬਾਰੇ ਸੁਆਲ ਕਰਦੀਆਂ ਹਨ।ਇੰਨਾਂ ਘਟਨਾਵਾਂ ਕਰਕੇ ਉਨਾਂ ਵਿੱਚ ਸਰਦਾਰ ਲੜਕਿਆ ਪ੍ਰਤੀ ਦਵੈਖ ਦੀ ਭਾਵਨਾ ਆਈ ਹੈ, ਜਿਸ ਨਾਲ ਉਹ ਪੰਜਾਬੀ ਜੁਬਾਨ ਤੇ ਸਭਿਆਚਾਰ ਤੋਂ ਵੀ ਬੇਮੁੱਖ ਹੋਈਆਂ ਹਨ।ਇਹ ਘਟਨਾਵਾਂ, ਪੰਜਾਬੀਆਂ ਦੀ ਹਲੀਮੀ ਤੇ ਪ੍ਰਾਹੁਣਾਚਾਰੀ ਦੀ ਬਜਾਏ ਉਨਾਂ ਦੇ ਉਜੱਡਪੁਣੇ ਨੂੰ ਉਭਾਰਦੀਆਂ ਹਨ। ਇੰਡੀਆਨਾ ਦੀ ਹਰਜਿੰਦਰ ਕੌਰ ਤੇ ਰਣਜੀਤ ਗਿੱਲ ਨੇ ਪੰਜਾਬ ਵਿੱਚ, ਪੰਜਾਬੀ ਨੂੰ ਜਾਣ ਬੁਝ ਕੇ ਖੋਰਾ ਲਾਏ ਜਾਣ ਦੀ ਸਾਜਿਸ਼ ਵਲ ਇਸ਼ਾਰਾ ਕੀਤਾ।ਦਿਹਾਤਾਂ ਵਿੱਚ ਖੁੱਲੇ, ਪਬਲਿਕ ਸਕੂਲਾਂ ਵਿੱਚ, ਪਹਿਲੀ ਜੁਬਾਨ ਅੰਗਰੇਜੀ ਤੇ ਦੂਜੀ ਜੁਬਾਨ ਹਿੰਦੀ ਰੱਖਣ ਤੇ ਇਤਰਾਜ ਕਰਦਿਆਂ, ਉਨਾਂ ਕਿਹਾ ਕਿ ਮੀਡੀਆ ਰਾਹੀਂ ਪੰਜਾਬ ਸਰਕਾਰ ਤੇ ਦਬਾ ਪਾਉਣਾ ਚਾਹੀਦਾ ਹੈ ਕਿ ਪੰਜਾਬ ਵਿੱਚ ਖੁਲ੍ਹਦੇ ਹਰ ਸਕੂਲ ਵਿੱਚ ਪੰਜਾਬੀ ਲਾਜਮੀ ਵਿਸ਼ੇ ਵਜੋਂ ਪੜਾਈ ਜਾਵੇ। ਇੰਡੋ ਅਮੈਰੀਕਨ ਹੈਰੀਟੇਜ ਦੇ ਬੁਲਾਰਿਆਂ ਅਣਖੀ ਜੀ ਤੇ ਹਰਜਿੰਦਰ ਢੇਸੀ ਨੇ, ਪੰਜਾਬ ਦੀਆਂ ਸਰਕਾਰਾਂ ਦੁਆਰਾ ਪੰਜਾਬੀ ਜੁਬਾਨ ਦਾ ਭੱਠਾ ਬਿਠਾਉਣ ਦੀ ਗੱਲ ਕੀਤੀ। ਪੰਜਾਬੀਆਂ ਦੇ ਸਾਹਿਤ ਪੜਨ ਵੱਲ ਪਿਠ ਕਰਨ ਦੀ ਗਲ ਕਰਦਿਆਂ, ਉਨਾਂ ਕਿਹਾ ਲਾਇਬ੍ਰੇਰੀਆਂ ਵਿੱਚ ਲੱਖਾਂ ਦੀ ਕਿਤਾਬਾਂ ਪਈਆਂ ਹਨ ਪਰ ਉਨਾਂ ਨੂੰ ਕਢਵਉਂਦਾ ਕੋਈ ਨਹੀਂ। ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਦੇ ਸਾਧੂ ਸਿੰਘ ਸੰਘਾ, ਪਿਸ਼ੌਰਾ ਸਿੰਘ ਢਿਲੋਂ, 'ਦਾਖਾਂ ਦੇ ਬਾਦਸ਼ਾਹ' ਬਾਠ, ਸ਼ਾਇਰ ਹਰਜਿੰਦਰ ਕੰਗ ਨੇ ਪਰਵਾਸ ਵਿੱਚ ਪੰਜਾਬੀ ਜੁਬਾਨ ਦੀ ਬਿਹਤਰੀ ਲਈ ਕੀਤੀਆਂ ਜਾ ਕੋਸ਼ਿਸ਼ਾ ਬਾਰੇ ਵਿਚਾਰ ਸਾਂਝੇ ਕੀਤੇ।



ਭਾਗ ਲੈ ਰਹੇ ਚਿੰਤਕ ਡਾ ਗੁਰੂਮੇਲ ਸਿੱਧੂ, ਕਾਹਾਣੀਕਾਰ ਕਰਮ ਸਿੰਘ ਮਾਨ ਅਤੇ ਸ਼ਾਇਰ ਹਰਜਿੰਦਰ ਸਿੰਘ ਕੰਗ

ਪ੍ਰਸਿੱਧ ਚਿੰਤਕ ਤੇ ਵਿਗਿਆਨੀ ਡਾ ਗੁਰੂਮੇਲ ਸਿੱਧੂ ਨੇ ਕਿਹਾ ਕਿ ਮੀਡੀਆ ਨੂੰ ਜਿਆਦਾ ਜੋਰ ਪੰਜਾਬ ਵਿੱਚ ਪੰਜਾਬੀ ਹੋ ਰਹੀ ਦੁਰਗਤੀ ਤੇ ਕੇਂਦਰਿਤ ਕਰਨਾ ਚਾਹੀਦਾ ਹੈ। ਪਰਵਾਸੀਆਂ ਦਾ ਪੰਜਾਬੀ ਜੁਬਾਨ ਨਾਲ ਸਬੰਧ ਰੁਜਗਾਰ ਕਰਕੇ ਨਹੀਂ ਬਲਕਿ ਧਰਮ ਅਤੇ ਸਭਿਆਚਾਰ ਕਰਕੇ ਹੈ।

ਡਾ. ਮਹਿੰਦਰ ਸਿੰਘ ਪੂਨੀਆਂ ਨੇ ਕਿਹਾ ਕਿ ਜਿਵੇਂ ਉਹ ਫਰਿਜਨੋ ਦੀ ਕੈਲੇਫੋਰਨੀਆਂ ਯੂਨੀਵਰਸਿਟੀ ਵਿੱਚ, ਪੰਜਾਬੀ ਚੇਅਰ ਸਥਾਪਿਤ ਕਰਨ ਲਈ ਉਪਰਾਲੇ ਕਰ ਰਹੇ ਹਨ, ਪੰਜਾਬੀ ਭਾਈਚਾਰੇ ਨੂੰ ਹੋਰਨਾਂ ਥਾਵਾਂ ਤੇ ਇਸ ਲਈ ਅੱਗੇ ਆਉਣਾ ਚਾਹੀਦਾ ਹੈ।

# ਅਮਰੀਕਾ ਦੀ ਸੰਸਦ 'ਚ ਸਿੱਖਾਂ ਦੀ ਪੱਗ 'ਤੇ ਚਰਚਾ

**ਵਾਸ਼ਿੰਗਟਨ—** ਅਮਰੀਕਾ ਵਿਚ ਸਿੱਖਾਂ ਨੇ ਚਾਹੇ ਕਈ ਉਪਲੱਬਧੀਆਂ ਹਾਸਲ ਕੀਤੀਆਂ ਹਨ ਪਰ ਫਿਰ ਵੀ ਉਨ੍ਹਾਂ ਨਾਲ ਉੱਥੇ ਲਗਾਤਾਰ ਹੋ ਰਹੀਆਂ ਨਸਲੀ ਵਿਤਕਰੇ ਦੀਆਂ ਘਟਨਾਵਾਂ ਤੋਂ ਪਤਾ ਲੱਗਦਾ ਹੈ ਕਿ ਸਿੱਖਾਂ ਨੂੰ ਲੈ ਕੇ ਅਮਰੀਕੀ ਅਜੇ ਵੀ ਦੁਚਿੱਤੀ ਅਤੇ ਦੁਵਿਧਾ ਵਿਚ ਹਨ ਅਤੇ ਇਸ ਨੂੰ ਦੂਰ ਕਰਨ ਲਈ ਸਿੱਖਾਂ ਨੂੰ ਕੁਝ ਕਰਨਾ ਪਵੇਗਾ। ਅਮਰੀਕੀ ਲੋਕ ਇਸ ਗੱਲ ਨੂੰ ਸਮਝ ਨਹੀਂ ਪਾ ਰਹੇ ਹਨ ਕਿ ਸਿੱਖ ਪੱਗ ਕਿਉਂ ਬੰਨ੍ਹਦੇ ਹਨ। ਉਹ ਨਹੀਂ ਜਾਣਦੇ ਕਿ ਸਿੱਖਾਂ ਦੀ ਫੌਰੀ ਪਛਾਣ ਹੀ ਪੱਗ ਤੋਂ ਹੁੰਦੀ ਹੈ। ਇਸ ਲਈ ਪੱਗ ਸੰਬੰਧੀ ਵਿਚਾਰਾਂ ਨਾਲ ਉਹ ਖੁਦ ਨੂੰ ਜੋੜ ਨਹੀਂ ਪਾਉਂਦੇ। ਇਹ ਗੱਲਾਂ ਅਮਰੀਕੀ ਸੰਸਦ ਮੈਂਬਰਾਂ ਨੂੰ ਸੌਂਪੀ ਗਈ ਇਕ ਰਿਪੋਰਟ ਵਿਚ ਦਰਜ ਕੀਤੀਆਂ ਗਈਆਂ ਹਨ।

ਅਮਰੀਕੀ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਹਿਲੇਰੀ ਕਲਿੰਟਨ ਅਤੇ ਸਾਬਕਾ ਰਣਨੀਤਿਕਾਰ ਜੌਨ ਗੈਰਿਨ ਨੇ ਇਸ ਰਿਪੋਰਟ ਦੀਆਂ ਖਾਸ ਗੱਲਾਂ ਨੂੰ ਜ਼ਾਹਰ ਕਰਦੇ ਹੋਏ ਕਿਹਾ ਕਿ ਇਹ ਰਿਪੋਰਟ ਅਮਰੀਕੀ ਲੋਕਾਂ 'ਤੇ ਕਾਫੀ ਪ੍ਰਭਾਵ ਪਾਏਗੀ। ਰਿਪੋਰਟ ਵਿਚ ਕਿਹਾ ਗਿਆ ਕਿ ਪੱਗ ਸੰਬੰਧੀ ਘੱਟ ਜਾਣਕਾਰੀ ਹੀ ਅਮਰੀਕੀਆਂ ਅਤੇ ਸਿੱਖਾਂ ਵਿਚ ਟਕਰਾਅ ਅਤੇ ਇਸ ਦੇ ਬੁਰੇ ਨਤੀਜਿਆਂ ਦਾ ਕਾਰਨ ਬਣਦੀ ਹੈ। ਅਮਰੀਕਾ ਦੀ ਉੱਘੀ ਸਰਵੇਖਣ ਕੰਪਨੀ ਹਰਟ ਰਿਸਰਚ ਐਸੋਸੀਏਟਸ ਦੇ ਮੁਖੀ ਨੇ ਦੱਸਿਆ ਕਿ 6 ਮਹੀਨਿਆਂ ਦੇ ਸਰਵੇਖਣ ਤੋਂ ਬਾਅਦ ਇਸ ਨਤੀਜੇ 'ਤੇ ਪਹੁੰਚਿਆ ਗਿਆ ਹੈ।

ਰਿਪੋਰਟ ਮੁਤਾਬਕ 10 ਤੋਂ 6 ਅਮਰੀਕੀ ਮੰਨਦੇ ਹਨ ਕਿ ਉਹ ਸਿੱਖਾਂ ਅਤੇ ਸਿੱਖ ਬਾਰੇ ਕੁਝ ਨਹੀਂ ਜਾਣਦੇ। ਹਾਲਾਂਕਿ ਉਹ ਪੜ੍ਹੇ-ਲਿਖੇ ਅਮਰੀਕੀ ਸਿੱਖਾਂ ਅਤੇ ਨੌਜਵਾਨਾਂ ਨਾਲ ਰਾਬਤਾ ਰੱਖਦੇ ਹੋਏ ਥੋੜ੍ਹੀ-ਬਹੁਤ ਜਾਣਕਾਰੀ ਰੱਖਦੇ ਹਨ ਪਰ ਪੱਗ ਦੀ ਮਹੱਤਤਾ ਅਤੇ ਉਸ ਦੇ ਪਿਛੋਕੜ ਬਾਰੇ ਉਨ੍ਹਾਂ ਨੂੰ ਖਾਸ ਜਾਣਕਾਰੀ ਨਹੀਂ ਹੈ ਅਤੇ ਜਦੋਂ ਤੱਕ ਇਹ ਜਾਣਕਾਰੀ ਨਹੀਂ ਹੋਵੇਗੀ, ਉਦੋਂ ਤੱਕ ਟਕਰਾਅ ਦੀ ਸਥਿਤੀ ਬਣਦੀ ਰਹੇਗੀ।

# ਕੇਂਦਰ ਦੇ 84 ਸਕੱਤਰਾਂ ਵਿਚ ਇਕ ਵੀ ਦਲਿਤ ਨਹੀਂ

**ਨਵੀਂ ਦਿੱਲੀ–** ਕੇਂਦਰ ਸਰਕਾਰ ਦੇ 84 ਸਕੱਤਰਾਂ ਵਿਚੋਂ ਇਕ ਵੀ ਅਨੁਸੂਚਿਤ ਜਾਤੀ ਤੋਂ ਨਹੀਂ ਹੈ। ਇਸ ਤੇ ਨਰਾਜ਼ਗੀ ਪ੍ਰਗਟ ਕਰਦੇ ਹੋਏ ਸੰਸਦ ਦੀ ਇਕ ਕਮੇਟੀ ਨੇ ਕਿਹਾ ਕਿ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਅਫਸਰਾਂ ਨੂੰ ਲੈ ਕੇ ਪ੍ਰਸ਼ਾਸਨਿਕ ਵਿਵਸਥਾ ਵਿਚ ਕਿਸ ਕਿਸਮ ਦਾ ਭੇਦਭਾਵ ਅਤੇ ਉਦਾਸੀਨਤਾ ਕਾਇਮ ਹੈ, ਇਸ ਤੋਂ ਪ੍ਰਗਟ ਹੁੰਦਾ ਹੈ।

ਕਮੇਟੀ ਨੇ ਨਾਲ ਹੀ ਤਰੱਕੀਆਂ ਵਿਚ ਰਿਜ਼ਰਵੇਸ਼ਨ ਦੇ ਮੁੱਦੇ ਤੇ ਵੀ ਵਿਚਾਰ ਕਰਨ ਦੀ ਸਿਫਾਰਸ਼ ਕੀਤੀ ਹੈ। ਅਨੁਸੂਚਿਤ ਜਾਤੀਆਂ ਅਤੇ ਜਨ-ਜਾਤੀਆਂ ਦੇ ਕਲਿਆਣ ਸਬੰਧੀ ਸੰਸਦ ਦੀ ਸਥਾਈ ਕਮੇਟੀ ਨੇ ਵੀਰਵਾਰ ਨੂੰ ਸੰਸਦ ਵਿਚ ਪੇਸ਼ ਆਪਣੀ ਤੀਜੀ ਰਿਪੋਰਟ ਵਿਚ ਕਿਹਾ, ਇਸ ਫਿਰਕੇ ਦੇ ਅਫਸਰਾਂ ਦੇ ਪ੍ਰਤੀ ਇਸ ਕਿਸਮ ਦਾ ਉਦਾਸੀਨ ਰਵੱਈਆ ਬਹੁਤ ਹੀ ਅਫਸੋਸਨਾਕ ਹੈ। ਇਹਨਾਂ ਜਾਤੀਆਂ ਦੇ ਅਫਸਰਾਂ ਦੇ ਪ੍ਰਤੀ ਹਾਲੇ ਵੀ ਜਾਤੀ ਪੱਖਪਾਤ ਹੈ। ਫਗਨ ਸਿੰਘ ਕੁਲ-ਸਤੇ ਦੀ ਪ੍ਰਧਾਨਗੀ ਵਾਲੀ ਕਮੇਟੀ ਨੇ ਆਪਣੀ ਰਿਪੋਰਟ ਵਿਚ ਕਿਹਾ, ਵੱਡੀ ਗਿਣਤੀ ਵਿਚ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਦੇ ਲੋਕ ਇਹ ਸ਼ਿਕਾਇਤ ਕਰਦੇ ਰਹੇ ਹਨ ਕਿ ਉਹਨਾਂ ਦੀ ਗੁਪਤ ਰਿਪੋਰਟਾਂ ਨੂੰ ਸਹੀ ਤਰੀਕੇ ਨਾਲ ਰਿਕਾਰਡ ਨਹੀਂ ਕੀਤਾ ਜਾਂਦਾ। ਇਸ ਕਾਰਨ ਕੇਂਦਰ ਦੇ 84 ਸਕੱਤਰਾਂ ਵਿਚੋਂ ਇਕ ਵੀ ਦਲਿਤ ਨਹੀਂ ਹੈ। ਕਮੇਟੀ ਨੇ ਇਸ ਵਿਚ ਸੁਧਾਰ ਦੇ ਲਈ ਲੋਕ ਸ਼ਿਕਾਇਤ ਅਤੇ ਪੈਨਸ਼ਨ ਮੰਤਰਾਲੇ ਨੂੰ ਨਿਰਦੇਸ਼ ਦਿੱਤੇ ਹਨ।

# ਯੋਗਾ ਸਫਲ ਤੇ ਸਿਹਤਮੰਦ ਮਨੁੱਖੀ ਜਿੰਦਗੀ ਲਈ ਬਹੁਤ ਮਹੱਤਵਪੂਰਣ-ਸਿਰੀ ਸਿਰੀ ਰਵੀ ਸ਼ੰਕਰ

**ਨਿਊਯਾਰਕ (ਗੋਗਨਾ)–** ਯੋਗਾ ਸਫਲ ਤੇ ਸਿਹਤਵੰਦ ਮਨੁਖੀ ਜਿੰਦਗੀ ਲਈ ਬਹੁਤ ਮਹੱਤਵਪੂਰਣ ਹੀ ਨਹੀਂ ਸਗੋਂ ਇਹ ਲਚਕਦਾਰ ਦਿਮਾਗ, ਉਸਾਰੂ ਸੋਚ ਤੇ ਸਰੀਰ ਦੀ ਲਚਕਤਾ ਲਈ ਵੀ ਜਰੂਰੀ ਹੈ। ਇਹ ਗਲ ਯੋਗ ਗੁਰੂ ਸਿਰੀ ਸਰੀ ਰਵੀ ਸ਼ੰਕਰ ਨੇ ਵਸ਼ਿੰਗਟਨ ਸਥਿਤ ਭਾਰਤੀ ਸਫਤਾਰਤਖਾਨੇ ਵਲੋਂ ਯੋਗਾ ਸਬੰਧੀ ਕਰਵਾਏ ਗਏ ਇਕ ਸਮਾਗਮ ਵਿਚ ਇਕੱਤਰ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਕਹੇ। ਯੋਗ ਗੁਰੂ ਨੇ ਕਿਹਾ ਕਿ ਯੋਗਾ ਵਰਤਮਾਨ ਸੰਸਾਰ ਦੇ ਲੋਕਾਂ ਲਈ ਬਹੁਤ ਮਹੱਤਵਪੂਰਣ ਹੈ। ਯੋਗਾ ਮਨੁਖ



ਸ੍ਰੀ ਸ੍ਰੀ ਰਵੀ ਸ਼ੰਕਰ



ਸ. ਤਰਨਜੀਤ ਸਿੰਘ ਸੰਧੂ

ਵਿਚ ਕੰਮ ਕਰਨ ਦੀ ਨਿਪੁੰਨਤਾ ਤੇ ਲੋਕਾਂ ਨਾਲ ਤਾਲਮੇਲ ਬਣਾਈ ਰਖਣ ਲਈ ਮਹੱਤਵਪੂਰਣ ਰੋਲ ਅਦਾ ਕਰਦਾ ਹੈ ।ਇਸ ਮੌਕੇ ਤੇ ਉਹਨਾਂ ਨੇ ਸਮਾਗਮ ਵਿਚ ਇਕੱਤਰ ਹੋਏ ਲੋਕਾਂ ਵਲੋਂ ਪੁਛੇ ਗਏ ਸਵਾਲਾਂ ਦੇ ਜਵਾਬ ਵੀ ਦਿਤੇ। ਇਕੱਤਰ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਅਮਰੀਕਾ ਵਿਚ ਭਾਰਤ ਸਰਕਾਰ ਦੇ ਐਕਟਿੰਗ ਰਾਜਦੂਤ ਸ: ਤਰਨਜੀਤ ਸਿੰਘ ਸੰਧੂ ਨੇ ਭਾਰਤ ਦੇ ਪਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਵਲੋਂ ਯੂਨਾਈਟਡ ਨੇਸ਼ਨਜ ਵਿਚ ਦਿਤੇ ਗਏ ਭਾਸ਼ਣ ਦਾ ਹਵਾਲਾ ਦਿੰਦਿਆਂ ਕਿਹਾ ਕਿ ਯੋਗਾ ਭਾਰਤੀ ਸਭਿਆਚਾਰ ਤੇ ਸੰਸਕ੍ਰਿਤੀ ਲਈ ਇਕ ਬਹੁਮੁਲੀ ਸੌਗਾਤ ਹੈ। ਉਹਨਾਂ ਕਿਹਾ ਕਿ ਯੋਗਾ ਦਿਮਾਗ, ਸਰੀਰ, ਵਿਚਾਰਾਂ ਤੇ ਗਤੀਵਿਧੀਆਂ ਨੂੰ ਮੁਕੰਮਲ ਤੌਰ ਤੇ ਸਫਲ ਕਰਨ ਦਾ ਇਕ ਸਾਧਾਨ ਹੈ।ਸ: ਸੰਧੂ ਨੇ ਇੰਕਸ਼ਾਂਫ ਕੀਤਾ ਕਿ ਭਾਰਤ ਸਰਕਾਰ ਵਲੋਂ 11 ਦਸੰਬਰ 2014 ਯੂ.ਐਨ.ਉ. ਦੀ ਜਨਰਲ ਅਸੰਬਲੀ ਵਿਚ ਇਕ ਪਰਸਤਾਵ ਵੀ ਪੇਸ਼ ਕੀਤਾ ਗਿਆ ਸੀ ਜਿਸਨੂੰ ਦੁਨੀਆਂ ਦੇ 177 ਦੇਸ਼ਾਂ ਵਲੋਂ ਭਰਪੂਰ ਸਮਰਥਨ ਮਿਲਿਆ ਸੀ।ਉਹਨਾਂ ਦਸਿਆ ਕਿ ਭਾਰਤ ਸਰਕਾਰ ਵਲੋਂ ਅਮਰੀਕਾ ਸਮੇਤ ਦੁਨੀਆਂ ਦੇ ਹਰ ਇਕ ਦੇਸ਼ ਵਿਚ ਅੰਤਰਰਾਸ਼ਟਰੀ ਯੋਗਾ ਦਿਵਸ ਜੋਰ ਸ਼ੋਰ ਨਾਲ ਮਨਾਇਆ ਜਾ ਰਿਹਾ ਹੈ। ਇਸ ਮਹਤਵਪੂਰਣ ਯੋਗਾ ਦਿਵਸ ਦੀ ਸ਼ੁਰੂਆਤ 21 ਜੂਨ 2015 ਨੂੰ ਹੋ ਰਹੀ ਹੈ ਜਿਸ ਉਪਰੰਤ ਯੂਨੀਵਰਸਟੀ ਆਫ ਮੈਰੀਲੈਂਡ, ਚਿਨਮਾਇਆ ਮਿਸ਼ਨ ਤੇ ਦੂਸਰੀਆਂ ਥਾਵਾਂ ਤੇ ਇਹ ਦਿਨ ਮਨਾਇਆ ਜਾਏਗਾ। ਸੰਧੂ ਨੇ ਦਸਿਆ ਕਿ ਇਹਨਾਂ ਪਰੋਗਰਾਮਾਂ ਦੀ ਸ਼ਾਂਨਦਾਰ ਸਫਲਤਾ ਲਈ ਦੂਸਰੀਆਂ ਯੋਗਾ ਸੰਸਥਾਵਾਂ ਦਾ ਸਹਿਯੋਗ ਪਰਾਪਤ ਕੀਤਾ ਜਾ ਰਿਹਾ ਹੈ।

# ਅੰਬੇਦਕਰ ਦੇ ਕਾਰਨ ਹੀ ਮੋਦੀ ਪ੍ਰਧਾਨ ਮੰਤਰੀ ਬਣੇ

**ਨਵੀਂ ਦਿੱਲੀ–** ਬਾਬਾ ਸਾਹਿਬ ਭੀਮਰਾਓ ਰਾਮਜੀ ਅੰਬੇਦਕਰ ਅਤੇ ਦਲਿਤ ਰਾਜਨੀਤੀ ਨੂੰ ਲੈ ਕੇ ਛਿੜੀ ਹੋੜ ਵਿਚਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਉਹਨਾਂ ਦੀ ਵਿਰਾਸਤ ਤੇ ਦਾਅਵਾ ਕੀਤਾ ਹੈ। ਅਰਸੇ ਤੋਂ ਅਟਕੇ ਅੰਬੇਦਕਰ ਅੰਤਰ ਰਾਸ਼ਟਰੀ ਕੇਂਦਰ ਨੂੰ 20 ਮਹੀਨੇ ਦੇ ਅੰਦਰ ਪੂਰਾ ਕਰਨ ਦਾ ਭਰੋਸਾ ਦਿੱਤਾ।

ਦਲਿਤ ਨਹੀਂ ਮਨੁੱਖਤਾ ਦਾ ਲੀਡਰ ਦੱਸਿਆ:

ਮੋਦੀ ਨੇ ਕਿਹਾ, ਜੇਕਰ ਅੰਬੇਦਕਰ ਨਾ ਹੁੰਦੇ ਤਾਂ ਨਰਿੰਦਰ ਮੋਦੀ ਕਿੱਥੇ ਹੁੰਦਾ, ਮੈਂ ਅੱਜ ਇੱਥੇ ਨਾ ਹੁੰਦਾ। ਉਹਨਾਂ ਅੱਗੇ ਕਿਹਾ ਕਿ ਅੰਬੇਦਕਰ ਜਿਹਨਾਂ ਕਦਰਾਂ ਕੀਮਤਾਂ ਦੇ ਲਈ ਲੜੇ ਅਤੇ ਜੀਏ ਅੱਜ ਵੀ ਸਰਕਾਰਾਂ ਦੇ ਲਈ ਉਹੀ ਮਹੱਤਵਪੂਰਨ ਹਨ। ਇਹ ਦੁਖਦਾਇਕ ਹੈ ਕਿ ਉਹਨਾਂ ਨੂੰ ਦਲਿਤ ਨੇਤਾ ਕਿਹਾ ਜਾਂਦਾ ਹੈ, ਸਚਾਈ ਇਹ ਹੈ ਕਿ ਉਹ ਮਨੁੱਖਤਾ ਦੇ ਲੀਡਰ ਸਨ। ਉਹਨਾਂ ਨੇ ਭਾਰਤ ਦੇ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਨੂੰ ਅਣਦੇਖੀ ਦਾ ਸ਼ਿਕਾਰ ਦੱਸਿਆ।

ਇਹ ਇਕ ਸੰਯੋਗ ਹੀ ਸੀ ਕਿ ਸੋਮਵਾਰ ਨੂੰ ਮੋਦੀ ਕੇਂਦਰੀ ਦਿੱਲੀ ਵਿਚ ਅੰਬੇਦਕਰ ਅੰਤਰ ਰਾਸ਼ਟਰੀ ਕੇਂਦਰ ਦਾ ਨੀਂਹ ਪੱਥਰ ਰੱਖਣ ਆਏ ਮੰਚ ਤੇ ਨੀਲੇ ਰੰਗ ਦੀ ਪਿੱਠਭੂਮੀ ਦੇ ਸਾਹਮਣੇ ਮੋਦੀ ਨੇ ਨੀਲੀ ਜੈਕਟ ਪਾਈ ਹੋਈ ਸੀ। ਅੰਬੇਦਕਰ ਤੇ ਆਪਣਾ ਕਬਜ਼ਾ ਦਰਸਾਉਂਦੀ ਰਹੀ ਬਸਪਾ ਦਾ ਰੰਗ ਵੀ ਨੀਲਾ ਹੀ ਹੈ। ਲੱਗਭੱਗ 20 ਮਿੰਟ ਦੇ ਭਾਸ਼ਣ ਵਿਚ ਮੋਦੀ ਨੇ ਇਹ ਵੀ ਯਕੀਨੀ ਕੀਤਾ ਕਿ ਅੰਬੇਦਕਰ ਨੂੰ ਉਹਨਾਂ ਦੀ ਸਰਕਾਰ ਦੀ ਸੋਚ ਦੇ ਨਾਲ ਖੜ੍ਹਾ ਕਰ ਦਿੱਤਾ ਜਾਵੇ। ਸੂਤਰਾਂ ਮੁਤਾਬਕ ਇਸ ਕੇਂਦਰ ਤੇ ਲੱਗਭੱਗ 200 ਕਰੋੜ ਖਰਚ ਹੋਣਗੇ।

# ਦਲਿਤ ਦੀ ਰੋਟੀ ਖਾ ਕੇ ਕੁੱਤਾ ਹੋਇਆ 'ਅਛੂਤ'

**ਮੁਰੈਨਾ (ਮੱਧ ਪ੍ਰਦੇਸ਼)–** ਜ਼ਿਲ੍ਹੇ ਦੇ ਮਲਿਕਪੁਰ ਪਿੰਡ ਵਿਚ ਇਕ ਦਲਿਤ ਦੇ ਘਰ ਦੀ ਰੋਟੀ ਖਾਣ ਤੇ ਕੁੱਤੇ ਦੇ ਮਾਲਕ ਨੇ ਉਸਨੂੰ ਅਛੂਤ ਐਲਾਨ ਕਰ ਦਿੱਤਾ। ਇਹੀ ਨਹੀਂ, ਉਸਨੇ ਇਸਦੇ ਇਵਜ ਵਿਚ ਦਲਿਤ ਪਰਿਵਾਰ ਤੋਂ 15 ਹਜ਼ਾਰ ਰੁਪਏ ਦੀ ਮੰਗ ਕੀਤੀ ਹੈ। ਇਹ ਮਾਮਲਾ ਜਨਤਕ ਸੁਣਵਾਈ ਵਿਚ ਉਸ ਸਮੇਂ ਸਾਹਮਣੇ ਆਇਆ ਜਦੋਂ ਇਕ ਦਲਿਤ ਪਰਿਵਾਰ ਕਲੈਕਟਰ ਅਤੇ ਡੀ. ਆਈ. ਜੀ. ਚੰਬਲ ਕੋਲ ਇਕ ਕੁੱਤੇ ਨੂੰ ਲੈ ਕੇ ਪਹੁੰਚਿਆ। ਪਰਿਵਾਰ ਦਾ ਕਹਿਣਾ ਸੀ ਕਿ ਉਸਨੇ ਘਰ ਵਿਚ ਬਚੀ ਇਕ ਰੋਟੀ ਪੜੌਸ ਵਿਚ ਰਹਿਣ ਵਾਲੇ ਯਾਦਵ ਪਰਿਵਾਰ ਦੇ ਪਾਲਤੂ ਕੁੱਤੇ ਨੂੰ ਖੁਆ ਦਿੱਤੀ ਸੀ। ਇਸ ਨਾਲ ਕੁੱਤੇ ਦਾ ਮਾਲਕ ਨਰਾਜ਼ ਹੋ ਗਿਆ ਅਤੇ ਕਿਹਾ ਕਿ ਰੋਟੀ ਖੁਆ ਕੇ ਉਸਨੇ ਕੁੱਤੇ ਨੂੰ ਅਛੂਤ ਕਰ ਦਿੱਤਾ। ਹੁਣ ਇਸ ਕੁੱਤੇ ਨੂੰ ਆਪਣੇ ਘਰ ਲੈ ਜਾਓ ਅਤੇ ਇਸ ਦੇ ਬਦਲੇ ਮੈਨੂੰ 15 ਹਜ਼ਾਰ ਰੁਪਏ ਦਿਓ। ਦਲਿਤ ਪਰਿਵਾਰ ਦਾ ਕਹਿਣਾ ਸੀ ਕਿ ਉਹਨਾਂ ਨੇ ਆਪਣਾ ਪਾਲਤੂ ਕੁੱਤਾ ਉਹਨਾਂ ਦੇ ਘਰ ਬੰਨ੍ਹ ਦਿੱਤਾ ਅਤੇ 15 ਹਜ਼ਾਰ ਰੁਪਏ ਦੀ ਮੰਗ ਕੀਤੀ ਹੈ।

ਦਲਿਤ ਪਰਿਵਾਰ ਦੀ ਔਰਤ ਸੁਨੀਤਾ ਦਾ ਕਹਿਣਾ ਸੀ ਕਿ ਕੁੱਤਾ ਮਾਲਕ ਉਸ ਤੋਂ 15 ਹਜ਼ਾਰ ਦਾ ਜੁਰਮਾਨਾ ਮੰਗ ਰਿਹਾ ਹੈ ਅਤੇ ਪੈਸੇ ਨਾ ਦੇਣ ਤੇ ਜਾਨ ਤੋਂ ਮਾਰ ਦੇਣ ਦੀ ਧਮਕੀ ਦੇ ਰਿਹਾ ਹੈ। ਦਲਿਤ ਪਰਿਵਾਰ ਜਨਤਕ ਸੁਣਵਾਈ ਵਿਚ ਉਸ ਕੁੱਤੇ ਨੂੰ ਨਾਲ ਲੈ ਕੇ ਆਇਆ ਸੀ। ਕਲੈਕਟਰ ਨੇ ਵਿਥਿਆ ਸੁਣ ਕੇ ਤੁਰੰਤ ਪੁਲਿਸ ਨੂੰ ਕਾਰਵਾਈ ਕਰਨ ਦੇ ਆਦੇਸ਼ ਦਿੱਤੇ।

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਨੇ ਮਹਾਨ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ ਬਰਸੀ ਮਨਾਈ











**ਫਰਿਜ਼ਨੋ, ਕੈਲੀਫੋਰਨੀਆ-** ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੀਫੋਰਨੀਆ) ਨੇ ਬੀਤੀ 3 ਮਈ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਮਹਾਨ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ 36ਵੀਂ ਬਰਸੀ ਸ਼ਰਧਾ ਨਾਲ ਮਨਾਈ। ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਰਾਮ ਸਿੰਘ ਜੀ, ਭਾਈ ਹਰਬਲਾਸ ਸਿੰਘ ਜੀ ਅਤੇ ਹੋਰ ਗ੍ਰੰਥੀ ਸਿੰਘ ਸਾਹਿਬਾਨ ਨੇ ਗੁਰਬਾਣੀ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਵਿਦਵਾਨ ਬੁਲਾਰਿਆਂ ਨੇ ਭਾਰਤ ਦੇ ਆਜ਼ਾਦੀ ਅੰਦੋਲਨ ਅਤੇ ਇਸ ਵਿਚ ਗਦਰੀ ਬਾਬਿਆਂ ਦੇ ਯੋਗਦਾਨ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਜੀਵਨ ਅਤੇ ਉਹਨਾਂ ਦੇ ਸੰਘਰਸ਼ ਬਾਰੇ ਸੰਗਤਾਂ ਨੂੰ ਵਿਸਥਾਰ ਵਿਚ ਜਾਣਕਾਰੀ ਦਿੱਤੀ। ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਦੇਸ਼ ਅਤੇ ਕੌਮ ਦੇ ਲਈ ਜੋ ਯੋਗਦਾਨ ਪਾਇਆ, ਉਸ ਲਈ ਉਹ ਹਮੇਸ਼ਾ ਯਾਦ ਰਹਿਣਗੇ। ਉਹਨਾਂ ਨੂੰ ਆਜ਼ਾਦੀ ਘੁਲਾਟੀਏ ਵਜੋਂ ਭਾਰਤ ਦੇ ਪ੍ਰਧਾਨ ਮੰਤਰੀ ਨੇ ਵਿਸ਼ੇਸ਼ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ ਸੀ।

# ਪੰਥ ਰਤਨ ਗਿਆਨੀ ਦਿੱਤ ਸਿੰਘ ਜੀ ਦਾ ਜਨਮ ਦਿਨ ਮਨਾਇਆ







**ਨਿਊਯਾਰਕ-** ਸ੍ਰੀ ਗੁਰੂ ਰਵਿਦਾਸ ਗੁਰੂ ਘਰ (61-01 ਬਰਾਡਵੇ) ਨਿਊਯਾਰਕ ਵਿਖੇ ਪ੍ਰਬੰਧਕਾਂ ਵੱਲੋਂ ਸਾਧ ਸੰਗਤ ਅਤੇ ਗੁਰੂ ਘਰ ਦੇ ਸਟਾਫ ਦੇ ਸਹਿਯੋਗ ਨਾਲ ਗਿਆਨੀ ਦਿੱਤ ਸਿੰਘ ਜੀ ਦੇ ਜਨਮ ਦਿਨ ਸਬੰਧੀ ਵਿਸ਼ੇਸ਼ ਦੀਵਾਨ ਸਜਾਏ ਗਏ। 1 ਮਈ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਅਤੇ 3 ਮਈ ਐਤਵਾਰ ਨੂੰ ਭੋਗ ਉਪਰੰਤ ਸਾਰਾ ਦਿਨ ਦੇ ਦੀਵਾਨ ਗਿਆਨੀ ਦਿੱਤ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੋਏ। ਕੀਰਤਨੀ ਜਥੇ ਭਾਈ ਕੁਲਵੰਤ ਸਿੰਘ ਨਾਗਪੁਰੀ, ਭਾਈ ਗੁਰਨਾਮ ਸਿੰਘ ਬੰਬੇ ਵਾਲਿਆਂ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਵਿਸ਼ੇਸ਼ ਤੌਰ ਤੇ ਪਹੁੰਚੇ ਗਿਆਨੀ ਜਗਤਾਰ ਸਿੰਘ ਜਾਚਕ ਵੱਲੋਂ ਗੁਰਬਾਣੀ ਕਥਾ ਦੀ ਹਾਜ਼ਰੀ ਲਗਵਾਉਂਦੇ ਹੋਏ ਗਿਆਨੀ ਦਿੱਤ ਸਿੰਘ ਜੀ ਦੇ ਜੀਵਨ ਬਾਰੇ ਬਹੁਤ ਹੀ ਪ੍ਰਭਾਵਸ਼ਾਲੀ ਵਿਚਾਰ ਨਾਲ ਸਾਂਝ ਪਾਈ।

ਉਹਨਾਂ ਵੱਲੋਂ ਰਚੇ ਇਤਿਹਾਸ ਨੂੰ ਪੜ੍ਹਨ ਦੀ ਬੇਨਤੀ ਕੀਤੀ ਤੇ ਉਸ ਦੇ ਪਾਏ ਪੂਰਨਿਆਂ ਤੇ ਚੱਲਣ ਦੀ ਬੇਨਤੀ ਕੀਤੀ ਗਈ। ਬੁਲਾਰਿਆਂ ਵਿਚ ਗੁਰੂ ਘਰ ਦੇ ਚੇਅਰਮੈਨ ਸ੍ਰੀ ਨੰਦ ਲਾਲ ਜੀ, ਗੁਰੂ ਘਰ ਦੇ ਮੁੱਖ ਸੇਵਾਦਾਰ ਸ: ਨਿਰਮਲ ਸਿੰਘ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਗਿਆਨੀ ਦਿੱਤ ਸਿੰਘ ਦੇ ਜੀਵਨ ਤੇ ਆਪਣੇ ਵਿਚਾਰ ਸੰਗਤ ਨਾਲ ਸਾਂਝੇ ਕੀਤੇ।

ਪੂਰੇ ਪ੍ਰੋਗਰਾਮ ਵਿਚ ਇਹ ਗੱਲ ਸਾਫ ਉਭਰ ਰਹੀ ਸੀ ਕਿ ਗਿਆਨੀ ਦਿੱਤ ਸਿੰਘ ਜੀ ਕਰਨੀ ਦਾ ਮੁੱਲ ਜਿੰਨਾ ਪੈਣਾ ਚਾਹੀਦਾ ਸੀ, ਉਨਾ ਨਹੀਂ ਪਿਆ। ਪੰਥਕ ਜਥੇਬੰਦੀਆਂ, ਪੰਥਕ ਸਰਕਾਰਾਂ, ਧਰਮ ਦੇ ਠੇਕੇਦਾਰਾਂ ਵੱਲੋਂ ਗਿਆਨੀ ਦਿੱਤ ਸਿੰਘ ਦੇ ਫਸਲਫੇ ਦਾ ਪ੍ਰਚਾਰ ਪ੍ਰਸਾਰ ਨਹੀਂ ਹੋ ਰਿਹਾ।

ਇੰਝ ਲੱਗਦਾ ਹੈ ਕਿ ਉਹਨਾਂ ਦੇ ਜਨਮ ਦਿਨ ਨੂੰ ਵੀ ਭੁੱਲ ਗਏ ਹਾਂ। ਸਾਰਿਆਂ ਦੀ ਇਕੱਠੇ ਹੋ ਕੇ ਗਿਆਨੀ ਦਿੱਤ ਸਿੰਘ ਦੀਆਂ ਲਿਖਤਾਂ ਨੂੰ ਪੜ੍ਹ ਕੇ ਅਪਣਾਉਣ ਦੀ ਲੋੜ ਹੈ। ਗਿਆਨੀ ਦਿੱਤ ਸਿੰਘ ਦੀਆਂ ਕਿਤਾਬਾਂ ਦਾ ਸਟਾਲ ਗੁਰੂ ਘਰ ਦੇ ਸੇਵਕ ਸ: ਸਤਵਿੰਦਰ ਸਿੰਘ ਵੱਲੋਂ ਲਗਾਇਆ ਗਿਆ ਸੀ। ਸਟੇਜ ਦੀ ਜ਼ਿੰਮੇਵਾਰ ਗੁਰੂ ਘਰ ਦੇ ਸਕੱਤਰ ਚਰਨਜੀਤ ਸਿੰਘ ਵੱਲੋਂ ਨਿਭਾਈ ਗਈ।

ਸੰਗਤਾਂ ਗੁਰੂ ਕੇ ਲੰਗਰ ਛਕ ਕੇ ਘਰਾਂ ਨੂੰ ਪਰਤੀਆਂ। ਆਉਣ ਵਾਲੇ ਐਤਵਾਰ 10 ਮਈ ਨੂੰ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਦਾ ਜਨਮ ਦਿਨ ਗੁਰੂ ਘਰ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

**-ਨਿਰਮਲ ਸਿੰਘ ਪ੍ਰਧਾਨ**

# ਪੱਤਰਕਾਰ ਕੰਵਰ ਸੰਧੂ ਦੁਆਰਾ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਟੀ. ਵੀ. ਸ਼ੋਆਂ ਨੂੰ ਮਿਲ ਰਹੀ ਹਰਮਨ ਪਿਆਰਤਾ

## ਫਰਿਜ਼ਨੋ ਅਤੇ ਬੇਕਰਸ਼ਫੀਲਡ ਵਿੱਚ ਲੋਕਾਂ ਨੇ ਦਿੱਤਾ ਭਾਰੀ ਸਹਿਯੋਗ



**ਫਰਿਜ਼ਨੋ (ਕੈਲੇਫੋਰਨੀਆ) ਧਾਲੀਆ/ ਮਾਛੀਕੇ:-** ਪੰਜਾਬੀ ਪੱਤਰਕਾਰੀ ਦੀ ਜਾਣੀ ਪਹਿਚਾਣੀ ਸਖਸੀਅਤ ਪੱਤਰਕਾਰ ਕੰਵਰ ਸੰਧੂ, ਜੋ ਕਿ ਅੱਜ ਕਲ ਅਮਰੀਕਾ ਅਤੇ ਕਨੇਡਾ ਤੋਂ ਡਿਸ਼ ਨੈੱਟਵਰਕ ਰਾਹੀ ਅਤੇ ਹੋਰ ਵਿਦੇਸ਼ਾ ਵਿੱਚ ਚਲ ਰਹੇ ਗਲੋਬਲ ਪੰਜਾਬ ਟੀ. ਵੀ. ਲਈ "ਹੈਲੋ ਗਲੋਬਲ ਪੰਜਾਬ" ਲਾਈਵ ਟੀ. ਵੀ. ਸੋਅ ਕਰਨ ਕਰਕੇ ਵਿਦੇਸ਼ੀ ਲੋਕਾ ਵਿੱਚ ਕਾਫੀ ਹਰਮਨ ਪਿਆਰੇ ਹੋ ਚੁੱਕੇ ਹਨ।

ਉਨ੍ਹਾਂ ਵੱਲੋਂ ਅਮਰੀਕਾ ਦੇ ਵੱਖ ਵੱਖ ਸ਼ਹਿਰਾ ਤੋਂ ਆਪਣੇ ਲਾਈਵ ਸੋਅ ਕੀਤੇ ਜਾ ਰਹੇ ਹਨ। ਇਸੇ ਕੜੀ ਤਹਿਤ ਪਿਛਲੇ ਦਿਨੀਂ ਉਹ ਕੈਲੇਫੋਰਨੀਆ ਸਟੇਟ ਦੇ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਬੇਕਰਸਫੀਲਡ ਦੇ ਅਰਮਾਨ ਪੈਲਸ ਪੰਜਾਬ ਅੰਦਰ ਮੰਦਹਾਲੀ ਅਤੇ ਕੈਲੀਫੋਰਨੀਆਂ ਅੰਦਰ ਅਮੀਰ ਕ੍ਰਿਸਾਨੀ ਦੀ ਗੱਲ ਕੀਤੀ।

ਜਦ ਕਿ ਫਰਿਜ਼ਨੋ ਦੇ ਇੰਡੀਅਨ ਅਵਨ ਵਿੱਚ ਪੰਜਾਬੀ ਮਾਂ ਬੋਲੀ ਅਤੇ ਉਸ ਦੀ ਪਹਿਚਾਣ ਨੂੰ ਲੈ ਕੇ ਗੱਲ ਕੀਤੀ ਗਈ। ਇੱਥੇ ਹੋ ਰਹੇ ਸਾਰੇ ਹੀ ਸੋਆ ਵਿੱਚ ਹਿੱਸਾ ਲੈਣ ਲਈ ਵੱਡੀ ਗਿਣਤੀ ਵਿੱਚ ਪੰਜਾਬੀ (ਬਿਊਰੋ ਹੈੱਡ) ਨੇ ਪਹੁੰਚਕੇ ਭਰਪੂਰ ਹੁੰਗਾਰਾ ਦੇ ਰਹੇ ਹਨ। ਦੋਨੋ ਹੀ ਪ੍ਰੋਗਰਾਮਾਂ ਦੌਰਾਨ ਸੁਰੂਆਤ ਕੁਲਵੰਤ ਉੱਭੀ ਧਾਲੀਆਂ ਨੇ ਸਭ ਨੂੰ ਜੀ ਆਇਆ ਕਹਿੰਦੇ ਹੋਏ ਕੀਤੀ। ਇਸ ਉਪਰੰਤ ਗੁਰਿੰਦਰਜੀਤ ਸਿੰਘ ਮਾਛੀਕੇ (ਬਿਊਰੋ ਹੈੱਡ) ਨੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਬਾਅਦ ਗਲੋਬਲ ਪੰਜਾਬ ਚੈਨਲ ਦੇ ਸੀ. ਈ. ਓ. ਸ. ਹਰਭਜਨ ਸਿੰਘ ਨੇ ਇੰਨ੍ਹਾਂ ਸ਼ੋਆ ਨੂੰ ਵਿਦੇਸਾਂ ਵਿੱਚ ਕਰਵਾਉਣ ਦੇ ਮਿਸ਼ਨ ਦਾ ਜ਼ਿਕਰ ਕੀਤਾ ਅਤੇ ਸਭ ਸਹਿਯੋਗੀਆਂ ਦਾ ਧੰਨਵਾਦ ਕੀਤਾ। ਇਨ੍ਹਾਂ ਸ਼ੋਆ ਸਮੇਂ ਸਮੁੱਚੀ ਟੀਮ ਦੇ ਬਾਕੀ ਮੈਂਬਰਾਂ ਵਿੱਚ ਜਗਦੇਵ ਸਿੰਘ ਭੰਡਾਲ (ਬਿਊਰੋ ਇੰਨਚਾਰਜ ਕੈਲੀਫੋਰਨੀਆਂ), ਸ. ਗਿੱਲ ਪਰਦੀਪ (ਬਿਊਰੋ ਇੰਨਚਾਰਜ਼ ਨਿਊ ਯਾਰਕ), ਹਮਦ (ਵੀਡੀਉ ਇੰਨਚਾਇਜ਼) ਆਦਿਕ ਨੇ ਆਪਣੀ ਹਾਜ਼ਰੀ ਭਰੀ। ਇੰਨ੍ਹਾਂ ਲਈਵ ਪ੍ਰੋਗਰਾਮਾਂ ਵਿੱਚ ਦਰਸ਼ਕਾ ਨੇ ਕਈ ਅਹਿਮ ਮਸਲੇ ਉਠਾਏ, ਜਿਹਨਾਂ ਦੇ ਜੁਆਬ ਕੰਵਰ ਸੰਧੂ ਨੇ ਤਸੱਲੀਬਖ਼ਸ਼ ਤਰੀਕੇ ਨਾਲ ਦਿੱਤੇ।

ਇਸੇ ਲੜੀ ਅਧੀਨ ਹੋਰ ਸ਼ੋ ਅਮਰੀਕਾ ਅਤੇ ਕਨੇਡਾ ਵਿੱਚ ਅਗਲੇ ਦਿਨੀ ਲੋਕਾਂ ਦੇ ਰੂਬਰੂ ਹੋਣਗੇ। ਜਿੰਨ੍ਹਾਂ ਵਿੱਚ ਪਹੁੰਚਕੇ ਸਮੂੰਹ ਪੰਜਾਬੀ ਭਾਈਚਾਰਾ ਆਪਣੀਆਂ ਸਮੱਸਿਆਵਾ ਸਾਝੀਆਂ ਕਰ ਸਕੇਗਾ।



ਕਲਾਕਾਰ ਵਿੱਕੀ ਮੋਰਾਂਵਾਲਾ ਦੀ ਨਵੀਂ ਡੀ. ਵੀ. ਡੀ. 'ਸਪਨਾ ਕਾਂਸ਼ੀ ਵਾਲੇ ਦਾ' ਬੀਤੇ ਦਿਨੀਂ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਨਿਊਯਾਰਕ ਵਿਖੇ ਰਿਲੀਜ਼ ਕੀਤੀ ਗਈ। ਤਸਵੀਰ ਵਿਚ ਵੀਡੀਓ ਰਿਲੀਜ਼ ਕਰਦੇ ਹੋਏ ਨੰਦ ਲਾਲ ਚੇਅਰਮੈਨ, ਨਿਰਮਲ ਸਿੰਘ ਮੁੱਖ ਸੇਵਾਦਾਰ, ਪਰਮਜੀਤ ਲਾਲ ਜਨਰਲ ਸਕੱਤਰ, ਭੋਲਾ ਕਲੇਰ ਕੈਸ਼ੀਅਰ, ਮਨੋਹਰ ਕਲੇਰ ਵਾਈਸ ਪ੍ਰਧਾਨ, ਅਮਰਜੀਤ ਸਿੰਘ ਰਾਏ, ਮੋਹਨ ਲਾਲ ਸਾਹਲੋਂ, ਮੋਹਿੰਦਰ ਸਿੰਘ ਗ੍ਰੰਥੀ, ਕੇਵਲ ਸਿੰਘ ਸਾਬਕਾ ਪ੍ਰਧਾਨ, ਕੁਲਵੰਤ ਸਿੰਘ ਨਾਗਪੁਰੀ ਕੀਰਤਨੀ, ਮੋਹਿੰਦਰ ਰਾਮ ਟਰੱਸਟ ਮੈਂਬਰ, ਸੁਰਿੰਦਰ ਸਿੰਘ, ਰਾਜ ਕੁਮਾਰ, ਬਲਦੇਵ ਸਿੰਘ, ਗੁਰਦੇਵ ਸਿੰਘ।

ਦੇਸ਼ ਦੁਆਬਾ

# ਮੋਗਾ ਬੱਸ ਕਾਂਡ, ਹਾਕਮ ਧਿਰਾਂ ਸਿਰ ਧੱਬਾ

ਕੁਝ ਦਿਨ ਪਹਿਲਾਂ ਪੰਜਾਬ ਵਿਚ ਅਜਿਹੀ ਸ਼ਰਮਸਾਰ ਕਰਨ ਵਾਲੀ ਘਟਨਾ ਵਾਪਰੀ ਜਿਸ ਦੀ ਦੇਸ਼-ਵਿਦੇਸ਼ ਵਿਚ ਰੱਜ ਕੇ ਚਰਚਾ ਹੋਈ ਅਤੇ ਹਾਕਮਾਂ ਦੇ ਗਰੂਰ ਵਿਚ ਡੁੱਬੇ ਉਹਨਾਂ ਦੇ ਛੋਟੇ ਕਰਮਚਾਰੀਆਂ ਤੱਕ ਦੀਆਂ ਕਰਤੂਤਾਂ ਵੀ ਜੱਗ ਜ਼ਾਹਿਰ ਹੋਈਆਂ। ਇਹ ਘਟਨਾ ਮੋਗਾ ਤੋਂ ਫਰੀਦਕੋਟ ਜਾ ਰਹੀ ਹਾਕਮ ਧਿਰ ਬਾਦਲ ਪਰਿਵਾਰ ਦੀ ਇਕ ਚਲਦੀ ਬੱਸ ਵਿਚੋਂ ਇਕ ਮਾਂ ਅਤੇ ਉਸ ਦੀ ਨਾਬਾਲਗ ਧੀ ਨੂੰ ਛੇੜਛਾੜ ਅਤੇ ਫਿਰ ਹੇਠਾਂ ਸੁੱਟਣ ਦੀ ਵਾਪਰੀ। ਇਸ ਘਟਨਾ ਵਿਚ ਨਾਬਾਲਗ ਲੜਕੀ ਦੀ ਮੌਤ ਹੋ ਗਈ, ਜਦਕਿ ਮਾਂ ਹਾਲੇ ਜ਼ਖ਼ਮੀ ਹੈ। ਬੱਸ ਹਾਕਮ ਧਿਰ ਦੀ ਹੋਣ ਕਾਰਨ ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲੀ ਅਤੇ ਬਾਦਲ ਪਰਿਵਾਰ ਦੀ ਥੂ-ਥੂ ਹੋਈ। ਚਾਰੇ ਪਾਸਿਉਂ ਘਿਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਖਿਰ ਮੰਨ ਲਿਆ ਕਿ ਬੱਸ ਉਹਨਾਂ ਦੀ ਹੀ ਸੀ। ਇਸ ਘਟਨਾ ਨੇ ਹਾਕਮ ਧਿਰ ਦੀ ਟਰਾਂਸਪੋਰਟ ਦੀਆਂ ਉਹਨਾਂ ਸਾਰੀਆਂ ਗੱਲਾਂ ਨੂੰ ਜੱਗ ਜ਼ਾਹਿਰ ਕਰ ਦਿੱਤਾ, ਜਿਹੜੀਆਂ ਕਦੀ ਕਦਾਈ ਵਿਰੋਧੀ ਪਾਰਟੀਆਂ ਦੇ ਲੀਡਰਾਂ ਦੁਆਰਾ ਲਗਾਏ ਜਾਂਦੇ ਦੋਸ਼ਾਂ ਵਿਚ ਸਾਹਮਣੇ ਆਉਂਦੀਆਂ ਸਨ ਪਰ ਕਿਸੇ ਨੇ ਉਹਨਾਂ ਨੂੰ ਤਵੱਜੋਂ ਨਾ ਦਿੱਤੀ। ਬਾਦਲ ਪਰਿਵਾਰ ਦੀਆਂ ਪੰਜਾਬ ਵਿਚ ਇਸ ਵਕਤ ਇਕ ਹਜ਼ਾਰ ਦੇ ਕਰੀਬ ਬੱਸਾਂ ਚਲਦੀਆਂ ਹਨ। ਆਰਬਿਟ ਅਤੇ ਇਕ ਹੋਰ ਟਰਾਂਸਪੋਰਟ ਕੰਪਨੀ ਦੇ ਨਾਂ ਤੇ ਚਲਦੀਆਂ ਇਹਨਾਂ ਬੱਸਾਂ ਵਿਚੋਂ ਜ਼ਿਆਦਾਤਰ ਬੱਸਾਂ ਹਾਈ-ਫਾਈ ਏਅਰ ਕੰਡੀਸ਼ਨਡ ਹਨ, ਜਿਹੜੀਆਂ ਲੰਮੇ ਰੂਟਾਂ ਤੇ ਚਲਦੀਆਂ ਹਨ। ਇਹ ਬੱਸਾਂ ਇੰਨੀ ਤੇਜ਼ ਗਤੀ ਨਾਲ ਚਲਦੀਆਂ ਹਨ ਕਿ ਆਸ ਪਾਸ ਲੰਘਦੇ ਲੋਕਾਂ ਨੂੰ ਨੇੜੇ ਲੰਘਣ ਤੋਂ ਵੀ ਡਰ ਲੱਗਦਾ ਹੈ। ਬਹੁਤ ਵਾਰ ਛੋਟੇ-ਮੋਟੇ ਸਕੂਟਰ-ਮੋਟਰ ਸਾਈਕਲਾਂ ਵਾਲੇ ਇਹਨਾਂ ਬੱਸਾਂ ਦਾ ਸ਼ਿਕਾਰ ਬਣੇ ਹਨ। ਪੰਜਾਬ ਵਿਚ ਇਹਨਾਂ ਬੱਸਾਂ ਬਾਰੇ ਅਜਿਹਾ ਦਹਿਸ਼ਤ ਦਾ ਮਾਹੌਲ ਹੈ ਕਿ ਜੇਕਰ ਦੂਰੋਂ ਵੀ ਹਾਕਮ ਧਿਰ ਦੀ ਬੱਸ ਆਉਂਦੀ ਨਜ਼ਰ ਆ ਜਾਵੇ ਤਾਂ ਲੋਕੀ ਐਂਬੂਲੈਂਸ ਵਾਂਗ ਰਾਹ ਛੱਡ ਦਿੰਦੇ ਹਨ। ਕੁਝ ਸਮਾਂ ਪਹਿਲਾਂ ਤਾਂ ਇਹਨਾਂ ਬੱਸਾਂ ਦੇ ਉਪਰ ਲਾਲ ਬੱਤੀਆਂ ਵੀ ਲੱਗੀਆਂ ਹੁੰਦੀਆਂ ਸਨ ਪਰ ਮਨਪ੍ਰੀਤ ਬਾਦਲ ਦੁਆਰਾ ਲਾਲ ਬੱਤੀ ਕਲਚਰ ਦੇ ਖਿਲਾਫ ਮੁਹਿੰਮ ਚਲਾਉਣ ਤੋਂ ਬਾਅਦ ਇਹਨਾਂ ਤੋਂ ਲਾਲ ਬੱਤੀਆਂ ਤਾਂ ਉਤਾਰ ਦਿੱਤੀਆਂ, ਪਰ ਪ੍ਰੈਸ਼ਰ ਹਾਰਨ, ਕਾਲੇ ਸ਼ੀਸ਼ੇ, ਅੰਨ੍ਹੀ ਸਪੀਡ ਦਾ ਸਿਲਸਿਲਾ ਨਿਰੰਤਰ ਜਾਰੀ ਰਿਹਾ। ਇਸ ਦੇ ਵਿਰੁੱਧ ਵੀ ਕਈ ਵਾਰ ਚਰਚਾ ਹੋਈ ਅਤੇ ਆਲੋਚਨਾ ਹੋਈ ਪਰ 'ਰਾਣੀ ਨੂੰ ਕੌਣ ਕਹੇ ਅੱਗੇ ਢਕ' ਵਾਲੀ ਕਹਾਵਤ ਵਾਂਗ ਅਜਿਹੇ ਵਰਤਾਰਿਆਂ ਨੂੰ ਰੋਕਣ ਵਾਲਾ ਪੁਲਿਸ ਮਹਿਕਮਾ ਤਾਂ ਬਾਦਲ ਪਰਿਵਾਰ ਦੇ ਪੰਜਿਆਂ ਵਿਚ ਹੈ। ਪੰਜਾਬ ਵਿਚ ਹਰ ਰੋਜ਼ ਹਜ਼ਾਰਾਂ ਚਲਾਨ ਹੁੰਦੇ ਹਨ, ਇਕ ਆਮ ਸਕੂਟਰ/ਮੋਟਰ ਸਾਈਕਲ ਵਾਲੇ ਨੂੰ 2-2 ਹਜ਼ਾਰ ਦੇ ਚਲਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਇਕ ਆਮ ਕਾਰ ਵਾਲਾ ਜੇਕਰ ਕਾਲੇ ਸ਼ੀਸ਼ੇ ਲਗਾ ਕੇ ਨਿਕਲ ਪਵੇ ਤਾਂ ਮੋਟਾ ਜੁਰਮਾਨਾ ਭਰ ਕੇ ਖਹਿੜਾ ਛੁਡਾਉਂਦਾ ਹੈ, ਪਰ ਬਾਦਲ ਪਰਿਵਾਰ ਦੀਆਂ ਬੱਸਾਂ ਨੂੰ ਰੋਕਣ ਵਾਲਾ ਕੋਈ ਨਹੀਂ, ਨਾ ਹੀ ਇਹਨਾਂ ਦੇ ਚਲਾਨ ਕਰਨ ਦੀ ਕੋਈ ਹਿੰਮਤ ਕਰ ਸਕਦਾ ਹੈ। ਇਹੀ ਕਾਰਨ ਹੈ ਕਿ ਇਹਨਾਂ ਬੱਸਾਂ ਨੂੰ ਚਲਾਉਣ ਵਾਲੇ ਕਾਮੇ ਵੀ ਆਪੇ ਤੋਂ ਬਾਹਰ ਹੋ ਕੇ ਸੱਤਾ ਦੀ ਧੌਂਸ ਵਿਚ ਗੜੁੱਚ ਹੋ ਗਏ ਸਨ ਅਤੇ ਇਹੀ ਕਾਰਨ ਸੀ ਕਿ ਮੋਗਾ ਕਾਂਡ ਵਾਪਰਿਆ। ਟਰਾਂਸਪੋਰਟ ਜਨਤਕ ਸੇਵਾ ਵਾਲਾ ਕੰਮ ਹੈ ਅਤੇ ਇਸ ਵਿਚ ਸੇਵਾ ਭਾਵਨਾ ਸਭ ਤੋਂ ਅਹਿਮ ਹੁੰਦੀ ਹੈ। ਅੱਜ ਖਪਤਕਾਰੀ ਦਾ ਯੁੱਗ ਹੈ। ਆਪਣੇ ਗਾਹਕ ਦੇ ਲਈ ਸੇਵਾ ਮੁਹੱਈਆ ਕਰਵਾਉਣ ਵਾਲੀ ਸੰਸਥਾ ਹਜ਼ਾਰਾਂ ਯਤਨ ਕਰਦੀ ਹੈ, ਉਹਨਾਂ ਨੂੰ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕਰਦੀ ਹੈ ਪਰ ਬਾਦਲ ਪਰਿਵਾਰ ਨੇ ਇਸ ਨੀਤੀ ਨੂੰ ਨਹੀਂ ਅਪਣਾਇਆ। ਹੁਣ ਆਪਣੇ ਸਟਾਫ ਨੂੰ ਟਰੇਨਿੰਗ ਦਿੱਤੀ ਜਾ ਰਹੀ ਹੈ ਪਰ ਜੇਕਰ ਪਹਿਲਾਂ ਹੀ ਇਸ ਪੱਖੋਂ ਚੌਕਸ ਹੋਇਆ ਹੁੰਦਾ ਤਾਂ ਅਜਿਹੀ ਘਟਨਾ ਨਾ ਵਾਪਰਦੀ।

# ਬੁੱਧ ਧਰਮ ਤੇ ਭਾਰਤੀ ਸਮਾਜ

**ਭੰਤੇ ਆਨੰਦ ਕੌਸ਼ੱਲਿਆਨ**

ਬਹੁਤ ਸਾਰੇ ਲੋਕ ਅੱਜਕਲ੍ਹ ਇਹ ਕਹਿਣ ਲੱਗ ਪਏ ਹਨ ਕਿ ਧਰਮ ਆਦਮੀ ਦੀ ਨਿੱਜੀ ਮਾਮਲਾ ਹੈ। ਧਰਮ ਨੂੰ ਆਮ ਜੀਵਨ ਵਿਚ ਦਖਲ ਨਹੀਂ ਦੇਣਾ ਚਾਹੀਦਾ। ਇਹ ਗੱਲ ਦੂਜੇ ਧਰਮਾਂ ਬਾਰੇ ਤਾਂ ਠੀਕ ਵੀ ਹੋ ਸਕਦੀ ਹੈ ਅਤੇ ਨਹੀਂ ਵੀ ਹੋ ਸਕਦੀ, ਠੀਕ ਹੋਣ ਦੀ ਹੀ ਵੱਧ ਸੰਭਾਵਨਾ ਹੈ, ਪਰ ਬੁੱਧ ਧਰਮ ਉਤੇ ਇਹ ਬਿਲਕੁਲ ਲਾਗੂ ਨਹੀਂ ਹੁੰਦੀ, ਕਿਉਂਕਿ ਬੁੱਧ ਧਰਮ ਅਸਲ ਵਿਚ ਅਤੇ ਲਾਜ਼ਮੀ ਤੌਰ ਤੇ ਹੈ ਹੀ ਇਕ ਸਮਾਜਿਕ ਧਰਮ ਹੈ। ਭਗਵਾਨ ਬੁੱਧ ਦਾ ਧਰਮ ਜੇਕਰ ਸ਼ੀਲ (ਸਦਾਚਾਰ) ਦਾ ਸਾਕਾਰ ਰੂਪ ਨਹੀਂ ਤਾਂ ਕੁਝ ਵੀ ਨਹੀਂ ਹੈ। ਭਗਵਾਨ ਬੁੱਧ ਦੇ ਧਰਮ ਦਾ ਮਤਲਬ ਹੈ ਮਨੁੱਖੀ ਜੀਵਨ ਦੇ ਸਾਰੇ ਖੇਤਰਾਂ ਵਿਚ ਆਦਮੀ ਦੇ ਆਦਮੀ ਵਿਚਕਾਰ ਚੰਗੇ ਸਬੰਧ ਕਾਇਮ ਕਰਨਾ।




ਆਦਮੀ ਜੇ ਇਕੋ ਹੀ ਥਾਂ ਤੇ ਇਕੱਲਾ ਹੀ ਰਹਿੰਦਾ ਹੈ ਤਾਂ ਉਸ ਨੂੰ ਧਰਮ ਦੀ ਬਿਲਕੁਲ ਲੋੜ ਨਹੀਂ। ਪਰ ਜੇ ਇਕ ਤੋਂ ਵੱਧ ਆਦਮੀ ਕਿਸੇ ਇਕੋ ਥਾਂ ਰਹਿੰਦੇ ਹੋਣ ਤਾਂ ਉਹਨਾਂ ਵਿਚਾਲੇ ਆਪਸੀ ਰਿਸ਼ਤਾ ਕਾਇਮ ਕਰਨ ਲਈ ਧਰਮ ਜ਼ਰੂਰੀ ਹੈ। ਉਹ ਇਸ ਤੋਂ ਬਚ ਨਹੀਂ ਸਕਦੇ। ਧਰਮ ਇਕ ਸਮਾਜੀ ਲੋੜ ਹੀ ਨਹੀਂ, ਸੁਲਝੇ ਹੋਏ ਸਮਾਜ ਦੀ ਲਾਜ਼ਮੀ ਜ਼ਿੰਮੇਵਾਰੀ ਵੀ ਹੈ। ਇਸ ਲਈ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕੋਈ ਬੁੱਧ ਧਰਮ ਨੂੰ ਧਰਮ ਕਹਿੰਦਾ ਹੈ ਜਾਂ ਨਹੀਂ ਕਹਿੰਦਾ। ਮਹੱਤਤਾ ਦੀ ਗੱਲ ਤਾਂ ਇਹ ਸਮਝਣਾ ਹੈ ਕਿ ਕਿਸੇ ਵੀ ਸੁਲਝੇ ਹੋਏ ਸਮਾਜ ਦਾ ਕੋਈ ਬਿਨਾਂ ਧਰਮ (ਨੈਤਿਕਤਾ) ਤੋਂ ਚੱਲ ਹੀ ਨਹੀਂ ਸਕਦਾ।

ਜਦੋਂ ਭਗਵਾਨ ਬੁੱਧ ਆਪਣੇ ਵੇਲੇ ਪਿੰਡਾਂ ਅਤੇ ਸ਼ਹਿਰਾਂ ਵਿਚ ਜਾਂਦੇ ਸਨ ਤਾਂ ਉਨ੍ਹਾਂ ਦੀ ਸਭ ਤੋਂ ਵੱਧ ਖ਼ਤਰਨਾਕ ਆਲੋਚਨਾ, ਜਿਹੜੀ ਕੁਝ ਬ੍ਰਾਹਮਣ ਕਰਦੇ ਸਨ, ਉਹ ਇਹੋ ਸੀ ਕਿ ਇਹ ਸ਼੍ਰਮਣ ਗੌਤਮ ਪਿੰਡ ਪਿੰਡ ਜਾ ਕੇ ਇਹੋ ਆਖਦਾ ਫਿਰਦਾ ਹੈ ਕਿ ਸਾਰੇ ਵਰਣ ਸਮਾਨ ਰੂਪ ਨਾਲ ਸ਼ੁੱਧ ਹਨ ਜਾਂ ਉਹਨਾਂ ਵਿਚ ਸ਼ੁੱਧ ਹੋਣ ਦੀ ਸਮਾਨ ਹੈਸੀਅਤ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਬ੍ਰਾਹਮਣ ਨਾ-ਬਰਾਬਰੀ ਦੇ ਪੱਖੀ ਰਹੇ ਹਨ ਅਤੇ ਹੁਣ ਵੀ ਹਨ ਅਤੇ ਤਥਾਗਤ (ਭਗਵਾਨ ਬੁੱਧ) ਸੰਮਤਾ (ਬਰਾਬਰੀ) ਦੇ ਹਿਮੈਤੀ।

ਹਿੰਦੂ ਸਮਾਜ ਦਾ ਚਾਰ-ਵਰਣ ਸਿਸਟਮ ਨਾ ਸਿਰਫ ਨਾ ਬਰਾਬਰੀ ਤੇ ਹੀ ਕਾਇਮ ਰਿਹਾ ਹੈ ਬਲਕਿ ਉਸਦੀ ਨੀਂਹ ਦਰਜਾ ਵਾਰ ਨਾ-ਬਰਾਬਰੀ ਹੀ ਹੈ।

ਦਰਜਾ ਵਾਰ ਨਾ-ਬਰਾਬਰੀ ਦਾ ਮਤਲਬ ਹੈ ਕਿ ਬ੍ਰਾਹਮਣ ਦੀ ਥਾਂ ਸਭ ਤੋਂ ਉੱਚੀ ਰਹੀ ਹੈ ਤੇ ਹੁਣ ਵੀ ਹੈ। ਖ਼ਤਰੀ ਦਾ ਦਰਜਾ ਬ੍ਰਾਹਮਣ ਤੋਂ ਨੀਵਾਂ ਪਰ ਵੈਸ਼ ਤੋਂ ਉੱਚਾ, ਵੈਸ਼ ਦਾ ਦਰਜਾ ਸ਼ੂਦਰ ਤੋਂ ਉੱਚਾ ਪਰ ਬ੍ਰਾਹਮਣ ਅਤੇ ਖ਼ਤਰੀ ਤੋਂ ਨੀਵਾਂ। ਸ਼ੂਦਰ ਵਿਚਾਰਾ ਸਦਾ ਹੀ ਇਸ ਹਿੰਦੂ ਸਮਾਜ ਦੀ ਪੌੜੀ ਦਾ ਆਖਰੀ ਤੇ ਸਭ ਤੋਂ ਹੇਠਲਾ ਪੌਡਾ ਬਣਿਆ ਰਿਹਾ ਹੈ। ਇਸ ਚੌਹ-ਵਰਨੇ ਸਮਾਜ ਦਾ ਇਕ ਖ਼ਤਰਨਾਕ, ਦੁਸ਼ਟਤਾ ਅਤੇ ਕਪਟ ਭਰਿਆ ਨਜ਼ਰੀਆ ਰਿਹਾ ਹੈ- ਸ਼ੂਦਰਾਂ ਨੂੰ ਸਿੱਖਿਆ ਤੋਂ ਵਾਂਝੇ ਰੱਖਿਆ ਜਾਏ। ਕੋਈ ਵੀ ਬ੍ਰਾਹਮਣ ਹਰ ਤਰ੍ਹਾਂ ਦੀ ਸਿੱਖਿਆ ਲੈ ਸਕਦਾ ਸੀ। ਖ਼ਤਰੀ ਮੁੱਖ ਰੂਪ ਵਿਚ ਯੁੱਧ-ਹਥਿਆਰਾਂ ਬਾਰੇ ਸਿੱਖਿਆ ਲੈ ਸਕਦਾ ਸੀ। ਵੈਸ਼ ਵਪਾਰਕ ਸਿੱਖਿਆ ਲੈ ਸਕਦਾ ਸੀ। ਪਰ ਜਿੱਥੋਂ ਤੱਕ ਸ਼ੂਦਰ ਦਾ ਸਬੰਧ ਸੀ, ਉਹ ਕਿਸੇ ਵੀ ਤਰ੍ਹਾਂ ਦੀ ਸਿੱਖਿਆ ਨਹੀਂ ਲੈ ਸਕਦਾ ਸੀ।

ਸਿਰਫ ਸ਼ੂਦਰਾਂ ਨੂੰ ਹੀ ਸਿੱਖਿਆ ਤੋਂ ਵਾਂਝਾ ਨਹੀਂ ਰੱਖਿਆ ਗਿਆ ਸੀ ਜਾਤ, ਨਿਰਪੱਖ ਸਾਰੀਆਂ ਔਰਤਾਂ ਨੂੰ ਵੀ ਵਿੱਦਿਆ ਹਾਸਲ ਕਰਨ ਤੋਂ ਵਾਂਝਾ ਰੱਖਿਆ ਗਿਆ ਸੀ।

ਇਹੋ ਕਾਰਨ ਹੈ ਕਿ ਹਿੰਦੂ ਸਮਾਜ ਦੇ ਚੌਹ-ਵਰਣ ਆਦਰਸ਼ ਮੁਤਾਬਕ ਭਾਰਤ ਦੀ ਜਨਤਾ ਦਾ ਅੱਧੇ ਨਾਲੋਂ ਕਿਤੇ ਵੱਧ ਹਿੱਸਾ ਸਿੱਖਿਆ ਤੋਂ ਬਿਲਕੁਲ ਵਾਂਝਾ ਰਿਹਾ; ਹਿੰਦੂ ਸਮਾਜ ਦੀ ਇਸ ਚੌਹ-ਵਰਣੀ ਵੰਡ ਦੀ ਸਭ ਤੋਂ ਵੱਧ ਖ਼ਤਰਨਾਕ ਗੱਲ ਇਹ ਹੈ ਕਿ ਇਹ ਜਨਮ ਤੋਂ ਮਰਨ ਤੱਕ ਜਾਰੀ ਰਹਿਣ ਵਾਲੀ ਵੰਡ ਹੈ। ਇਕ ਵਾਰ ਬ੍ਰਾਹਮਣ ਦੇ ਘਰ ਜੰਮ ਪਿਆ, ਮਰਨ ਤੱਕ ਬ੍ਰਾਹਮਣ ਭਾਵੇਂ ਕਿੰਨਾ ਵੀ ਭਿਆਨਕ ਪਾਪ ਕਿਉਂ ਨਾ ਕਰੇ। ਇਕ ਵਾਰ ਸ਼ੂਦਰ ਹਮੇਸ਼ਾ ਲਈ ਸ਼ੂਦਰ, ਭਾਵੇਂ ਉਹ ਕਿੰਨਾ ਵੀ ਵੱਡਾ ਪੁੰਨ ਦਾ ਕੰਮ ਕਿਉਂ ਨਾ ਕਰੇ, ਸ਼ੂਦਰ ਹੀ ਰਹੇਗਾ। ਭਾਰਤੀ ਸਮਾਜ ਦੀ ਅਜਿਹੀ ਨਾ-ਬਰਾਬਰੀ ਦੀ ਹਾਲਤ ਵਿਚ ਭਗਵਾਨ ਬੁੱਧ ਦਾ ਧਰਮ ਹੀ ਮਹਾਨ ਸੇਵਾ ਕਰ ਸਕਦਾ ਹੈ। ਬੁੱਧ ਧਰਮ ਵਿਅਕਤੀ ਦੇ ਸਵੈ-ਵਿਕਾਸ ਲਈ ਮਾਨਵ ਵੱਲੋਂ ਮਿੱਥਿਆ ਗਿਆ ਸਭ ਤੋਂ ਵਧੀਆ ਸਾਧਨ ਹੈ। ਜੇ ਆਦਮੀ ਇਸ ਨੂੰ ਅਪਣਾ ਲਵੇ ਤਾਂ ਉਸ ਨੂੰ ਫਿਰ ਕਿਸੇ ਚੀਜ਼ ਦੀ ਲੋੜ ਨਹੀਂ ਰਹਿੰਦੀ।

# ਗਿਆਨ - ਵਿਗਿਆਨ



**ਮੇਘ ਰਾਜ ਮਿੱਤਰ**
**+91-98887-87440**

### ਪੁਲਾੜ ਯਾਤਰੀ ਪੁਲਾੜ ਵਿੱਚ ਕੰਮ ਕਿਵੇਂ ਕਰਦਾ ਹੈ?

ਪੁਲਾੜ ਵਿੱਚ ਪੁਲਾੜ ਯਾਤਰੀ ਨੂੰ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੁਲਾੜ ਵਿੱਚ ਕੋਈ ਹਵਾ ਨਹੀਂ ਹੁੰਦੀ ਇਸ ਲਈ ਉਸਨੂੰ ਸਾਹ ਲੈਣ ਲਈ ਆਕਸੀਜਨ ਦੇ ਸਿਲੰਡਰ ਆਪਣੇ ਨਾਲ ਲੈ ਕੇ ਜਾਣੇ ਪੈਂਦੇ ਹਨ। ਹਵਾ ਨਾ ਹੋਣ ਕਰਕੇ ਵਾਯੂ ਮੰਡਲ ਦਾ ਦਬਾਉ ਬਣਾਇਆ ਹੁੰਦਾ ਹੈ। ਪੁਲਾੜ ਵਿੱਚ ਕੋਈ ਗੁਰੂਤਾ ਖਿੱਚ ਨਹੀਂ ਹੁੰਦੀ। ਇਸ ਲਈ ਉਸਨੂੰ ਚੀਜ਼ ਨੂੰ ਫੜਨ ਭੋਜਨ ਚਿੱਥਣ ਵਰਗੀਆਂ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਕਰਕੇ ਪੁਲਾੜ ਯਾਤਰੀ ਟਿਊਬਾਂ ਵਿੱਚ ਭਰਿਆਂ ਤਰਲ ਭੋਜਨ ਹੀ ਪੀਂਦੇ ਹਨ। ਉਹਨਾਂ ਨੂੰ ਆਪਣੇ ਸਰੀਰ ਦੇ ਮਲ ਤਿਆਗ ਨੂੰ ਨਸ਼ਟ ਕਰਨ ਵਿੱਚ ਵੀ ਸਮੱਸਿਆਵਾਂ ਹੁੰਦੀਆਂ ਹਨ। ਤਰਲ ਮਲ ਤਿਆਗ ਨੂੰ ਉਹ ਪੰਪ ਰਾਹੀਂ ਰੌਕੇਟ ਤੋਂ ਬਾਹਰ ਸੁੱਟ ਦਿੰਦੇ ਹਨ ਜਿੱਥੇ ਉਹ ਗੈਸ ਵਿੱਚ ਬਦਲ ਜਾਂਦੇ ਹਨ। ਠੋਸ ਮਲ ਤਿਆਗ ਵਿੱਚ ਰਸਾਇਣਿਕ ਦਵਾਈਆਂ ਪਾ ਕੇ ਉਹਨਾਂ ਨੂੰ ਪਲਾਸਟਿਕ ਦੇ ਥੈਲਿਆਂ ਵਿੱਚ ਧਰਤੀ ਤੇ ਆਉਣ ਸਮੇਂ ਸੁੱਟ ਦਿੱਤਾ ਜਾਂਦਾ ਹੈ। ਹਵਾ ਨਾ ਹੋਣ ਕਾਰਨ ਉਹਨਾਂ ਨੂੰ ਪੁਲਾੜ ਵਿੱਚ ਗੱਲਬਾਤ ਕਰਨ ਦੀ ਔਖ ਹੁੰਦੀ ਹੈ। ਇਸ ਲਈ ਉਹ ਵਾਇਰਲੈਸ ਦਾ ਇਸਤੇਮਾਨ ਕਰਦੇ ਹਨ। ਰਾਕੇਟ ਵਿੱਚ ਅਜਿਹੇ ਕੈਬਨ ਵੀ ਹੁੰਦੇ ਹਨ ਜਿੱਥੇ ਧਰਤੀ ਦੇ ਵਾਯੂਮੰਡਲ ਦੇ ਬਰਾਬਰ ਦਬਾਉ ਤਾਪਮਾਨ ਅਤੇ ਹਵਾ ਦੀ ਮਾਤਰਾ ਦਾ ਪ੍ਰਬੰਧ ਹੁੰਦਾ ਹੈ।

### ਐਕਸਰੇ ਕੀ ਹੁੰਦੇ ਹੈ?

ਐਕਸਰੇ ਬਾਰੇ ਜਾਣਕਾਰੀ ਲੈਣ ਤੋਂ ਪਹਿਲਾਂ ਸਾਨੂੰ ਕੈਥੋਡ ਕਿਰਨਾਂ ਬਾਰੇ ਕੁਝ ਜਾਣਕਾਰੀ ਹੋਣੀ ਚਾਹੀਦੀ ਹੈ। ਜੇ ਕਿਸੇ ਕੱਚ ਦੀ ਟਿਊਬ ਵਿੱਚੋਂ ਹਵਾ ਕੱਢ ਕੇ ਇਸ ਦਾ ਦਬਾਉ ਬਹੁਤ ਘੱਟ ਕੀਤਾ ਜਾਵੇ ਅਤੇ ਦੋ ਇਲੈਕਟਰਡ ਲਾ ਕੇ ਇਸ ਵਿੱਚ ਉੱਚ ਵੋਲਟੇਜ ਦੀ ਬਿਜਲੀ ਲੰਘਾਈ ਜਾਵੇ ਤਾਂ ਇਸ ਤੋਂ ਅਜਿਹੀਆਂ ਕਿਰਨਾਂ ਨਿਕਲਣ ਲੱਗ ਪੈਂਦੀਆਂ ਹਨ ਜਿਹੜੀਆਂ ਕੱਚ ਦੀ ਟਿਊਬ ਵਿੱਚੋਂ ਹਵਾ ਕੱਢ ਕੇ ਇਸ ਦਾ ਦਬਾਉ ਬਹੁਤ ਘੱਟ ਕੀਤਾ ਜਾਵੇ ਅਤੇ ਦੋ ਇਲੈਕਟ੍ਰਾਡ ਲਾ ਕੇ ਇਸ ਵਿੱਚ ਉੱਚ ਵੋਲਟੇਜ ਦੀ ਬਿਜਲੀ ਲੰਘਾਈ ਜਾਵੇ ਤਾਂ ਇਸ ਤੋਂ ਅਜਿਹੀਆਂ ਕਿਰਨਾਂ ਨਿਕਲਣ ਲੱਗ ਪੈਂਦੀਆਂ ਹਨ ਜਿਹੜੀਆਂ ਕੱਚ ਦੀ ਟਿਊਬ ਦੀਆਂ ਦੀਵਾਰਾਂ ਨੂੰ ਚਮਕਣ ਲਾ ਦਿੰਦੀਆਂ ਹਨ। ਇਹਨਾਂ ਕਿਰਨਾਂ ਨੂੰ ਕੈਥੋਡ ਕਿਰਨਾਂ ਕਿਹਾ ਜਾਂਦਾ ਹੈ। ਹੁਣ ਜੇ ਇਹ ਕਿਰਨਾਂ ਟੰਗਸਟਨ ਦੀ ਧਾਤ ਤੇ ਟਕਰਾਈਆਂ ਜਾਣ ਤਾਂ ਇਸ ਵਿੱਚੋਂ ਇੱਕ ਹੋਰ ਕਿਸਮ ਦੀਆਂ ਕਿਰਨਾਂ ਪੈਦਾ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਹਨਾਂ ਨੂੰ ਐਕਸ ਕਿਰਨਾਂ ਕਹਿੰਦੇ ਹਾਂ। ਇਹ ਕਿਰਨਾਂ ਮਨੁੱਖੀ ਮਾ ਵਿੱਚੋਂ ਤਾਂ ਲੰਘ ਸਕਦੀਆਂ ਹਨ ਪਰ ਹੱਡੀਆਂ ਵਿੱਚੋਂ ਨਹੀਂ ਲੰਘ ਸਕਦੀਆਂ। ਇਸ ਕਰਕੇ ਇਹ ਮਨੁੱਖੀ ਸਰੀਰਾਂ ਵਿੱਚ ਟੁੱਟੀਆਂ ਹੱਡੀਆਂ ਦਾ ਪਤਾ ਲਾਉਣ ਲਈ ਵਰਤੀਆਂ ਜਾਂਦੀਆਂ ਹਨ। ਇਸ ਦੀ ਵਰਤੋਂ ਨਾਲ ਬੰਦ ਅਟੇਚੀਆਂ ਵਿੱਚੋਂ ਸੋਨੇ ਆਦਿ ਦਾ ਪਤਾ ਲਾਇਆ ਜਾਂਦਾ ਹੈ। ਧਰਤੀ ਵਿੱਚ ਲਕੋਏ ਕਾਲੇ ਧਨ ਨੂੰ ਲੱਭਣ ਲਈ ਵੀ ਇਹ ਕਿਰਨਾਂ ਸਹਾਈ ਹੁੰਦੀਆਂ ਹਨ।

### ਲੜਾਈ ਦੇ ਮੈਦਾਨ ਵਿੱਚ ਕਿਹੜੇ-ਕਿਹੜੇ ਬੰਬ ਵਰਤੇ ਜਾਂਦੇ ਹਨ?

ਲੜਾਈ ਦੇ ਮੈਦਾਨ ਵਿੱਚ ਬੰਬਾਂ ਦੀਆਂ ਕਈ ਕਿਸਮਾਂ ਦੀ ਵਰਤੋਂ ਹੁੰਦੀਆਂ ਹੈ। ਇਹਨਾਂ ਦਾ ਮੰਤਵ ਵੱਖ- ਵੱਖ ਹੁੰਦਾ ਹੈ। ਨਾਪਾਮ ਬੰਬਾਂ ਵਿੱਚ ਪੈਟਰੋਲੀਅਮ, ਜੈਲੀ ਅਤੇ ਟੋਲੂਨ ਆਦਿ ਰਸਾਇਣਿਕ ਪਦਾਰਥ ਭਰੇ ਹੁੰਦੇ ਹਨ। ਇਹਨਾਂ ਦਾ ਮੰਤਵ ਅੱਗ ਲਾਉਣ ਹੁੰਦਾ ਹੈ ਅਤੇ ਇਹਨਾਂ ਦੁਆਰਾ ਲਗਾਈ ਅੱਗ ਬੁਝਾਉਣੀ ਔਖੀ ਹੁੰਦੀ ਹੈ।

ਨਿਊਟ੍ਰਾਨ ਬੰਬ ਦੀ ਇੱਕ ਕਿਸਮ ਹੈ ਜਿਹੜੀ ਸਿਰਫ ਨਿਊਟ੍ਰਾਨ ਅਤੇ ਗਾਮਾ ਕਿਰਨਾਂ ਹੀ ਛੱਡਦੀ ਹੈ। ਇਹ ਮਨੁੱਖਾਂ ਅਤੇ ਜਾਨਵਰਾਂ ਨੂੰ ਖ਼ਤਮ ਕਰਕੇ ਹੋਰ ਕਿਸੇ ਕਿਸਮ ਦਾ ਨੁਕਸਾਨ ਨਹੀਂ ਕਰਦੀ ਹੈ। ਹੀਰੋਸ਼ੀਮਾ ਅਤੇ ਨਾਗਾਸਾਕੀ ਉੱਪਰ ਸੁੱਟੇ ਗਏ ਬੰਬ ਐਟਮ ਬੰਬ ਸਨ। ਇਹਨਾਂ ਵਿੱਚ ਯੂਰੇਨੀਅਮ 235 ਦੇ ਨਿਊਟ੍ਰਾਨ ਮੁਕਤ ਹੋ ਜਾਂਦੇ ਹਨ ਜਿਹੜੇ ਅੱਗੇ ਹੋਰ ਨਿਊਕਲੀਅਸਾਂ ਨੂੰ ਤੋੜਦੇ ਅਤੇ ਹੋਰ ਉਰਜਾ ਮੁਕਤ ਹੋ ਜਾਂਦੇ ਹਨ ਜਿਹੜੇ ਅੱਗੇ ਹੋਰ ਨਿਊਕਲੀਅਸਾਂ ਨੂੰ ਤੋੜਦੇ ਅਤੇ ਹੋਰ ਉਰਜਾ ਮੁਕਤ ਕਰਦੇ ਰਹਿੰਦੇ ਹਨ ਇਸ ਤਰ੍ਹਾਂ ਬੰਬ ਦੇ ਫਟਣ ਨਾਲ ਵੱਡੀ ਮਾਤਰਾ ਵਿਚ ਗਰਮੀ ਪੈਦਾ ਹੁੰਦੀ ਹੈ।

ਬੰਬਾਂ ਦੀ ਸਭ ਤੋਂ ਭਿਆਨਕ ਕਿਸਮ ਹਾਈਡ੍ਰੋਜਨ ਬੰਬ ਹਨ ਇਹਨਾਂ ਦੇ ਵਿਸਫੋਟ ਲਈ ਐਟਮ ਬੰਬਾ ਦੀ ਲੋੜ ਹੁੰਦੀ ਹੈ। ਇਹ ਨਿਊਕਲੀ ਸੰਯੋਜਨ ਕ੍ਰਿਆ ਹੈ। ਇਸ ਵਿੱਚ ਹਾਈਡ੍ਰੋਜਨ ਦੇ ਪ੍ਰਮਾਣੂ ਦੇ ਚਾਰ ਨਿਊਕਲਅਸ ਜੁੜ ਕੇ ਹੀਲੀਅਮ ਨਾਂ ਦੀ ਗੈਸ ਦਾ ਇੱਕ ਨਿਊਕਲੀਅਸ ਬਣਾਉਂਦੇ ਹਨ। ਇਹ ਬੰਬ ਭਿਆਨਕ ਤਬਾਹੀ ਮਚਾ ਪਰ ਜਿਸ ਦਿਨ ਇਹਨਾਂ ਬੰਬਾਂ ਦੀ ਵਰਤੋਂ ਹੋ ਗਈ ਧਰਤੀ ਤੋਂ ਮਨੁੱਖ ਜਾਤੀ ਦਾ ਨਾਂ-ਨਿਸ਼ਾਨ ਸਦਾ ਲਈ ਮਿਟ ਜਾਵੇਗਾ।

### ਪਲਾਸਟਿਕ ਸਰਜਰੀ ਕੀ ਹੈ?

ਇਹ ਸੁਣਣ ਵਿੱਚ ਆਇਆ ਹੈ ਕਿ ਇੱਕ ਵਾਰ ਭਾਰਤ ਦੀ ਵਿਛੜ ਚੁੱਕੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਬਿਹਾਰ ਵਿੱਚ ਚੋਣ ਦੌਰ ਤੇ ਗਈ ਸੀ ਤਾਂ ਭੀੜ ਵਿੱਚੋਂ ਕੁਝ ਵਿਅਕਤੀਆਂ ਨੇ ਸ੍ਰੀਮਤੀ ਇੰਦਰਾ ਗਾਂਧੀ ਉੱਤੇ ਰੋੜਿਆਂ ਦੀ ਵਰਖਾ ਕਰ ਦਿੱਤੀ ਸੀ। ਇਸ ਤਰ੍ਹਾਂ ਸ੍ਰੀਮਤੀ ਇੰਦਰਾ ਗਾਂਧੀ ਦੇ ਚਿਹਰੇ ਤੇ ਨਿਸ਼ਾਨ ਪੈ ਗਏ ਸਨ। ਇਹਨਾਂ ਨਿਸ਼ਾਨਾਂ ਨੂੰ ਦੂਰ ਕਰਨ ਲਈ ਸ੍ਰੀਮਤੀ ਇੰਦਰਾ ਗਾਂਧੀ ਨੂੰ ਪਲਾਸਟਿਕ ਸਰਜਰੀ ਕਰਵਾਉਣੀ ਪਈ।

ਚਿਹਰੇ ਦੇ ਦਾਗਾਂ ਅਤੇ ਹੋਰ ਜਖਮਾਂ ਦੇ ਨਿਸ਼ਾਨਾਂ ਨੂੰ ਠੀਕ ਕਰਨ ਲਈ ਡਾਕਟਰ ਇੱਕ ਢੰਗ ਵਰਤੋਂ ਵਿੱਚ ਲਿਆਉਂਦੇ ਹਨ। ਇਸਨੂੰ ਪਲਾਸਟਿਕ ਸਰਜਰੀ ਕਿਹਾ ਜਾਂਦਾ ਹੈ। ਇਸ ਵਿੱਚ ਸਰੀਰ ਦੇ ਕਿਸੇ ਸਿਹਤਮੰਦ ਭਾਗ ਵਿੱਚੋਂ ਜਖਮ ਜਿੰਨੀ ਚਮੜੀ ਦੀਆਂ ਉਪਰਲੀਆਂ ਦੋ ਪਰਤਾਂ ਕੱਟ ਲਈਆਂ ਜਾਂਦੀਆਂ ਹਨ। ਇਹਨਾਂ ਪਰਤਾਂ ਨੂੰ ਜਖਮਾਂ ਜਾਂ ਨਿਸ਼ਾਨ ਵਾਲੇ ਸਥਾਨ ਤੇ ਜੋੜ ਦਿੱਤਾ ਜਾਂਦਾ ਹੈ। ਕੁਝ ਦਿਨਾਂ ਪਿੱਛੋਂ ਚਮੜੀ ਦੇ ਸੈੱਲ ਆਪਣਾ ਵਾਧਾ ਸ਼ੁਰੂ ਕਰ ਦਿੰਦੇ ਹਨ ਅਤੇ ਜ਼ਖਮ ਭਰ ਜਾਂਦਾ ਹੈ।

ਅੱਜ ਕੱਲ ਚਿਹਰੇ ਸੁੰਦਰ ਬਣਾਉਣ ਲਈ ਅਤੇ ਝੁਰੜੀਆਂ ਮਿਟਾਉਣ ਲਈ ਪਲਾਸਟਿਕ ਸਰਜਰੀ ਦੀ ਵਰਤੋਂ ਆਮ ਹੋ ਗਈ ਹੈ। ਡਾਕਟਰਾਂ ਨੇ ਇਸ ਤਕਨੀਕ ਨੂੰ ਇਸ ਹੱਦ ਤੱਕ ਵਿਕਸਿਤ ਕਰ ਲਿਆ ਹੈ ਕਿ ਉਹ ਮਾਤਾ ਦੇ ਦਾਗਾਂ ਦਾ ਨਾਂ ਨਿਸ਼ਾਨ ਵੀ ਚਿਹਰਿਆਂ ਤੋਂ ਸਦਾ ਲਈ ਮਿਟਾ ਦਿੰਦੇ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਨਵਦੀਪ ਸਿੰਘ ਜਗਤਪੁਰ ਨੇ ਇਟਲੀ ਚ ਹੋਏ ਕਰਾਟੇ ਚੈਪੀਅਨਸ਼ਿਪ ਚ ਪਹਿਲਾ ਸਥਾਨ ਪ੍ਰਾਪਤ ਕੀਤਾ





**ਰੋਮ (ਇਟਲੀ (ਟੇਕ ਚੰਦ ਜਗਤਪੁਰ)–** ਫੈਡਰੇਸ਼ਨ ਇਟਾਲੀਅਨ ਆਰਟੀ ਮਰਜੀਆਲੀ ਵਲੋ ਸਬੀਓਨੇਤਾ (ਮਾਨਤੋਵਾ) ਵਿਖੇ ਕਰਾਟੇ ਚੈਪੀਅਨਸ਼ਿਪ ਕਰਵਾਈ ਗਈ ਜਿਸ ਵਿਚ ਇਟਲੀ ਭਰ ਚੋ 350 ਤੋ ਵੱਧ ਖਿਡਾਰੀਆਂ ਨੇ ਹਿੱਸਾ ਲਿਆਂ। ਇਸ ਚੈਪੀਅਨਸ਼ਿਪ ਵਿਚ ਇਟਾਲੀਅਨ, ਭਾਰਤੀ, ਮਾਰੋਕੀਨੀ, ਚਨੇਜੀ, ਪਾਕਿਸਤਾਨੀ, ਗਾਨਾ, ਪੋਲੈਂਡ ਅਤੇ ਹੋਰ ਵੱਖ-ਵੱਖ ਦੇਸ਼ਾਂ ਦੇ ਖਿਡਾਰੀ ਸ਼ਾਮਿਲ ਹੋਏ। ਇਸ ਚੈਪੀਅਨਸ਼ਿਪ ਪ੍ਰਤੀ ਖਿਡਾਰੀਆਂ ਵਿਚ ਕਾਫੀ ਉਤਸ਼ਾਹ ਪਾਇਆ ਗਿਆ। ਜਿਨਾਂ ਨੇ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਚੈਪੀਅਨਸ਼ਿਪ ਵਿਚ ਵੱਖ-ਵੱਖ ਵਰਗ ਉਮਰ ਦੇ ਮੁਕਾਬਲੇ ਹੋਏ, ਜਿਨ੍ਹਾਂ ਚੋ 13 ਸਾਲ ਵਰਗ ਉਮਰ ਦੇ ਹੋਏ ਮੁਕਾਬਲਿਆਂ ਚ ਨਵਦੀਪ ਸਿੰਘ ਜਗਤਪੁਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਚਾਂਦੀ ਦੇ ਮੈਡਲ ਤੇ ਕਬਜਾ ਕੀਤਾ।

ਉਸ ਨੂੰ ਪੀਲੀ, ਚਿੱਟੀ ਬੈਲਟ ਹਾਸ਼ਲ ਗਈ ਅਤੇ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ। ਜਦ ਕਿ ਇਟਾਲੀ ਰੋਬਰੈਤੋ ਤਰੀਨੋ ਦੂਜੇ ਅਤੇ ਮਾਰਕੋ ਨਾਪੋਲੀ ਤੀਜੇ ਸਥਾਨ ਤੇ ਰਹੇ। ਇਸ ਮੌਕੇ ਤੇ ਕੋਚ ਗਲੌਰੀਆ ਲੌਜੀਰਾਜੀਨੀ ਨੇ ਕਿਹਾ ਕਿ ਨਵਦੀਪ ਸਿੰਘ ਪਿਛਲੇ ਸਾਲ ਹੋਈ ਕਰਾਟੇ ਚੈਪੀਅਨਸ਼ਿਪ 'ਚ ਦੂਜੇ ਸਥਾਨ ਤੇ ਰਿਹਾ ਸੀ। ਉਨ੍ਹਾਂ ਅੱਗੇ ਕਿਹਾ ਕਿ ਜਿਥੇ ਉਹ ਲੰਮੇ ਸਮੇ ਤੋ ਕਰਾਟਿਆਂ ਦੀ ਸਿਖਲਾਈ ਖਿਡਾਰੀਆਂ ਨੂੰ ਦੇ ਰਹੇ ਹਨ,ਉਥੇ ਕਰਾਟੇ ਚੈਪੀਅਨਸ਼ਿਪ ਕਰਵਾਉਣ ਨਾਲ ਖਿਡਾਰੀਆਂ ਦੀ ਕਲਾ ਦੀ ਪਰਖ ਹੁੰਦੀ ਹੈ ਅਤੇ ਖਿਡਾਰੀਆਂ ਵਿਚ ਮੁਕਾਬਲੇ ਦੀ ਭਾਵਨਾ ਵਧੇਰੇ ਪੈਦਾ ਹੁੰਦੀ ਹੈ।ਉਨ੍ਹਾਂ ਅੱਗੇ ਕਿਹਾ ਕਿ ਭਾਰਤੀ ਹੁਣ ਕਰਾਟੇ ਵਰਗੀਆਂ ਖੇਡਾਂ ਅਪਣਾ ਕੇ ਇਕ ਵਿਲੱਖਣ ਮਿਸਾਲ ਪੈਦਾ ਕਰ ਰਹੇ ਹਨ।

ਉਨ੍ਹਾਂ ਇਸ ਮੌਕੇ ਤੇ ਜੇਤੂ ਖਿਡਾਰੀਆਂ ਨੂੰ ਮੁਬਾਰਕਵਾਦ ਵੀ ਦਿੱਤੀ। ਵਰਨਣਯੋਗ ਹੈ ਕਿ ਇਸ ਕਰਾਟੇ ਚੈਪੀਅਨਸ਼ਿਪ ਵਿਚ ਪਹਿਲਾ ਪ੍ਰਾਪਤ ਕਰਨ ਵਾਲਾ ਨਵਦੀਪ ਸਿੰਘ ਜੋ ਕਿ ਸਮਾਜ ਦੇ ਹਰ ਪਹਿਲੂ ਤੋ ਸੇਵਾ ਹਿੱਤ ਸਮਰਪਿਤ ਬਾਬਾ ਰਾਮ ਚੰਦ ਯਾਦਗਾਰੀ ਟਰੱਸਟ ਯੂਰਪ ਦੇ ਮੁੱਖ ਸਲਾਹਕਾਰ ਸਰਬਜੀਤ ਸਿੰਘ ਜਗਤਪੁਰ ਦਾ ਸਪੁੱਤਰ ਹੈ, ਜੋ ਕਿ ਜਿਥੇ ਦੌੜਾਂ ਵਿਚ ਵੀ ਸਕੂਲ ਪੱਧਰ ਤੇ ਜਿੱਤਾ ਪ੍ਰਾਂਪਤ ਕਰਕੇ ਨਾਮਣਾ ਖੱਟ ਰਿਹਾ ਹੈ ਉਥੇ ਵਿਦਿਅਕ ਖੇਤਰ ਚ ਪੜਾਈ ਪੱਖੋ ਮੱਲਾਂ ਮਾਰ ਕੇ ਭਾਰਤੀਆਂ ਦਾ ਇਟਲੀ ਚ ਨਾਂਅ ਰੋਸ਼ਨ ਕਰ ਰਿਹਾ ਹੈ। ਇਸ ਮੌਕੇ ਤੇ ਸ ਸਰਬਜੀਤ ਸਿੰਘ ਜਗਤਪੁਰ, ਕਿਰਨ ਬਾਲਾ, ਮਨਜੀਤ ਕੌਰ, ਸ੍ਰੀ ਅਸ਼ਵਨੀ ਕੁਮਾਰ ਕੋਟਲੀ, ਜਗਦੀਸ਼ ਕੁਮਾਰ, ਰਾਜਵੀਰ ਸਿੰਘ, ਏਕਮਜੋਤ ਸੂੰਢ, ਦਲਵੀਰ ਰਾਏ ਅਤੇ ਇਟਾਲੀਅਨ ਸਖਸ਼ੀਅਤਾਂ ਹਾਜਰ ਸਨ।

# ਸਾਬਕਾ ਮੈਂਬਰ ਪਾਰਲੀਮੈਂਟ ਸ. ਹਰਭਜਨ ਸਿੰਘ ਲਾਖਾ ਦੀ ਪਹਿਲੀ ਬਰਸੀ 'ਤੇ ਸ਼ਰਧਾਂਜਲੀ ਸਮਾਰੋਹ

## ਅਨਮੋਲ ਪੈਲਸ ਮੇਨ ਰੋਡ, ਬੰਗਾ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ)




**ਬੰਗਾ (ਰੇਸ਼ਮ ਕਰਨਾਣਵੀ)–** ਦਲਿਤਾਂ ਦੇ ਘਰਾਂ ਨੂੰ ਉਸਾਰੂ ਸੋਚ ਦੇ ਕੇ ਨਵੇਂ ਚਿਰਾਗਾਂ ਦੀ ਨਵੀਂ ਰੌਸ਼ਨੀ ਨਾਲ ਜਗਮਗ ਕਰਨ ਵਾਲੇ, ਸਰੀਰਕ ਅਤੇ ਮਾਨਸਿਕ ਗ਼ੁਲਾਮ ਲੋਕਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾ ਕੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦੀ ਸੋਚ ਦਾ ਪ੍ਰਚਾਰ ਕਰਕੇ ਅਤੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਮਸੀਹਾ ਵਜੋਂ ਪ੍ਰਵਾਨਤ ਸ਼ਖਸ਼ੀਅਤ ਅਤੇ ਬਹੁਜਨ ਸਮਾਜ ਦੇ ਵਰਕਰਾਂ ਵਲੋਂ ਸਤਿਕਾਰ ਵਜੋਂ "ਬਾਬਾ ਬੋਹੜ" ਦੇ ਖਿਤਾਬ ਨਾਲ ਨਿਵਾਜੇ ਸ. ਹਰਭਜਨ ਲਾਖਾ ਜੀ ਆਪਣੇ ਜੀਵਨ ਦਾ ਕੀਮਤੀ ਸਮਾਂ ਬਹੁਜਨ ਸਮਾਜ ਦੇ ਲੇਖੇ ਲਾ ਕੇ 11 ਜੂਨ 2014 ਨੂੰ ਅਕਾਲ ਚਲਾਣਾ ਕਰ ਗਏ ਸਨ। 1978 ਵਿਚ ਏਅਰ ਫੋਰਸ ਦੀ ਨੌਕਰੀ ਛੱਡ ਕੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੀ ਲਹਿਰ ਨੂੰ ਤਨਦੇਹੀ ਨਾਲ ਚਲਾਉਂਦਿਆਂਂਲੋਕਾਂ ਨੂੰ ਲਾਮਬੰਦ ਕਰਕੇ ਲਾਖਾ ਜੀ 1989 ਅਤੇ 1996 ਵਿਚ ਲੋਕ ਸਭਾ ਹਲਕਾ ਫਿਲੌਰ ਤੋਂ ਦੋ ਵਾਰ ਮੈਂਬਰ ਪਾਰਲੀਮੈਂਟ ਬਣੇ।

ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੀ ਚਲਾਈ ਸਮਾਜਿਕ ਪਰਿਵਰਤਨ ਅਤੇ ਆਰਥਿਕ ਮੁਕਤੀ ਦੀ ਲਹਿਰ ਵਿਚ ਇੱਕ ਨਿਧੜਕ, ਬੇਬਾਕ, ਬੇਦਾਗ਼, ਸਮਾਜ ਦੀ ਬਿਹਤਰੀ ਲਈ ਬੇਕਰਾਰ ਰੂਹ ਦਾ ਵਿਛੋੜਾ ਸਮਾਜ ਲਈ ਅਸਹਿਜਤਾ ਅਤੇ ਖਲਾਅ ਪੈਦਾ ਕਰ ਗਿਆ। ਸਾਹਿਬ ਸ਼੍ਰੀ ਕਾਂਸ਼ੀ ਰਾਮ ਨਾਲ ਸਮਰਪਿਤ ਭਾਵਨਾ ਨਾਲ ਕੀਤੇ ਅਹਿਦ, ਸੰਕਲਪ ਨੂੰ ਜੀ ਜਾਨ ਹੂਲ ਕੇ ਇਮਾਨਦਾਰੀ, ਨਿਡਰਤਾ ਨਾਲ ਨਿਭਾਉਣ ਵਾਲੇ ਇਸ ਅਜ਼ੀਮ ਸਖਸ਼ ਦੀ ਜੀਵਨ ਘਾਲਣਾ ਅਤੇ ਸੰਘਰਸ਼ ਲਾਸਾਨੀ ਬਣ ਗਿਆ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਤੇ ਦਲਿਤ ਸੰਤ ਸਤਿਗੁਰਾਂ ਦੀ ਸੋਚ ਤੇ ਪਹਿਰਾ ਦਿੰਦਿਆਂ ਉਹਨਾਂ ਦੀਆਂ ਸਮਾਜ ਲਈ ਕੁਰਬਾਨੀਆਂ ਨੂੰ ਹਮੇਸ਼ਾਂ ਆਪਣੀ ਸਮਾਜਿਕ ਅਤੇ ਰਾਜਨੀਤਿਕ ਵਿਚਾਰਧਾਰਾ ਦਾ ਅਧਾਰ ਬਣਾਇਆ। ਉਹਨਾਂ ਸਦਾ ਹੀ ਬਿਰਪਨਵਾਦੀ ਵਿਚਾਰਧਾਰਾ ਦੀਆਂ ਧੱਜੀਆਂ ਉਡਾਉਣ ਦਾ ਹੋਕਾ ਦਿੱਤਾ। ਉਮਰ ਦੇ ਆਖਰੀ ਪੜਾਅ ਵਿਚ ਉਹਨਾਂ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ ਦਰਬਾਰ ਸਾਹਿਬ ਅਮ੍ਰਿਤਸਰ ਤੋਂ ਅਮ੍ਰਿਤ ਛਕ ਕੇ ਸਿੰਘ ਸਜ ਕੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ "ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ।।" ਮੁਤਾਬਕ ਉਹਨਾਂ ਪ੍ਰਤੀ ਆਪਣੀ ਸਾਰਥਿਕ ਸ਼ਰਧਾ ਅਤੇ ਅਮਲ ਦਾ ਸਬੂਤ ਦਿੱਤਾ। ਦਲਿਤ ਜਾਗ੍ਰਿਤੀ ਲਈ ਉਮਰ ਭਰ ਸੰਘਰਸ਼ ਕਰਨ ਵਾਲੇ ਅਣਥੱਕ ਯੋਧੇ ਸ. ਹਰਭਜਨ ਸਿੰਘ ਲਾਖਾ ਦੇ ਦ੍ਰਿੜ ਇਰਾਦੇ ਅਤੇ ਜਜ਼ਬੇ ਦੇ ਭਰ ਵਗਦੇ ਦਰਿਆ ਨੇ ਅਜੇ ਸਮਾਜ ਦੇ ਹੋਰ ਕਈ ਮਾਰੂਥਲ ਸਿੰਜਣੇ ਸਨ, ਉਹ ਪਲਾਂ 'ਚ ਹੀ ਸਮੁੰਦਰ ਵਿਚ ਵਿਲੀਨ ਹੋ ਗਿਆ। ਦਲਿਤ ਬਹੁਜਨਾਂ ਦੇ ਵਿਹੜਿਆਂ ਨੂੰ ਹੱਕ ਸੱਚ ਦੀ ਰੌਸ਼ਨੀ ਵੰਡਦਾ ਮਘਦਾ ਸੂਰਜ ਸਦਾ ਲਈ ਅਸਤ ਹੋ ਗਿਆ।

ਉਹਨਾਂ ਦੀ ਪਹਿਲੀ ਬਰਸੀ 'ਤੇ 10 ਮਈ 2015 ਦਿਨ ਐਤਵਾਰ ਨੂੰ ਅਨਮੋਲ ਪੈਲਸ ਬੰਗਾ ਵਿਖੇ ਸ਼ਰਧਾਜਲੀ ਸਮਾਗਮ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਉਹਨਾਂ ਦੇ ਕਨੇਡਾ ਵਸਦੇ ਪਰਿਵਾਰ ਅਤੇ ਸਨੇਹੀਆਂ ਵਲੋਂ ਸੰਗਤਾਂ ਨੂੰ ਪਹੁੰਚਣ ਦੀ ਸਨਿਮਰ ਬੇਨਤੀ ਹੈ।

ਇਸ ਮੌਕੇ ਸ. ਹਰਭਜਨ ਸਿੰਘ ਲਾਖਾ ਜੀ ਦੇ ਜੀਵਨ ਅਤੇ ਸੰਘਰਸ਼ ਨਾਲ ਜੁੜੀਆਂ ਯਾਦਾਂ ਬੁਲਾਰਿਆਂ ਵਲੋਂ ਸਾਝੀਆਂ ਕੀਤੀਆਂ ਜਾਣਗੀਆਂ ਅਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਜਾਣਗੇ ।

10 ਮਈ 2015 ਨੂੰ ਸਵੇਰੇ 9:30 ਵਜੇ
ਉਨ੍ਹਾਂ ਦੇ ਗ੍ਰਹਿ ਬੰਗਾ ਵਿਖੇ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਭੋਗ ਪਾਇਆ ਜਾਵੇਗਾ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ
* ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
* ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
* ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
* 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।



Call For Special Price
Kashmir S. Thandi
Office: (866) 933-3038
Balhar S. Ranu
Cell: 916-502-7733



Yuba City Ph: 530-419-5058
1816 Main Ave.,
Secramento CA, 95838

ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ



ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ।
ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ, ਉਸ ਨੂੰ ਵਧੀਆ ਮਿਹਨਤਾਨਾ ਦਿੱਤਾ ਜਾਵੇਗਾ।
ਹੋਰ ਜਾਣਕਾਰੀ ਲਈ ਸੰਪਰਕ ਕਰੋ
209-479-0242

# ਦਲਿਤਾਂ ਨੂੰ ਦਲਿਤ ਬਣਾਉਣ ਦੀ ਹੋੜ

ਆਜ਼ਾਦੀ ਦੇ 66 ਸਾਲ ਲੰਘ ਜਾਣ ਤੋਂ ਬਾਅਦ ਮਹਾਤਮਾ ਗਾਂਧੀ ਦੇ ਹਰਿਜਨਾਂ ਅਤੇ ਬਾਬਾ ਸਾਹਿਬ ਅੰਬੇਦਕਰ ਦੇ ਦਲਿਤਾਂ ਨੂੰ ਜਾਤੀ ਵਿਵਸਥਾ ਵਿਚ ਬਰਾਬਰੀ ਤੇ ਲਿਆਉਣ ਦੀਆਂ ਸਾਡੀਆਂ ਸਾਰੀਆਂ ਰਾਜਨੀਤਿਕ ਧਾਰਨਾਵਾਂ ਬੇਤੁਕੀਆਂ ਅਤੇ ਹਾਸੋਹੀਣੀਆਂ ਸਾਬਤ ਹੋਈਆਂ ਹਨ। ਕਿਉਂਕਿ ਹੁਣ ਵੀ ਦੇਖਿਆ ਗਿਆ ਹੈ ਕਿ ਦਲਿਤਾਂ ਨੂੰ ਸਕੂਲਾਂ, ਕੰਮ ਵਾਲੇ ਸਥਾਨਾਂ, ਸੇਵਾਵਾਂ, ਰਾਜਨੀਤਿਕ ਦਾਇਰਿਆਂ, ਪ੍ਰਾਰਥਨਾ ਸਥਾਨਾਂ, ਸਿਹਤ ਵਿਵਸਥਾ ਅਤੇ ਸਮਾਜਿਕ ਸੰਸਥਾਵਾਂ ਵਿਚ ਭੇਦਭਾਵ ਦਾ ਸਾਹਮਣਾ ਕਰਨਾ ਪੈਂਦਾ ਹੈ, ਜਦਕਿ ਸੰਵਿਧਾਨਕ ਲਿਹਾਜ ਨਾਲ ਸਭ ਨੂੰ ਸਮਾਨਤਾ ਦਾ ਅਧਿਕਾਰ ਪ੍ਰਾਪਤ ਹੈ।

ਫਿਲਹਾਲ ਭਾਰਤੀ ਲੋਕਾਂ ਨਾਲ ਭੇਦਭਾਵ ਦੇ ਵਿਭੇਦ ਨੂੰ ਮਿਟਾਉਣਾ ਨਾ ਤਾਂ ਸਾਡਾ ਰਾਜਨੀਤਿਕ ਤੰਤਰ ਚਾਹੁੰਦਾ ਹੈ ਅਤੇ ਨਾ ਹੀ ਉਹ ਕਥਿਤ ਧਾਰਮਿਕ ਕੱਟੜਪੰਥੀ ਜੋ ਅੱਜ ਵੀ ਨਿਰੇ ਮੂਰਖ ਪੰਡਤ ਨੂੰ ਸਤਿਕਾਰ ਦਿੰਦਾ ਹੈ ਅਤੇ ਵਿਦਵਾਨ ਦਲਿਤ ਨੂੰ ਭੇਦਭਾਵ ਦੇ ਨਜ਼ਰੀਏ ਨਾਲ ਦੇਖਦਾ ਹੈ।

ਇੱਥੋਂ ਤੱਕ ਕਿ ਦਲਿਤਾਂ ਦੇ ਦਲਿਤ ਬਣੇ ਰਹਿਣ ਦਾ ਜ਼ਿਆਦਾਤਰ ਸਿਹਰਾ ਇਹਨਾਂ ਹੀ ਦਲਿਤਾਂ ਨੂੰ ਜਾਂਦਾ ਹੈ, ਜੋ ਆਪਣੇ ਅਧਿਕਾਰ ਦੀ ਲੜਾਈ ਵਿਚ ਜ਼ੀਰੋ ਸਾਬਤ ਹੋਏ ਹਨ। ਨਾਲ ਹੀ ਇਹਨਾਂ ਦੀ ਮਾੜੀ ਹਾਲਤ ਦੇ ਲਈ ਸਮੁੱਚਾ ਤੰਤਰ ਵੀ ਜ਼ਿੰਮੇਵਾਰ ਰਿਹਾ ਹੈ ਕਿਉਂਕਿ ਇਕ ਪਾਸੇ ਜਿੱਥੇ ਅਸੀਂ ਇਹਨਾਂ ਦਲਿਤਾਂ ਨੂੰ ਰਿਜ਼ਰਵੇਸ਼ਨ ਦੀ ਅੱਗ ਵਿਚ ਸਾੜ ਕੇ ਇਹਨਾਂ ਤੇ ਰਿਜ਼ਰਵੇਸ਼ਨ ਕੋਟੇ ਨੂੰ ਪੂਰਨ ਕਰਨ ਦਾ ਧੱਬਾ ਲਗਾ ਦਿੱਤਾ ਹੈ ਤਾਂ ਉਥੇ ਦੂਜੇ ਪਾਸੇ ਰਿਜ਼ਰਵੇਸ਼ਨ ਨਾਲ ਮਿਲਣ ਵਾਲੀਆਂ ਬਹੁਤ ਸਾਰੀਆਂ ਸਹੂਲਤਾਂ ਦਾ ਇਹਨਾਂ ਤੇ ਇੰਨਾ ਡੂੰਘਾ ਪ੍ਰਭਾਵ ਪੈਂਦਾ ਹੈ ਕਿ ਉਹ ਹੁਣ ਇਹਨਾਂ ਚੰਗੇ ਮੌਕਿਆਂ ਨੂੰ ਛੱਡਣਾ ਹੀ ਨਹੀਂ ਚਾਹੁੰਦੇ ਅਤੇ ਇਹਨਾਂ ਦਲਿਤਾਂ ਦੀ ਇਹ ਧਾਰਨਾ ਸ਼ਹਿਰੀ ਖੇਤਰਾਂ ਤੋਂ ਦਿਹਾਤੀ ਖੇਤਰਾਂ ਵਿਚ ਬੜੀ ਤੇਜ਼ੀ ਨਾਲ ਫੈਲਣ ਲੱਗੀ ਹੈ।

ਇਸ ਨਾਲ ਸਾਡੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਅਸੀਂ ਨਾਗਰਿਕ ਅਤੇ ਸੰਵਿਧਾਨਕ ਅਧਿਕਾਰਾਂ ਦੇ ਵਿਚਾਰ ਵਿਚ ਹੁਣ ਕਿਸ ਤਰ੍ਹਾਂ ਅੱਗੇ ਵਧਣ। ਕਿਉਂਕਿ ਅਸੀਂ ਸਾਰੇ ਇਹ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਜਾਤੀ ਵਿਵਸਥਾ ਵਿਚ ਗੈਰ ਬਰਾਬਰੀ ਨੂੰ ਨਾ ਕੇਵਲ ਜਾਇਜ਼ਤਾ ਬਲਕਿ ਧਾਰਮਿਕ ਸਵੀਕਾਰਤਾ ਵੀ ਮਿਲੀ ਹੋਈ ਹੈ, ਜਿਸਦੇ ਨਤੀਜੇ ਵਜੋਂ ਹੀ ਇਸ ਜਾਤੀਵਾਦ ਭੇਦ ਨੂੰ ਸਿਧਾਂਤਾਂ ਅਤੇ ਵਿਵਹਾਰ ਵਿਚ ਸਵੀਕਾਰਿਆ ਜਾਂਦਾ ਰਿਹਾ ਹੈ। ਦਰਅਸਲ ਅੱਜ ਭਾਰਤ ਵਿਚ ਰਿਜ਼ਰਵੇਸ਼ਨ ਦੀ ਜ਼ਮੀਨੀ ਅਸਲੀਅਤ ਇਹ ਹੈ ਕਿ ਰਿਜ਼ਰਵੇਸ਼ਨ ਪ੍ਰਾਪਤ ਵਿਅਕਤੀ ਆਪਣੇ ਆਪ ਨੂੰ ਕਿਸੇ ਵੀ ਪ੍ਰਸਥਿਤੀ ਵਿਚ ਸਿੱਧ ਕਰਨ ਦੀ ਇੱਛਾ ਨਹੀਂ ਕਰਦਾ, ਉਹ ਖੁਦ ਵਿਚ ਪੰਗੂ ਬਣਿਆ ਰਹਿੰਦਾ ਹੈ, ਜਿਸ ਤੋਂ ਸਮੁੱਚਾ ਸਮਾਜ ਵੀ ਉਸਨੂੰ ਦੀਨਤਾ ਦੇ ਨਜ਼ਰੀਏ ਨਾਲ ਦੇਖਦਾ ਹੈ। ਜਦਕਿ ਦਲਿਤਾਂ ਨਾਲ ਸਮਾਜ ਦੇ ਭੇਦਭਾਵ ਦਾ ਇਕ ਕਾਰਨ ਹੋਰ ਸਾਹਮਣੇ ਆਇਆ ਹੈ, ਜਿਸ ਵਿਚ ਇਕ ਗੈਰ ਰਿਜ਼ਰਵ ਵਰਗ ਦਾ ਵਿਅਕਤੀ ਉਸਨੂੰ ਰਿਜ਼ਰਵ ਵਰਗ ਦੇ ਦਲਿਤ ਵਿਅਕਤੀ ਨਾਲ ਉਦੋਂ ਹੋਰ ਜ਼ਿਆਦਾ ਨਫ਼ਰਤ ਕਰਨ ਲੱਗਦਾ ਹੈ, ਜਦੋਂ ਉਸਨੂੰ ਅਯੋਗ ਹੋਣ ਦੇ ਬਾਵਜੂਦ ਵੀ ਕੋਟਾ ਆਧਾਰਿਤ ਅਹੁਦਾ ਜਾਂ ਨੌਕਰੀ ਉਸਨੇ ਸਵੀਕਾਰ ਕਰ ਲਈ ਹੁੰਦੀ ਹੈ।

# ਦਲਿਤ ਮੁਸਲਮਾਨਾਂ ਨੂੰ ਮਿਲੇ ਰਿਜ਼ਰਵੇਸ਼ਨ- ਰਾਮਦੇਵ

ਮੁਸਲਿਮ ਸੰਗਠਨ 'ਆਲ ਇੰਡੀਆ ਯੂਨਾਈਟਿਡ ਮੁਸਲਿਮ ਮੋਰਚੇ' ਦੇ ਬੈਨਰ ਹੇਠ ਇੰਡੀਆ ਇਸਲਾਮਿਕ ਕਲਚਰ ਸੈਂਟਰ ਵਿਚ ਆਯੋਜਿਤ ਸੰਮੇਲਨ ਵਿਚ ਰਾਮਦੇਵ ਨੇ ਕਿਹਾ ਕਿ ਦੇਸ਼ ਵਿਚ ਜੇਕਰ ਹਿੰਦੂ ਦਲਿਤਾਂ ਨੂੰ ਰਿਜ਼ਰਵੇਸ਼ਨ ਮਿਲਦੀ ਹੈ ਤਾਂ ਮੁਸਲਿਮ ਦਲਿਤਾਂ ਨੂੰ ਕਿਉਂ ਨਹੀਂ ਮਿਲਣਾ ਚਾਹੀਦਾ? ਸੰਵਿਧਾਨ ਦੀ ਧਾਰਾ 341 ਦੇ ਤਹਿਤ ਧਾਰਮਿਕ ਆਧਾਰ ਤੇ ਪਾਬੰਦੀ ਪੂਰੀ ਤਰ੍ਹਾਂ ਗਲਤ ਹੈ। ਇਸ ਧਾਰਾ ਵਿਚ ਤਬਦੀਲੀ ਹੋਣੀ ਚਾਹੀਦੀ ਹੈ। ਕੁਝ ਸਾਲ ਪਹਿਲਾਂ ਦੇਵਬੰਦ ਵਿਚ ਜਮੀਅਤ ਉਲੇਮਾ-ਏ- ਹਿੰਦ ਦੇ ਮੰਚ ਤੇ ਨਜ਼ਰ ਆਏ ਬਾਬਾ ਅੰਦੋਲਨ ਸ਼ੁਰੂ ਕਰਨ ਤੋਂ ਬਾਅਦ ਪਹਿਲੀ ਵਾਰ ਮੁਸਲਿਮ ਧਰਮ ਗੁਰੂਆਂ ਅਤੇ ਨੇਤਾਵਾਂ ਦੇ ਨਾਲ ਮੰਚ ਸਾਂਝਾ ਕੀਤਾ। ਸੰਵਿਧਾਨ ਦੀ ਧਾਰਾ 341 ਮੁਸਲਿਮ ਅਤੇ ਇਸਾਈ ਦਲਿਤਾਂ ਨੂੰ ਰਿਜ਼ਰਵੇਸ਼ਨ ਦੀ ਵਿਵਸਥਾ ਤੋਂ ਅਲੱਗ ਰੱਖਦਾ ਹੈ। ਇਸ ਧਾਰਾ ਵਿਚ ਸੋਧ ਦੀ ਲੜਾਈ ਨੂੰ ਆਪਣੇ ਅੰਦੋਲਨ ਦਾ ਹਿੱਸਾ ਬਣਾਉਣ ਦਾ ਐਲਾਨ ਕਰਦੇ ਹੋਏ ਰਾਮਦੇਵ ਨੇ ਕਿਹਾ ਕਿ ਮੈਨੂੰ ਵੀ ਨਹੀਂ ਪਤਾ ਸੀ ਕਿ ਦੇਸ਼ ਵਿਚ ਦਲਿਤ ਅਤੇ ਇਸਾਈ ਮੁਸਲਮਾਨਾਂ ਨੂੰ ਰਿਜ਼ਰਵੇਸ਼ਨ ਨਹੀਂ ਮਿਲਦੀ ਹੈ ਅਤੇ ਦੇਸ਼ ਵਿਚ ਜ਼ਿਆਦਾਤਰ ਨੂੰ ਇਸਦੀ ਜਾਣਕਾਰੀ ਨਹੀਂ ਹੈ। ਇਹ ਵਿਤਕਰਾ ਹੈ ਅਤੇ ਇਸ ਦੇ ਖ਼ਿਲਾਫ਼ ਅੱਜ ਮੈਂ ਲੜਾਈ ਦਾ ਐਲਾਨ ਕਰਦਾ ਹਾਂ।


ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਰਜਿ.)

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਸੈਕਰਾਮੈਂਟੋ / ਯੂਬਾ ਸਿਟੀ ਵਲੋਂ ਸੱਦਾ-ਪੱਤਰ

ਸ੍ਰੀ ਮਾਨ/ ਸ੍ਰੀ ਮਤੀ ਜੀ,

ਪੰਜਾਬੀ ਸਾਹਿਤ ਸਭਾ ਕੈਲੀਫਲੋਰਨੀਆ ਵਲੋਂ ਇਕ ਰੋਜ਼ਾ ਸਤਾਰਵੀਂ ਸਲਾਨਾ ਕਾਨਫ਼ਰੰਸ ਮਈ 9, 2015 ਨੂੰ *Sangam Hall 2920 West Capitol Ave, West Sacramento CA 95691* ਵਿਖੇ ਆਯੋਜਿਤ ਕੀਤੀ ਜਾ ਰਹੀ ਹੈ। ਆਪ ਜੀ ਨੂੰ ਇਸ ਕਾਨਫਰੰਸ ਵਿਚ ਸਮੂਹ ਪਰਿਵਾਰ, ਦੋਸਤਾਂ-ਮਿੱਤਰਾਂ ਅਤੇ ਸਾਹਿਤ ਪ੍ਰੇਮੀਆਂ ਸਮੇਤ ਪਹੁੰਚਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ। ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੇ ਸਾਰੇ ਮੈਂਬਰ ਰਾਹਾਂ ਵਿੱਚ ਅੱਖਾਂ ਵਿਛਾ ਤੁਹਾਡੀ ਉਡੀਕ ਕਰਨਗੇ।

ਪ੍ਰੋਗਰਾਮ ਦੀ ਰੂਪ-ਰੇਖਾ:

ਪ੍ਰਧਾਨਗੀ: ਡਾ. ਉਂਕਾਰ ਸਿੰਘ ਬਿੰਦਰਾ।

ਵਿਸ਼ੇਸ਼ ਮਹਿਮਾਨ: ਸ੍ਰ. ਕੁਲਦੀਪ ਸਿੰਘ ਬੇਦੀ (ਮੈਗਜ਼ੀਨ ਐਡੀਟਰ ਜੱਗ ਬਾਣੀ, ਇੰਡੀਆ), ਉਸਤਾਦ ਗ਼ਜ਼ਲਗੋ ਸ੍ਰ. ਹਰਭਜਨ ਸਿੰਘ ਬੈਂਸ, ਅਜ਼ਾਦ ਜਲੰਧਰੀ ਅਤੇ ਈਸ਼ਰ ਸਿੰਘ ਮੋਮਨ।

ਚਾਹ-ਪਾਣੀ ਅਤੇ ਮਿਲਣੀ: 9:00-10:00 ਸਵੇਰ

ਕਹਾਣੀ ਦਰਬਾਰ: 10:00-11:00

ਪਰਚੇ ਪੜ੍ਹਨ ਦਾ ਸਮਾਂ: 11:00-11:30

ਪ੍ਰਧਾਨਗੀ ਭਾਸ਼ਨ, ਸਲਾਨਾ ਰਿਪੋਰਟ ਅਤੇ ਹੋਰ ਸਾਹਿਤਕ ਵਿਚਾਰਾਂ: 11:30-12:30 ਬਾਅਦ ਦੁਪਹਿਰ

ਗੀਤ-ਸੰਗੀਤ: 12:30-1:00

ਦੁਪਹਿਰ ਦਾ ਖਾਣਾ: 1:00-1:30

ਵਿਸ਼ੇਸ਼ ਮਨੋਰੰਜਨ ਪ੍ਰੋਗਰਾਮ, ਕਵੀ ਦਰਬਾਰ ਅਤੇ ਮਾਣ-ਸਨਮਾਨ: 1:30-6:00 ਸ਼ਾਮ

ਨੋਟ: ਵੇਲੇ ਸਿਰ ਨਾ ਪਹੁੰਚਣ ਵਾਲੇ ਬੁਲਾਰਿਆਂ ਨੂੰ ਸਮਾਂ ਨਾ ਦੇਣ ਸਾਡੀ ਮਜਬੂਰੀ ਹੋਵੇਗੀ।

ਉਡੀਕਵਾਨ: President: Dalvir Dil Nijjar 916-628-2210, General Secretary: Jaswant Sheemar 916-293-6030, Director: Ratheshwar Singh Surapuri: 916-969-9337

ਸਮੂਹ ਕਾਰਜਕਾਰਨੀ, ਸਮੂਹ ਮੈਂਬਰ ਅਤੇ ਸਰਪ੍ਰਸਤ-ਮਹਿਮਾਨ


# ਬੇਗਮਪੁਰਾ ਸੰਸਥਾ ਦੀ ਦੂਸਰੀ ਵਾਰ ਚੋਣ ਸਰਬਸੰਮਤੀ ਨਾਲ ਸੰਪਨ ਹੋਈ

**ਨਿਊਯਾਰਕ (ਬਲਵਿੰਦਰ ਭੌਰਾ)-** ਬੀਤੇ ਐਤਵਾਰ ਬੇਗਮਪੁਰਾ ਕਲਚੁਰਲ ਸੁਸਾਇਟੀ ਆਫ਼ ਨਿਊਯਾਰਕ ਦੀ ਚੋਣ ਬਹੁਤ ਹੀ ਸਹਿਜਭਾਵ ਤੇ ਭਰਾਤਰੀਭਾਵ ਨਾਲ ਲੰਬੀਆਂ ਵਿਚਾਰਾਂ ਕਰਨ ਉਪਰੰਤ ਭਾਈਚਾਰੇ ਦੇ ਪਤਵੰਤਿਆਂ ਦੀ ਭਰਵੀਂ ਹਾਜ਼ਰੀ 'ਚ ਮੌਜੂਦਾ ਮੈਂਬਰਾਂ ਨੂੰ ਲਗਾਤਾਰ ਦੂਸਰੀ ਵਾਰ ਦੋ ਸਾਲ ਲਈ ਸੰਸਥਾਂ ਦੇ ਕਾਰਜ਼ਾਂ ਲਈ ਜੁਮੇਵਾਰੀ ਸੌਂਪ ਦਿੱਤੀ ਹੈ । ਯਾਦ ਦਿਵਾਉਣਾ ਜ਼ਰੂਰੀ ਹੈ ਕਿ ਇਹ ਸੰਸਥਾਂ ਸਾਲ 2010 'ਚ ਹੋਂਦ ਵਿੱਚ ਆਈ ਸੀ ਅਤੇ ਇਸਦੀ ਪਹਿਲੀ ਚੋਣ ਸਮੇਂ ਮੌਜੂਦਾ ਪ੍ਰਧਾਨ ਪਰਮਜੀਤ ਕਮਾਮ ਤੋ ਇਲਾਵਾ ਬਾਕੀ ਸਭ ਮੈਂਬਰ ਨਵੇ ਚੁਣ ਲਏ ਸਨ ਜਿਹਨਾਂ 'ਚ ਚੇਅਰਮੈਨ ਮਦਨ ਸਿੰਘ ਬੱਧਨ, ਵਾਈਸ ਪ੍ਰਧਾਨ ਰਾਕੇਸ਼ ਕੁਮਾਰ ਬਿੱਟੂ, ਜਨਰਲ ਸਕੱਤਰ ਬਲਵਿੰਦਰ ਭੌਰਾ,ਜੂਆਇਟ ਸਕੱਤਰ ਰਾਮ ਸਰੂਪ ਬੰਗੜ,ਕੈਸ਼ੀਅਰ ਹਰਬਲਾਸ ਲਾਲੀ, ਜੁਆਇਟ ਕੈਸ਼ੀਅਰ ਕਿਰਪਾਲ ਸਿੰਘ ਡੱਲੀ ਸਨ। ਇਹਨਾਂ ਮੈਂਬਰਾਂ ਦੀ ਵਧੀਆ ਕਾਰੁਜ਼ਗਾਰੀ ਨੂੰ ਧਿਆਨ 'ਚ ਰੱਖਦਿਆਂ ਹਾਜ਼ਰ ਸਮੂੰਹ ਮੈਂਬਰਾਂ ਨੇ ਇੱਕ ਵਾਰ ਫਿਰ ਸੰਸਥਾਂ ਦੇ ਕਾਰਜਾਂ ਲਈ ਇਹਨਾਂ ਸੱਜਣਾਂ ਨੂੰ ਚੁਣ ਲਿਆ ਹੈ। ਬੀਤੇ 'ਚ ਸੰਸਥਾ ਦੇ ਕਾਰਜਾਂ ਦਾ ਵਿਸ਼ਲੇਸ਼ਣ ਕਰਦਿਆ ਜਿਥੇ ਕਈ ਸ਼ਲਾਘਾ ਭਰਭੂਰ ਉਦਮ ਕੀਤੇ ਗਏ ਉਥੇ ਪ੍ਰਬੰਧਕਾਂ ਵਲੋਂ ਕਈ ਕੰਮਾਂ 'ਚ ਆਈਆ ਕਮੀਆ ਤੇ ਅਧੂਰੇਪਨ ਵੀ ਨੂੰ ਚਿਤਾਰਿਆ ਗਿਆ। ਦੂਜੀ ਵਾਰ ਚੁਣੇ ਮੌਜੂਦਾ ਪ੍ਰਬੰਧਕਾਂ ਨੇ ਪ੍ਰਣ ਕੀਤਾ ਕਿ ਭਵਿੱਖ 'ਚ ਭਾਈਚਾਰੇ ਦੇ ਸਮੂਚੇ ਮੈਂਬਰਾਂ ਦੀ ਸਲਾਹ ਅਤੇ ਸੁਝਾਅ ਲੈ ਕੇ ਹਰ ਕਾਰਜ ਲਈ ਅੰਤਮ ਫੈਸਲਾ ਲਿਆ ਜਾਇਆ ਕਰੇਗਾ, ਪਰੰਤੂ ਪ੍ਰਧਾਨ ਪਰਮਜੀਤ ਕਮਾਮ ਨੇ ਬੇਨਤੀ ਕਰਦਿਆ ਕਿਹਾਂ ਕਿ ਜਦੋ ਮੀਟਿੰਗ ਲਈ ਸੱਦਾ ਦਿੱਤਾ ਜਾਂਦਾ ਹੈ ਤਾਂ ਸ਼ਭਦੀ ਹਾਜ਼ਰੀ ਲਾਜ਼ਮੀ ਹੋਣੀ ਜ਼ਰੂਰੀ ਹੈ। ਨਹੀ ਤਾਂ ਸਾਨੂੰ ਮਜ਼ਬੂਰੀ ਬਸ ਕਈ ਫ਼ੈਸਲੇ ਮੌਜੂਦ ਮੈਂਬਰਾਂ ਨੂੰ ਹੀ ਲੈਣੇ ਪੈਦੇ ਹਨ। ਬਲਵਿੰਦਰ ਭੌਰਾ ਜੋ ਬੀਤੇ ਸਮੇਂ ਨਿੱਜੀ ਤੌਰ ਤੇ ਅਸਤੀਫ਼ੇ ਦੀ ਮੰਗ ਕਰ ਰਹੇ ਸਨ ਉਹਨਾਂ ਦੀ ਸਿਹਤਯਾਬੀ ਨੂੰ ਧਿਆਨ 'ਚ ਰੱਖਦੇ ਹੋਏ ਮੈਂਬਰਾਂ ਨੇ ਉਹਨਾਂ ਦੀ ਜ਼ੁਮੇਵਾਰੀ ਤਾਂ ਥੋੜੀ ਹਲਕੀ ਕਰ ਦਿੱਤੀ ਹੈ ਪਰ ਅਸਤੀਫ਼ਾ ਨਾ ਮਨਜ਼ੂਰ ਕਰਦਿਆ ਕਿਹਾ ਕਿ ਸਾਡਾ ਤੁਹਾਡੇ ਬਿਨ੍ਹਾਂ ਨਹੀ ਸਰ ਸਕਦਾ। ਭਾਈਚਾਰੇ ਦੇ ਪਿਆਰ ਤੇ ਸਤਿਕਾਰ ਅੱਗੇ ਭੌਰਾ ਜੀ ਕੁੱਝ ਨਹੀ ਬੋਲ ਸਕੇ । ਭਵਿੱਖ 'ਚ ਇਸ ਸੰਸਥਾ ਵਲੋਂ ਹੋਰ ਨਵੇਂ ਪ੍ਰੋਗਰਾਮਾਂ ਦਾ ਬਹੁਤ ਜਲਦ ਆਯੋਜਨ ਕੀਤਾ ਜਾਵੇਗਾ । ਅੰਤ 'ਚ ਨੇਪਾਲ ਵਿੱਚ ਆਏ ਭੂਚਾਲ ਦੌਰਾਨ ਹਜ਼ਾਰਾਂ ਪ੍ਰੀਵਾਰ ਜੋ ਉਜੜ ਗਏ ਤੇ ਇਸ ਸੰਸਾਰ ਤੋਂ ਸਦਾ ਲਈ ਚਲੇ ਗਏ ਲਈ ਸਮੂੰਹ ਮੈਂਬਰਾਂ ਨੇ ਡੂਘਾ ਦੁੱਖ ਪ੍ਰਗਟ ਕਰਦਿਆ ਕਿਹਾ ਕਿ ਸੰਸਥਾ ਜਿੰਨੀ ਵੀ ਹੋ ਸਕੇ ਇਸ ਦੁੱਖ ਦੀ ਘੜੀ 'ਚ ਪੀੜਤਾਂ ਲਈ ਜ਼ਰੂਰ ਮੱਦਦ ਭੇਜੇਗੀ।



# ਦੁਬਈ 'ਚ ਪੰਜਾਬੀ ਕਾਮਿਆਂ ਦਾ ਆਇਆ ਹੜ੍ਹ!

**ਰਿਆਦ-** ਪਿਛਲੇ 16 ਮਹੀਨੇ 'ਚ ਲਗਭਗ ਪੰਜ ਲੱਖ ਭਾਰਤੀ ਨਾਗਰਿਕ ਸਾਊਦੀ ਅਰਬ ਪਹੁੰਚੇ ਹਨ। ਇਸ ਦੇ ਨਾਲ ਹੀ ਉਹ ਇਸ ਖਾੜੀ ਦੇਸ਼ 'ਚ ਪ੍ਰਵਾਸੀਆਂ ਦਾ ਸਭ ਤੋਂ ਵੱਡਾ ਸਮੂਹ ਬਣ ਗਏ ਹਨ। ਬੁੱਧਵਾਰ ਨੂੰ ਜਾਰੀ ਮੀਡੀਆ ਰਿਪੋਰਟਾਂ ਤੋਂ ਇਹ ਜਾਣਕਾਰੀ ਮਿਲੀ। ਅਰਬ ਨਿਊਜ਼ ਨੇ ਇਕ ਭਾਰਤੀ ਅਧਿਕਾਰੀ ਦੇ ਹਵਾਲੇ ਤੋਂ ਲਿਖਿਆ ਕਿ ਜਨਵਰੀ 2014 'ਚ ਦੋਹਾਂ ਦੇਸ਼ਾਂ ਵਿਚਾਲੇ ਭਰਤੀ ਨੂੰ ਪਾਬੰਦਤ ਕਰਨ ਅਤੇ ਉਸ ਨੂੰ ਸੰਗਠਿਤ ਕਰਨ ਨੂੰ ਲੈ ਕੇ ਇਕ ਸਮਝੌਤੇ 'ਤੇ ਹਸਤਾਖਰ ਹੋਏ ਸਨ।

# ਦਲਿਤਾਂ ਦਾ ਲਾੜ੍ਹਾ ਘੋੜੀ ਚੜ੍ਹਿਆ ਤਾਂ ਅਖੌਤੀ ਸਵਰਨ ਕਰਨਗੇ ਮਾਰ ਕੁੱਟ

**ਰਤਲਾਮ ਸਾਹਿਬ-** 10 ਮਈ ਨੂੰ ਮੇਰੇ ਲੜਕਾ ਦਾ ਵਿਆਹ ਹੈ। ਬੇਰਛਾ ਤੋਂ ਬਰਾਤ ਆਵੇਗੀ। ਇਸ ਦੌਰਾਨ ਜੇਕਰ ਲਾੜ੍ਹਾ ਘੋੜੀ ਤੇ ਬੈਠਿਆ ਤਾਂ ਪਿੰਡ ਦੇ ਸਵਰਣ ਮਾਰ ਕੁੱਟ ਕਰਨਗੇ। ਪਿੰਡ ਵਿਚ ਪਹਿਲਾਂ ਵੀ ਉਹ ਬਰਾਤ ਦੇ ਨਾਲ ਮਾਰ ਕੁੱਟ ਕਰ ਚੁੱਕੇ ਹਨ। ਆਲੋਟ ਤਹਿਸੀਲ ਦੇ ਨੇਗਰੂਨ ਨਿਵਾਸੀ ਪੂਰਾਲਾਲ ਪੜਿਆਰ ਨੇ ਪਿੰਡ ਵਾਲਿਆਂ ਦੇ ਨਾਲ ਰਤਲਾਮ ਵਿਚ ਮੰਗਲਵਾਰ ਨੂੰ ਐਸ ਪੀ. ਡਾ. ਆਸ਼ੀਸ਼ ਨੂੰ ਇਹ ਬੇਨਤੀ ਕੀਤੀ। ਐਸ ਪੀ. ਨੇ ਸ਼ਾਂਤੀ ਪੂਰਵਕ ਵਿਆਹ ਕਰਵਾਉਣ ਦਾ ਭਰੋਸਾ ਦਿੱਤਾ। ਪੂਰਾਲਾਲ ਨੇ ਦੱਸਿਆ ਕਿ ਬੇਟੀ ਆਸ਼ਾ ਦਾ ਵਿਆਹ ਬੇਰਛਾ ਦੇ ਪਵਨ ਪਿਤਾ ਨਿਰਭੈਆ ਰਾਮ ਨਾਲ 10 ਮਈ ਨੂੰ ਹੋਣਾ ਹੈ।

ਐਤਵਾਰ ਸ਼ਾਮ 7 ਵਜੇ ਪ੍ਰੋਸੈਸ਼ਨ ਨਿਕਲੇਗਾ ਅਤੇ ਰਾਤ 11 ਵਜੇ ਵਿਆਹ ਹੋਵੇਗਾ। ਪੂਰਾ ਲਾਲ ਦੇ ਮੁਤਾਬਕ ਦਲਿਤ ਲਾੜੇ ਦੇ ਘੋੜੀ ਤੇ ਬੈਠਣ ਉਤੇ ਪਿੰਡ ਦੇ ਵਜੇ ਸਿੰਘ ਪਿਤਾ ਪਦਮ ਸਿੰਘ, ਰਾਜਿੰਦਰ ਸਿੰਘ ਪਿਤਾ ਦੇਵ ਸਿੰਘ, ਬੰਟੂ ਸਿੰਘ ਪਿਤਾ ਰਾਮ ਸਿੰਘ ਅਤੇ ਭਗਵਾਨ ਸਿੰਘ ਪਿਤਾ ਰਤਨ ਸਿੰਘ ਬਰਾਤੀਆਂ ਨਾਲ ਮਾਰ ਕੁੱਟ ਕਰ ਸਕਦੇ ਹਨ। ਦੋਸ਼ੀਆਂ ਨੇ ਪਹਿਲਾਂ ਵੀ ਘੋੜੀ ਤੇ ਬੈਠਣ ਦੀ ਗੱਲ ਉਤੇ ਦਲਿਤ ਬਰ-ਾਤੀਆਂ ਨਾਲ ਮਾਰ ਕੁੱਟ ਕੀਤੀ ਸੀ।

ਨੇਗਰੂਨ ਵਿਚ ਦੋ ਹਜ਼ਾਰ ਦੀ ਆਬਾਦੀ: ਆਲੋਟ ਤੋਂ 25 ਕਿਲੋਮੀਟਰ ਅਤੇ ਤਾਲ ਤੋਂ 6 ਕਿਲੋਮੀਟਰ ਦੂਰ ਸਥਿਤ ਨੇਗਰੂਨ ਦੀ ਆਬਾਦੀ ਕਰੀਬ ਦੋ ਹਜ਼ਾਰ ਹੈ। ਪਿੰਡ ਵਿਚ 60 ਮਕਾਨ ਦਲਿਤਾਂ ਦੇ ਅਤੇ 250 ਸਵਰਣਾਂ ਦੇ ਘਰ ਹਨ। 10 ਸਾਲ ਪਹਿਲਾਂ ਹੋਈ ਸੀ ਘਟਨਾ: ਨੇਗਰੂਨ ਪੰਚਾਇਤ ਦੇ ਸਰਪੰਚ ਕਾਲੂਦਾਸ ਬੈਰਾਗੀ ਨੇ ਦੱਸਿਆ ਕਿ ਪਿੰਡ ਵਿਚ 10 ਸਾਲ ਪਹਿਲਾਂ ਘਰ ਦੇ ਸਾਹਮਣੇ ਤੋਂ ਬਰਾਤ ਨਿਕਲਣ ਦੀ ਗੱਲ ਤੇ ਮਾਰਕੁੱਟ ਹੋਈ ਸੀ। ਫਿਲਹਾਲ ਪਿੰਡ ਵਿਚ ਦਲਿਤ-ਸਵਰਣ ਵਿਵਾਦ ਵਰਗਾ ਮਾਹੌਲ ਨਹੀਂ ਹੈ। ਪੂਰਾਲਾਲ ਅਤੇ ਪਿੰਡ ਦੇ ਲੋਕਾਂ ਨੂੰ ਥਾਣੇ ਵਿਚ ਬੁਲਾ ਕੇ ਮੰਗਲਵਾਰ ਸ਼ਾਮ ਨੂੰ ਟੀ. ਆਈ ਸੁਰੇਸ਼ ਬਲਰਾਜ ਨੇ ਗੱਲਬਾਤ ਕਰਵਾਈ ਹੈ। ਪਿੰਡ ਦੇ ਲੋਕਾਂ ਨੇ ਲਾੜ੍ਹੇ ਦੇ ਘੋੜੀ ਤੇ ਬੈਠਣ ਅਤੇ ਪ੍ਰੋਸੈਸ਼ਨ ਕੱਢਣ ਤੇ ਕੋਈ ਇਤਰਾਜ਼ ਨਹੀਂ ਕੀਤਾ।

# ਟਰੇਨਿੰਗ ਤੇ ਜਾਣ ਦੇ ਲਈ ਤਿਆਰ ਹਨ ਦੋ ਹਜ਼ਾਰ ਅਧਿਆਪਕ

**ਨਵੀਂ ਦਿੱਲੀ-** ਇਕਾਂਤ ਵਿਚ ਰਹਿ ਕੇ ਆਪਣੀ ਸ਼ਖਸੀਅਤ ਦਾ ਵਿਕਾਸ, ਤਣਾਅ ਪ੍ਰਬੰਧਨ ਅਤੇ ਸ਼ਾਂਤੀ ਦੀ ਪ੍ਰਾਪਤੀ ਦੇ ਲਈ ਟਰੇਨਿੰਗ ਕਰਨ ਦੇ ਲਈ ਦਿੱਲੀ ਦੇ ਸਰਕਾਰੀ ਸਕੂਲਾਂ ਦੇ ਦੋ ਹਜ਼ਾਰ ਅਧਿਆਪਕਾਂ ਨੇ ਇੱਛਾ ਪ੍ਰਗਟ ਕੀਤੀ ਹੈ। ਇਸ ਸਬੰਧ ਵਿਚ ਉਹਨਾਂ ਨੇ ਸਿੱਖਿਆ ਵਿਭਾਗ ਨੂੰ ਬੇਨਤੀ ਕੀਤੀ ਹੈ। ਇਸਦੀ ਪੁਸ਼ਟੀ ਸਿੱਖਿਆ ਨਿਰਦੇਸ਼ਕ ਪਦਮਨੀ ਸਿੰਗਲਾ ਨੇ ਕੀਤੀ ਹੈ। ਜ਼ਿਆਦਾਤਰ ਅਧਿਆਪਕਾਂ ਨੇ ਛੁੱਟੀ ਸਵੀਕਾਰ ਹੁੰਦੇ ਹੀ ਟਰੇਨਿੰਗ ਤੇ ਜਾਣ ਦੀ ਇੱਛਾ ਪ੍ਰਗਟ ਕੀਤੀ ਹੈ। ਹਾਲਾਂਕਿ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਕੱਠਿਆਂ ਜ਼ਿਆਦਾਤਰ ਸੌ-ਸੌ ਅਧਿਆਪਕਾਂ ਦੇ ਗਰੁੱਪ ਨੂੰ ਭੇਜਿਆ ਜਾਵੇਗਾ। ਪ੍ਰਾਪਤ ਬੇਨਤੀ ਪੱਤਰਾਂ ਦੀ ਜਾਂਚ ਤੋਂ ਬਾਅਦ ਸੂਚੀ ਜਾਰੀ ਕੀਤੀ ਜਾਵੇਗੀ।

ਵਰਣਨਯੋਗ ਹੈ ਕਿ ਬੀਤੇ ਮਹੀਨੇ ਦਿੱਲੀ ਸਰਕਾਰ ਨੇ ਰਾਜਧਾਨੀ ਦੇ ਕਰੀਬ 1200 ਸਰਕਾਰੀ ਸਕੂਲਾਂ ਦੇ ਕਰੀਬ 40 ਹਜ਼ਾਰ ਅਧਿਆਪਕਾਂ ਨੂੰ ਆਪਣੇ ਖਰਚ ਤੇ ਟ੍ਰੇਨਿੰਗ ਉਤੇ ਭੇਜਣ ਦਾ ਫੈਸਲਾ ਲਿਆ ਸੀ।

ਸਰਕਾਰ ਦਾ ਕਹਿਣਾ ਹੈ ਕਿ ਇਸ ਨਾਲ ਅਧਿਆਪਕ ਤਣਾਅ ਪ੍ਰਬੰਧ ਸਿੱਖ ਕੇ ਵਿਦਿਆਰਥੀਆਂ ਨੂੰ ਬਿਹਤਰ ਢੰਗ ਨਾਲ ਸਿੱਖਿਅਤ ਕਰ ਸਕਣਗੇ। ਸਰਕਾਰ ਦਾ ਇਹ ਯਤਨ ਸਰਕਾਰੀ ਸਕੂਲਾਂ ਦੀ ਹਾਲਤ ਸੁਧਾਰਨ ਨੂੰ ਲੈ ਕੇ ਵੀ ਹੈ। ਵਰਣਨਯੋਗ ਹੈ ਕਿ ਇਸ ਤੋਂ ਪਹਿਲਾਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਵੀ ਟਰੇਨਿੰਗ ਤੇ ਜਾ ਚੁੱਕੇ ਹਨ।

ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਬੀਤੇ ਸ਼ਨੀਵਾਰ ਨੂੰ ਦੁਹਰਾਇਆ ਸੀ ਕਿ ਟਰੇਨਿੰਗ ਦੇ ਲਈ ਅਧਿਆਪਕਾਂ ਨੂੰ ਛੁੱਟੀ ਤੇ ਭੇਜੇ ਜਾਣ ਨਾਲ ਪੜ੍ਹਾਈ ਵਿਚ ਨੁਕਸਾਨ ਨਹੀਂ ਹੋਵੇਗਾ, ਇਸ ਕਰਕੇ ਸਰਕਾਰ ਦੀ ਕੋਸ਼ਿਸ਼ ਜ਼ਿਆਦਾ ਤੋਂ ਜ਼ਿਆਦਾ ਅਧਿਆਪਕਾਂ ਨੂੰ ਭੇਜਣ ਦੀ ਹੈ। ਸਿਸੋਦੀਆ ਦੇ ਮੁਤਾਬਕ ਅਧਿਆਪਕ ਅਤੇ ਸਿੱਖਿਆ ਵਿਭਾਗ ਇਹ ਮਹਿਸੂਸ ਕਰਨ ਕਿ ਉਹਨਾਂ ਨੇ ਕੇਵਲ ਵਿਦਿਆਰਥੀਆਂ ਨੂੰ ਸਿੱਖਿਅਤ ਹੀ ਨਹੀਂ ਕਰਨਾ ਹੈ ਬਲਕਿ ਸੰਸਕਾਰਿਕ ਗੱਲਾਂ ਦੇ ਲਈ ਵੀ ਸਮਝਦਾਰ ਬਣਾਉਣਾ ਹੈ।

ਸਰਕਾਰ ਕਹਿ ਚੁੱਕੀ ਹੈ ਕਿ ਇਹ ਫੈਸਲਾ ਅਧਿਆਪਕਾਂ ਦੇ ਲਈ ਪੂਰੀ ਤਰ੍ਹਾਂ ਸਵੈ-ਇਛੁੱਕ ਹੋਵੇਗਾ। ਵਰਣਨਯੋਗ ਹੈ ਕਿ ਦੇਸ਼ ਭਰ ਵਿਚ ਟ੍ਰੇਨਿੰਗ ਦੇ ਕਰੀਬ 400 ਕੇਂਦਰ ਹਨ।

ਸਰਕਾਰ ਦਾ ਮੰਨਣਾ ਹੈ ਕਿ ਜੇਕਰ ਅਧਿਆਪਕ ਟਰੇਨਿੰਗ ਨਾਲ ਜੁੜਦੇ ਹਨ ਤਾਂ ਉਹਨਾਂ ਨੂੰ ਹੋਣ ਵਾਲੇ ਲਾਭ ਦਾ ਸਿੱਧਾ ਅਸਰ ਵਿਦਿਆਰਥੀਆਂ ਦੇ ਭਵਿੱਖ ਤੇ ਵੀ ਪਵੇਗਾ। ਸਿਸੋਦੀਆ ਦੇ ਮੁਤਾਬਕ ਸਰਕਾਰ ਦੀ ਇਹ ਵੀ ਯੋਜਨਾ ਹੈ ਕਿ ਭਵਿੱਖ ਵਿਚ ਵਿਦਿਆਰਥੀਆਂ ਨੂੰ ਵੀ ਇਸ ਨਾਲ ਜੋੜਿਆ ਜਾਵੇ।


## ਵਿਆਹ ਸ਼ਾਦੀ

ਰੰਗ ਗੋਰਾ, ਕੱਦ 5 ਫੁੱਟ 11 ਇੰਚ, ਉਮਰ 23 ਸਾਲ, ਮਕੈਨੀਕਲ ਇੰਜੀਨੀਅਰ (ਬੀ ਟੈਕ ) ਐਮ ਟੈਕ ਸ਼ੁਰੂ, ਪਿਤਾ ਸਰਕਾਰੀ ਨੌਕਰੀ (ਲੁਧਿਆਣਾ ਪੰਜਾਬ), ਸੁੰਦਰ ਸੁਸ਼ੀਲ ਲੜਕੇ ਦੇ ਲਈ ਅਮਰੀਕਾ ਵਿਚ ਰਹਿੰਦੀ ਸੁੰਦਰ ਲੜਕੀ ਦੀ ਲੋੜ ਹੈ। ਦੁਆਬੇ ਨੂੰ ਪਹਿਲ ਦਿਤੀ ਜਾਵੇਗੀ।

ਸੰਪਰਕ ਕਰੋ: 09417600014, 09417177666 (ਮੋਬਾਇਲ), ਈਮੇਲ

amarjitchander@yahoo.com

ਅਤੇ

Lovelychndr3@gmail.com

# ੴ ਸਤਿਗੁਰ ਪ੍ਰਸਾਦਿ

## ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ

## 61-01 Broadway, Woodside NY 11377



8, 9, 10 ਮਈ ਨੂੰ ਦੁਨੀਆਂ ਦੇ ਛੇਵੇਂ ਦਿਮਾਗ, ਗਰੀਬ ਲੋਕਾਂ ਦੇ ਮਸੀਹਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਨ ਮਨਾਇਆ ਜਾਵੇਗਾ। ਗੁਰੂ ਘਰ ਵਿਖੇ ਸਾਧ ਸੰਗਤ ਦੇ ਵਿਸ਼ੇਸ਼ ਉਦਮ ਦਾ ਸਦਕਾ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਅਤੇ ਵਿਸ਼ੇਸ਼ ਦੀਵਾਨ ਦੀ ਸੇਵਾ ਹੋਵੇਗੀ। ਇਹਨਾਂ ਮਹਾਨ ਸ਼ਖਸੀਅਤਾਂ 'ਚ ਗੁਰੂ ਪੰਥ ਦੇ ਮਹਾਨ ਕੀਰਤਨੀਏ, ਕਥਾ ਵਾਚਕ, ਢਾਡੀ ਸਾਹਿਬਾਨ ਅਤੇ ਕੌਮ ਦੇ ਪ੍ਰਸਿੱਧ ਵਿਦਵਾਨ ਗੁਰੂ ਘਰ ਵਿਖੇ ਪਹੁੰਚ ਰਹੇ ਹਨ। ਸਰਬੱਤ ਸੰਗਤ ਦੇ ਚਰਨਾਂ 'ਚ ਬੇਨਤੀ ਹੈ ਕਿ ਗੁਰੂ ਘਰ ਹਾਜ਼ਰੀਆਂ ਭਰ ਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ, ਰਹਿਮਤਾਂ ਪ੍ਰਾਪਤ ਕਰੋ ਜੀ। ਸਮਾਗਮਾਂ ਵਿਚ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

**ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਸ਼ੁਭ ਅਵਸਰ ਤੇ ਗੁਰੂ ਘਰ ਆਪਣੀ ਹਾਜ਼ਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਇਸ ਮੌਕੇ ਬੁਲਾਰੇ ਆਪਣੇ ਵਿਚਾਰਾਂ ਨਾਲ ਸਾਂਝ ਪਾਉਣਗੇ। ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।**

ਸ: ਨਿਰਮਲ ਸਿੰਘ ਜੀ (ਮੁੱਖ ਸੇਵਾਦਾਰ)
347-538-8296

**ਹੋਰ ਜਾਣਕਾਰੀ ਲਈ ਸੰਪਰਕ ਕਰੋ**

ਸ੍ਰੀ ਪਰਮਜੀਤ ਲਾਲ ਜੀ (ਸਕੱਤਰ)
917-854-8628

**ਗੁਰੂ ਘਰ ਦਾ ਸੰਪਰਕ ਨੰਬਰ**

# 718- 898- 8150

# ਫੈਕਸ- 718-898-0932

## 03 ਮਈ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਸਬੰਧੀ ਵਿਸ਼ੇਸ਼

# ਲੋਕਤੰਤਰ ਦਾ ਚੋਥਾ ਥੰਮ ਹੋ ਰਿਹਾ ਹੈ ਭ੍ਰਿਸ਼ਟਾਚਾਰ ਅਤੇ ਰਾਜਨੀਤੀ ਦਾ ਸ਼ਿਕਾਰ



ਕੁਲਦੀਪ ਚੰਦ
9417563054

03 ਮਈ ਦਾ ਦਿਹਾੜਾ ਵਿਸ਼ਵ ਪ੍ਰੈਸ ਦਿਵਸ ਅਤੇ ਵਿਸ਼ਵ ਪ੍ਰੈਸ ਅਜਾਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਪ੍ਰੈਸ ਸਮਾਜ ਦਾ ਦਰਪਣ ਹੈ ਜਿਸਦਾ ਫਰਜ਼ ਸਮਾਜ ਦੀ ਸਹੀ ਤਸਵੀਰ ਲੋਕਾਂ ਸਾਹਮਣੇ ਪੇਸ਼ ਕਰਦਾ ਹੈ। ਪ੍ਰੈਸ ਦੀ ਅਜਾਦੀ ਸਮਾਜ ਅਤੇ ਦੇਸ਼ ਦੀ ਅਜਾਦੀ ਹੈ। ਜੇਕਰ ਪ੍ਰੈਸ ਹੀ ਅਜ਼ਾਦ ਕੰਮ ਨਹੀਂ ਕਰੇਗੀ ਤਾਂ ਉਹ ਸਮਾਜ ਵਿਚ ਹੋ ਰਹੀਆਂ ਕੋਤਾਹੀਆਂ ਅਤੇ ਘਟਨਾਵਾਂ ਨੂੰ ਸਹੀ ਤਰੀਕੇ ਨਾਲ ਪੇਸ਼ ਨਹੀਂ ਕਰ ਸਕਦੀ। ਗਲੋਬਲ ਪ੍ਰੈਸ ਫਰੀਡਮ ਰੈਂਕਿੰਗ ਅਨੁਸਾਰ ਦੁਨੀਆਂ ਦੇ ਕੁੱਲ 197 ਦੇਸ਼ਾਂ ਵਿੱਚੋਂ 63 ਦੇਸ਼ਾਂ ਵਿੱਚ ਪ੍ਰੈਸ ਨੂੰ ਸੰਪੂਰਨ ਆਜ਼ਾਦੀ ਪ੍ਰਾਪਤ ਹੈ, ਜਦਕਿ 70 ਦੇਸ਼ਾਂ ਵਿੱਚ ਪ੍ਰੈਸ ਨੂੰ ਅਧੂਰੀ ਅਜ਼ਾਦੀ ਪ੍ਰਾਪਤ ਹੈ ਅਤੇ 64 ਦੇਸ਼ਾਂ ਵਿੱਚ ਪ੍ਰੈਸ ਨੂੰ ਕੋਈ ਵੀ ਆਜ਼ਾਦੀ ਪ੍ਰਾਪਤ ਨਹੀਂ ਹੈ। ਪ੍ਰੈਸ ਦੀ ਅਜ਼ਾਦੀ ਦੀ ਮਹੱਤਤਾ ਨੂੰ ਵੇਖਦੇ ਹੋਏ ਹੀ ਸੰਯੁਕਤ ਰਾਸ਼ਟਰ ਸੰਘ ਨੇ 1993 ਵਿੱਚ 03 ਮਈ ਦੇ ਦਿਹਾੜੇ ਨੂੰ ਪ੍ਰੈਸ ਅਜਾਦੀ ਦਿਵਸ ਵਜੋਂ ਘੋਸ਼ਿਤ ਕੀਤਾ ਸੀ। ਉਸਤੋਂ ਬਾਦ ਹੁਣ ਹਰ ਸਾਲ 03 ਮਈ ਨੂੰ ਪ੍ਰੈਸ ਅਜ਼ਾਦ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਸਰਕਾਰਾਂ ਵਲੋਂ ਅਤੇ ਮੀਡੀਆ ਉਦਯੋਗ ਨਾਲ ਜੁੜ੍ਹੇ ਲੋਕਾਂ ਵਲੋਂ ਵਿਸ਼ੇਸ ਤੌਰ ਤੇ ਪ੍ਰੈਸ ਦੇ ਕੰਮ ਕਾਰ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਪ੍ਰੈਸ ਨੂੰ ਨਿਰਪੱਖ ਅਜ਼ਾਦ ਰੂਪ ਵਿੱਚ ਕੰਮ ਕਰਨ ਲਈ ਠੋਸ ਨੀਤੀਆਂ ਬਣਾਈਆਂ ਜਾਂਦੀਆਂ ਹਨ। ਮੀਡੀਆ ਵਿੱਚ ਵਪਾਰਕ ਪੱਖ ਭਾਰੂ ਹੋਣ ਕਾਰਨ ਬਹੁਤ ਸਾਰੇ ਅਦਾਰੇ ਸਮਾਜਿਕ ਸਰੋਕਾਰਾਂ ਤੋਂ ਦੂਰ ਹੁੰਦੇ ਜਾ ਰਹੇ ਹਨ ਮੀਡੀਆ ਨੂੰ ਸਮਾਜ ਨਾਲ ਜੁੜਕੇ ਆਮ ਲੋਕਾਂ ਦੀ ਆਵਾਜ਼ ਬਣਨਾ ਹੈ। ਕੁੱਝ ਸਾਲ ਪਹਿਲਾਂ ਤੱਕ ਪੱਤਰਕਾਰਤਾ ਇੱਕ ਮਿਸ਼ਨ ਸੀ ਤੇ ਸਮਾਜ ਪ੍ਰਤੀ ਮੀਡੀਆ ਨਾਲ ਜੁੜ੍ਹੇ ਲੋਕਾਂ ਦੀ ਜ਼ਿੰਮੇਵਾਰੀ ਹੁੰਦੀ ਸੀ। ਪਰ ਅੱਜ ਵਪਾਰਕ ਪੱਖ ਭਾਰੂ ਹੋਣ ਕਾਰਨ ਸਮਾਜਿਕ ਸਰੋਕਾਰ ਹੋਲੀ ਹੋਲੀ ਗਾਇਬ ਹੋ ਰਹੇ ਹਨ। ਪੱਤਰਕਾਰਾਂ ਦੀ ਲੜਾਈ ਸਮਾਜ ਦੇ ਲੋਕਾਂ ਲਈ ਸਰਕਾਰ ਨਾਲ ਹੁੰਦੀ ਸੀ ਤੇ ਅਖ਼ਬਾਰਾਂ ਵਿੱਚ ਖ਼ਬਰਾਂ ਦੀ ਬਹੁਤਾਤ ਹੁੰਦੀ ਸੀ ਪਰ ਅੱਜ ਉਨ੍ਹਾਂ ਤੇ ਕਾਰਪੋਰੇਟ ਸੈਕਟਰ ਹਾਵੀ ਹੋ ਰਿਹਾ ਹੈ। ਕਈ ਅਖ਼ਬਾਰਾਂ ਤੇ ਹੋਰਨਾਂ ਮੀਡੀਆ ਅਦਾਰਿਆਂ ਨੇ ਵਪਾਰਕ ਹਿੱਤਾਂ ਨੂੰ ਪਹਿਲ ਨਾ ਦਿੰਦੇ ਹੋਏ ਜਿੱਥੇ ਆਪਣੀ ਸਾਖ ਬਣਾ ਕੇ ਰੱਖੀ ਹੋਈ ਹੈ ਉੱਥੇ ਸਮਾਜ ਪ੍ਰਤੀ ਆਪਣੇ ਫਰਜ਼ ਨਿਭਾਉਣ ਵਿੱਚ ਵੀ ਮੋਹਰੀ ਰੋਲ ਅਦਾ ਕੀਤਾ ਜਾ ਰਿਹਾ ਹੈ ਪਰੰਤੂ ਕੁੱਝ ਅਖਬਾਰਾਂ ਨੇ ਇਸਨੂੰ ਨਿਰੋਲ ਲਾਹੇਵੰਦ ਵਪਾਰ ਬਣਾਕੇ ਰੱਖਿਆ ਹੋਇਆ ਹੈ। ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਸਾਡੇ ਦੇਸ਼ ਭਾਰਤ ਨੂੰ ਪ੍ਰੈਸ ਦੀ ਆਜ਼ਾਦੀ ਦੇ ਮਾਮਲੇ ਵਿੱਚ 79ਵਾਂ ਰੈਂਕ ਪ੍ਰਾਪਤ ਹੈ। ਸਾਡੇ ਦੇਸ਼ ਵਿੱਚ ਮੀਡੀਆ ਨੇ ਆਜ਼ਾਦੀ ਦੀ ਲੜਾਈ ਵਿੱਚ ਅੱਗੇ ਹੋ ਕੇ ਭੂਮਿਕਾ ਨਿਭਾਈ ਹੈ।

ਮੀਡੀਆ ਨੇ ਹੀ ਜੋ ਕਿ ਉਦੋਂ ਸਿਰਫ ਪ੍ਰਿੰਟ ਮੀਡੀਆ ਹੀ ਸੀ ਨੇ ਦੇਸ਼ ਵਿੱਚ ਲੋਕਾਂ ਦੀ ਬਦਤਰ ਹਾਲਤ ਦੀਆਂ ਤਸਵੀਰਾਂ ਬਿਆਨ ਕਰਕੇ ਲੋਕਾਂ ਨੂੰ ਆਜ਼ਾਦੀ ਦੀ ਲੜਾਈ ਲੜਨ ਲਈ ਪ੍ਰੇਰਨਾ ਦਿੱਤੀ। ਸਾਡੇ ਦੇਸ਼ ਵਿੱਚ ਅਜਾਦੀ ਤੋਂ ਬਾਦ ਅਜਾਦ ਭਾਰਤ ਦੇ ਸੰਵਿਧਾਨ ਵਿੱਚ ਦਰਜ ਮੋਲਿਕ ਅਧਿਕਾਰਾਂ ਵਿੱਚ ਵਿਚਾਰ ਪ੍ਰਗਟਾਉਣ ਦੀ ਅਜਾਦੀ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ ਜਿਸ ਵਿੱਚ ਪ੍ਰੈਸ ਦੀ ਅਜਾਦੀ ਵੀ ਸ਼ਾਮਿਲ ਹੈ। ਮੀਡੀਆ ਨੂੰ ਲੋਕਤੰਤਰ ਦਾ ਚੌਥਾ ਥੰਮ ਮੰਨਿਆ ਜਾਂਦਾ ਹੈ ਪਰ ਬਦ ਕਿਸਮਤੀ ਨਾਲ ਲੋਕਤੰਤਰ ਦੇ ਇਸ ਚੌਥੇ ਥੰਮ ਨੂੰ ਹੌਲੀ-ਹੌਲੀ ਗ੍ਰਹਿਣ ਲੱਗਦਾ ਨਜ਼ਰ ਆ ਰਿਹਾ ਹੈ। ਕੁਝ ਦਹਾਕੇ ਪਹਿਲਾਂ ਤੱਕ ਮੀਡੀਆ ਅਤੇ ਮੀਡੀਆ ਕਰਮੀਆਂ ਦੀ ਵਿਸ਼ੇਸ਼ ਪਹਿਚਾਣ ਹੁੰਦੀ ਸੀ। ਮੀਡੀਆ ਵਿੱਚ ਆਈ ਘਟਨਾ ਦੇ ਆਧਾਰ ਤੇ ਪ੍ਰਸ਼ਾਸ਼ਨ ਅਤੇ ਸਰਕਾਰ ਵੱਲੋਂ ਸਖਤ ਕਾਰਵਾਈ ਕੀਤੀ ਜਾਂਦੀ ਸੀ ਪਰ ਪਿਛਲੇ ਕੁਝ ਸਾਲਾਂ ਦੌਰਾਨ ਹਾਲਾਤ ਬਦਤਰ ਤੋਂ ਬਦਤਰ ਹੋ ਰਹੇ ਹਨ। ਹੁਣ ਮੀਡੀਆ ਵਿੱਚ ਉਜਾਗਰ ਹੁੰਦੀਆਂ ਘਟਨਾਵਾਂ ਦਾ ਅਸਰ ਕੁਝ ਕੁ ਘੰਟੇ ਵੇਖਣ ਨੂੰ ਮਿਲਦਾ ਹੈ ਅਤੇ ਉਸਤੋਂ ਬਾਅਦ ਉਹ ਘਟਨਾ ਖਬਰ ਬਾਸੀ ਰੋਟੀ ਵਾਂਗ ਹੋ ਜਾਂਦੀ ਹੈ। ਅੱਜ ਸਾਡੇ ਸਮਾਜ ਅਤੇ ਦੇਸ਼ ਵਿੱਚ ਆਏ ਦਿਨ ਵੱਧ ਰਹੇ ਅਪਰਾਧ, ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਵੇਖਦੇ ਹੋਏ ਮੀਡੀਆ ਦੀ ਭੂਮਿਕਾ ਹੋਰ ਵੀ ਵੱਧ ਸਿਆਣਪ ਅਤੇ ਤਨਦੇਹੀ ਨਾਲ ਕੰਮ ਕਰਨ ਦੀ ਹੈ। ਮੀਡੀਆ ਵਿੱਚ ਪਹੁੰਚੇ ਕੁਝ ਗਲਤ ਕਿਸਮ ਦੇ ਵਿਅਕਤੀਆਂ ਕਾਰਨ ਲੋਕਾਂ ਦਾ ਹੌਲੀ-ਹੌਲੀ ਮੀਡੀਆ ਤੋਂ ਵੀ ਵਿਸ਼ਵਾਸ਼ ਉਠਦਾ ਜਾ ਰਿਹਾ ਹੈ ਜੋ ਕਿ ਸਮਾਜ ਅਤੇ ਦੇਸ਼ ਲਈ ਇੱਕ ਖਤਰਨਾਕ ਸੰਕੇਤ ਹੈ।





ਸਮਾਜ ਵਿੱਚ ਵੱਧ ਰਹੀਆਂ ਸਮਾਜਿਕ ਬੁਰਾਈਆਂ ਏਡਜ਼, ਸਮਾਜ ਵਿੱਚ ਲੜਕੀਆਂ ਦੀ ਘਟ ਰਹੀ ਗਿਣਤੀ, ਕੈਂਸਰ, ਮਹਿਲਾਵਾਂ ਤੇ ਹੋ ਰਹੇ ਅਤਿਆਚਾਰ, ਬਾਲ ਵਿਆਹ, ਦਾਜ ਪ੍ਰਥਾ, ਮਨੁਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ, ਦਲਿਤਾਂ ਤੇ ਹੋ ਰਹੇ ਅਤਿਆਚਾਰਾਂ ਆਦਿ ਬਾਰੇ ਅਕਸਰ ਮੀਡੀਆ ਰਿਪੋਰਟਾਂ ਛੱਪਦੀਆਂ ਹਨ ਅਤੇ ਕਈ ਵਾਰ ਕੁਝ ਅਧਿਕਾਰੀਆਂ ਵੱਲੋਂ ਇਨ੍ਹਾਂ ਰਿਪੋਰਟਾਂ ਨੂੰ ਆਧਾਰ ਬਣਾਕੇ ਬਣਦੀ ਕਾਰਵਾਈ ਕੀਤੀ ਜਾਂਦੀ ਹੈ ਪਰ ਇਹ ਅਜੇ ਵੀ ਆਟੇ ਵਿੱਚ ਲੂਣ ਬਰਾਬਰ ਹੀ ਹੈ। ਬਦਲਦੇ ਹਾਲਤਾਂ ਕਾਰਨ ਕਈ ਵਾਰ ਮੀਡੀਆ ਨਾਲ ਜੁੜੇ ਵਿਅਕਤੀਆਂ ਨੂੰ ਹਾਲਤ ਨਾਲ ਸਮਝੌਤਾ ਕਰਕੇ ਕੰਮ ਕਰਨਾ ਪੈਂਦਾ ਹੈ ਅਤੇ ਕਈ ਵਾਰ ਹਾਲਤਾਂ ਨਾਲ ਸਮਝੌਤਾ ਨਾ ਕਰਨ ਵਾਲੇ ਮੀਡੀਆ ਕਰਮੀਆਂ ਨੂੰ ਇਸਦੀ ਸਜ਼ਾ ਵੀ ਭੁਗਤਣੀ ਪੈਂਦੀ ਹੈ। ਦੇਸ਼ ਦੀ ਪ੍ਰੈਸ ਤੇ ਸਭ ਤੋਂ ਮਾੜਾ ਸਮਾਂ ਦੇਸ਼ ਵਿੱਚ ਲਗਾਈ ਗਈ ਐਮਰਜੇਂਸੀ ਦੇ ਸਮੇਂ ਆਇਆ ਸੀ। ਉਸ ਸਮੇਂ ਸਮੁੱਚੀ ਪ੍ਰੈਸ ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਗਈ ਸੀ। ਹੁਣ ਵੀ ਭਾਰਤ ਵਿੱਚ ਪ੍ਰੈਸ ਨੂੰ ਅੱਧੀ ਆਜ਼ਾਦੀ ਹੀ ਪ੍ਰਾਪਤ ਹੈ। ਭਾਰਤ ਜੋ ਕਿ ਦੁਨੀਆਂ ਦਾ ਸਭ ਤੋਂ ਵੱਡਾ ਲੋਕਤਾਂਤਰਿਕ ਦੇਸ਼ ਹੈ ਵਿੱਚ ਪ੍ਰੈਸ ਦੀ ਅਜ਼ਾਦੀ ਵਿੱਚ ਸਰਕਾਰ ਵੱਲੋਂ ਵੀ ਰੋੜੇ ਅਟਕਾਏ ਜਾ ਰਹੇ ਹਨ। ਬਦਲਦੇ ਹਾਲਤਾਂ ਕਾਰਨ ਕਈ ਵਾਰ ਮੀਡੀਆ ਨਾਲ ਜੁੜੇ ਵਿਅਕਤੀਆਂ ਨੂੰ ਹਾਲਤ ਨਾਲ ਸਮਝੌਤਾ ਕਰਕੇ ਕੰਮ ਕਰਨਾ ਪੈਂਦਾ ਹੈ ਅਤੇ ਕਈ ਵਾਰ ਹਾਲਤਾਂ ਨਾਲ ਸਮਝੌਤਾ ਨਾ ਕਰਨ ਵਾਲੇ ਮੀਡੀਆ ਕਰਮੀਆਂ ਨੂੰ ਇਸਦੀ ਸਜ਼ਾ ਵੀ ਭੁਗਤਣੀ ਪੈਂਦੀ ਹੈ। ਪਿਛਲੇ ਸਮੇਂ ਦੋਰਾਨ ਮੀਡੀਆ ਵਿਸ਼ੇਸ ਤੋਰ ਤੇ ਅਖਬਾਰਾਂ ਵਿੱਚ ਕਈ ਸਰਕਾਰੀ ਵਿਭਾਗਾਂ ਦੇ ਕਰਮਚਾਰੀਆਂ ਨੇ ਕੰਮ ਕਰਨਾ ਸ਼ੁਰੂ ਕੀਤਾ ਹੈ ਜਿਸ ਕਾਰਨ ਬਹੁਤੀ ਵਾਰ ਇਹ ਸਰਕਾਰੀ ਕਰਮਚਾਰੀ ਬਣੇ ਪੱਤਰਕਾਰ ਅਪਣੇ ਅਖਬਾਰ ਲਈ ਨਿਰਪੱਖ ਹੋਕੇ ਕੰਮ ਨਹੀਂ ਕਰ ਪਾਂਦੇ ਹਨ। ਦੂਜੇ ਪਾਸੇ ਕਈ ਵਾਰ ਕਈ ਪੱਤਰਕਾਰ ਬਣੇ ਸਰਕਾਰੀ ਕਰਮਚਾਰੀ ਅਪਣੇ ਵਿਭਾਗ ਵਿੱਚ ਤਨਦੇਹੀ ਨਾਲ ਕੰਮ ਨਹੀਂ ਕਰਦੇ ਹਨ। ਪੰਜਾਬ ਸਰਕਾਰ ਨੇ ਅਜਿਹੇ ਪੱਤਰਕਾਰ ਬਣੇ ਸਰਕਾਰੀ ਕਰਮਚਾਰੀਆਂ ਖਿਲਾਫ ਕਾਰਵਾਈ ਵੀ ਸ਼ੁਰੂ ਕੀਤੀ ਸੀ। ਇਸ ਸਬੰਧੀ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਚੰਡੀਗੜ੍ਹ ਨੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿਖਿੱਆ, ਐਲੀਮੈਂਟਰੀ ਸਿਖਿਆ) ਪੰਜਾਬ ਨੂੰ ਪੱਤਰ ਨੰਬਰ ਐਸ.ਐਸ. ਏ./2012/ਐਡਮਨ/83234 ਮਿਤੀ 7.8.2012 ਰਾਹੀਂ ਸਿੱਖਿਆ ਵਿਭਾਗ ਦੇ ਕਰਮਚਾਰੀਆਂ ਵੱਲੋਂ ਪੱਤਰਕਾਰੀ ਕਰਨ ਬਾਰੇ ਲਿਖਿਆ ਸੀ। ਇਸ ਸਬੰਧੀ ਸਰਕਾਰੀ ਕਰਮਚਾਰੀ ਕੰਡਕਟ ਐਕਟ 1966 ਦੇ ਨਿਯਮ ਬੜੇ ਸਪੱਸ਼ਟ ਹਨ ਜਿਨ੍ਹਾਂ ਅਨੁਸਾਰ ਕੋਈ ਵੀ ਸਰਕਾਰੀ ਮੁਲਾਜ਼ਮ ਸਰਕਾਰ ਦੀ ਪੂਰਵ-ਪ੍ਰਵਾਨਗੀ ਤੋਂ ਬਿਨਾਂ ਅਖਬਾਰਾਂ ਲਈ ਆਰਟੀਕਲ ਨਹੀਂ ਲਿਖ ਸਕਦਾ ਅਤੇ ਇਸ ਤਰ੍ਹਾਂ ਉਕਤ ਰੂਲਾਂ ਅਨੁਸਾਰ ਸਰਕਾਰ ਦਾ ਮੁਲਾਜ਼ਮ ਆਪ ਜਾਂ ਕਿਸੇ ਹੋਰ ਨਾਮ ਤੇ ਅਖਬਾਰ ਦੇ ਪੱਤਰਕਾਰ ਦੇ ਤੌਰ ਤੇ ਕੰਮ ਨਹੀਂ ਕਰ ਸਕਦਾ। ਕਿਸੇ ਵੀ ਮੁਲਾਜ਼ਮ ਵੱਲੋਂ ਇਹਨਾਂ ਹਦਾਇਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਉਸਦੇ ਖਿਲਾਫ ਪੰਜਾਬ ਸਿਵਲ ਸਰਵਿਸਜ਼ (ਦੰਡ ਅਤੇ ਅਪੀਲ) ਰੂਲਜ਼ 1970 ਦੇ ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ। ਅੱਜ ਮੀਡੀਆ ਦੀ ਅਜਾਦੀ ਖਤਰੇ ਵਿੱਚ ਹੈ ਕਿਉਂਕਿ ਹੁਣ ਬਹੁਤੇ ਮੀਡੀਆ ਤੇ ਰਾਜਨੀਤਿਕ ਨਿਯੰਤਰਣ ਹੈ। ਕਈ ਮੀਡੀਆ ਗਰੁੱਪ ਸਿੱਧੇ ਤੋਰ ਤੇ ਹੀ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਦੇ ਨਿੰਯਤਰਣ ਅਧੀਨ ਚੱਲ ਰਹੇ ਹਨ। ਸਮਾਜ ਵਿੱਚ ਮੀਡੀਆ ਕਰਮੀਆਂ ਦੀ ਬਦਲ ਰਹੀ ਭੂਮਿਕਾ ਵਿਸੇਸ ਤੋਰ ਤੇ ਆਮ ਲੋਕਾਂ ਨਾਲ ਜੁੜ੍ਹੇ ਇਲੈਕਟ੍ਰਾਨਿਕ ਮੀਡੀਆਂ ਅਤੇ ਪ੍ਰਿੰਟ ਮੀਡੀਆ ਨਾਲ ਜੁੜ੍ਹੇ ਬਹੁਤੇ ਮੀਡੀਆ ਕਰਮੀ ਲੋਕਾਂ ਤੋਂ ਦੂਰ ਹੋ ਚੁੱਕੇ ਹਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਲੋਕਾਂ ਤੱਕ ਪਹੁੰਚਾਣ ਦੀ ਬਜਾਏ ਅਪਣੇ ਨਿੱਜੀ ਹਿੱਤਾਂ ਨੂੰ ਪਹਿਲ ਦਿੰਦੇ ਹਨ। ਸਥਾਨਕ ਮੀਡੀਆ ਵਿੱਚ ਬਹੁਤੇ ਮੀਡੀਆ ਕਰਮੀ ਅਜਿਹੇ ਆ ਗਏ ਹਨ ਜੋਕਿ ਸਿਰਫ ਪੈਸੇ ਦੇ ਅਧਾਰ ਤੇ ਹੀ ਪ੍ਰੈਸ ਦਾ ਨਾਮ ਵਰਤ ਰਹੇ ਹਨ। ਪੰਜਾਬੀ ਦੇ ਇੱਕ ਉਘੇ ਲੇਖਕ ਵਲੋਂ ਪਿਛਲੇ ਸਮੇਂ ਦੌਰਾਨ ਲਿਖੀ ਗਈ ਕਿਤਾਬ ਵਿੱਚ ਪੱਤਰਕਾਰਤਾ ਵਿੱਚ ਆ ਰਹੇ ਨਿਘਾਰ ਬਾਰੇ ਗੰਭੀਰ ਚਿੰਤਨ ਕੀਤਾ ਗਿਆ ਹੈ।

ਪ੍ਰੈਸ ਕੌਂਸਲ ਆਫ ਇੰਡੀਆ ਦੇ ਚੇਅਰਮੈਨ ਮਾਣਯੋਗ ਮਾਰਕੰਡੇ ਕਟਾਜੂ ਰਿਟਾਇਰਡ ਜੱਜ ਸੁਪਰੀਮ ਕੋਰਟ ਆਫ ਇੰਡੀਆ ਨੇ ਵੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਇੱਕ ਸੈਮੀਨਾਰ ਦੌਰਾਨ ਮੀਡੀਆ ਨੂੰ ਅਪਣੀ ਭੂਮਿਕਾ ਸਹੀ ਤਰੀਕੇ ਨਾਲ ਨਿਭਾਉਣ ਲਈ ਕਿਹਾ ਸੀ ਤਾਂ ਜੋ ਸਮਾਜ ਦੇ ਪੱਛੜੇ ਅਤੇ ਲਿਤਾੜੇ ਵਰਗਾਂ ਦੀਆਂ ਮੁਸ਼ਕਿਲਾਂ ਬਾਰੇ ਦੇਸ਼ ਅਤੇ ਆਮ ਲੋਕਾਂ ਨੂੰ ਪਤਾ ਚੱਲ ਸਕੇ। ਪ੍ਰੈਸ ਕੌਂਸਲ ਆਫ ਇੰਡੀਆ ਦੀ 35ਵੀਂ (01 ਅਪ੍ਰੈਲ 2013 ਤੋਂ 31 ਮਾਰਚ 2014 ਤੱਕ) ਰਿਪੋਰਟ ਅਨੁਸਾਰ ਵਿਸ਼ਵ ਦੀ ਅੱਧੀ ਆਬਾਦੀ 2.5 ਬਿਲੀਅਨ ਅਖ਼ਬਾਰਾਂ ਰੋਜ਼ ਪੜ੍ਹਦੀ ਹੈ ਅਤੇ 600 ਮਿਲੀਅਨ ਅਬਾਦੀ ਰੋਜ਼ ਇੰਟਰਨੈੱਟ ਤੇ ਅਖ਼ਬਾਰਾਂ ਪੜ੍ਹਦੀ ਹੈ। ਅਖ਼ਬਾਰਾਂ ਦੇ ਉਦਯੋਗ ਰਾਹੀਂ 200 ਬਿਲੀਅਨ ਡਾਲਰ ਹਰ ਸਾਲ ਵਿਗਿਆਪਨਾਂ ਰਾਹੀਂ ਅੰਤਰਰਾਸ਼ਟਰੀ ਪੱਧਰ ਤੇ ਕਮਾਏ ਜਾਂਦੇ ਹਨ। ਇਸ ਸਮੇਂ ਦੌਰਾਨ ਪ੍ਰੈਸ ਕੌਂਸਲ ਕੋਲ 199 ਸ਼ਕਾਇਤਾਂ ਸਰਕਾਰੀ ਅਧਿਕਾਰੀਆਂ ਜਾਂ ਹੋਰ ਅਧਿਕਾਰੀਆਂ ਖਿਲਾਫ ਪ੍ਰੈਸ ਦੀ ਆਜ਼ਾਦੀ ਵਿੱਚ ਦਖਲਅੰਦਾਜ਼ੀ ਲਈ ਪ੍ਰਾਪਤ ਹੋਈਆਂ ਹਨ ਅਤੇ ਪਿਛਲੇ ਸਾਲ ਦੀਆਂ 160 ਸ਼ਕਾਇਤਾਂ ਦਾ ਨਿਪਟਾਰਾ ਬਕਾਇਆ ਪਿਆ ਸੀ। ਇਸ ਤਰ੍ਹਾਂ ਕੁੱਲ ਮਿਲਾ ਕੇ 359 ਸ਼ਕਾਇਤਾਂ ਵਿੱਚੋਂ 52 ਸ਼ਕਾਇਤਾਂ ਨੂੰ ਆਪਸੀ ਗੱਲਬਾਤ ਰਾਹੀਂ ਖਤਮ ਕਰ ਦਿੱਤਾ ਗਿਆ ਹੈ ਜਦਕਿ 186 ਸ਼ਕਾਇਤਾਂ ਨੂੰ ਸ਼ੁਰੂਆਤੀ ਤੌਰ ਤੇ ਹੀ ਜਾਂਚ ਪੜਤਾਲ ਕਰਕੇ ਖਤਮ ਕਰ ਦਿੱਤਾ ਗਿਆ ਹੈ ਜਦਕਿ 121 ਸ਼ਕਾਇਤਾਂ ਤੇ ਸੁਣਵਾਈ ਅਤੇ ਕਾਰਵਾਈ ਦੀ ਪ੍ਰਕਿਰਿਆ ਜਾਰੀ ਹੈ। ਪ੍ਰੈਸ ਕੌਂਸਲ ਨੂੰ ਇਸ ਸਮੇਂ ਦੌਰਾਨ 1215 ਸ਼ਕਾਇਤਾਂ ਪ੍ਰੈਸ ਦੇ ਖਿਲਾਫ ਪ੍ਰਾਪਤ ਹੋਈਆਂ ਹਨ ਅਤੇ 710 ਸ਼ਕਾਇਤਾਂ ਪਿਛਲੇ ਸਮੇਂ ਦੀਆਂ ਬਕਾਇਆ ਪਈਆਂ ਹਨ। ਇਸ ਤਰ੍ਹਾਂ ਕੁੱਲ ਮਿਲਾ ਕੇ 1925 ਸ਼ਕਾਇਤਾਂ ਹਨ ਜਿਹਨਾਂ ਵਿੱਚੋਂ 188 ਸ਼ਕਾਇਤਾਂ ਨੂੰ ਆਪਸੀ ਗੱਲਬਾਤ ਰਾਹੀਂ ਨਿਪਟਾ ਲਿਆ ਗਿਆ ਹੈ ਜਦਕਿ 916 ਸ਼ਕਾਇਤਾਂ ਨੂੰ ਸ਼ੁਰੂਆਤੀ ਜਾਂਚ ਵਿੱਚ ਹੀ ਖਤਮ ਕਰ ਦਿੱਤਾ ਗਿਆ ਅਤੇ 821 ਸ਼ਕਾਇਤਾਂ ਤੇ ਸੁਣਵਾਈ ਅਤੇ ਕਾਰਵਾਈ ਦੀ ਪ੍ਰਕਿਰਿਆ ਚੱਲ ਰਹੀ ਹੈ।

ਇਨ੍ਹਾਂ ਰਿਪੋਰਟਾਂ ਨੂੰ ਵੇਖਕੇ ਪਤਾ ਚੱਲਦਾ ਹੈ ਕਿ ਅੱਜ ਜਿੱਥੇ ਵੱਖ ਵੱਖ ਸਰਕਾਰੀ ਅਧਿਕਾਰੀਆਂ ਵਲੋਂ ਪ੍ਰੈਸ ਦੀ ਅਜਾਦੀ ਖਤਮ ਕਰਨ ਲਈ ਕੋਸਿਸ਼ਾਂ ਕੀਤੀਆਂ ਜਾ ਰਹੀਆਂ ਹਨ ਉਥੇ ਦੂਜੇ ਪਾਸੇ ਬਹੁਤੇ ਮੀਡੀਆ ਕਰਮੀ ਵੀ ਅਪਣੀ ਬਣਦੀ ਭੂਮਿਕਾ ਸਹੀ ਢੰਗ ਨਾਲ ਨਹੀਂ ਨਿਭਾ ਰਹੇ ਹਨ। ਪਿਛਲੇ ਸਮੇਂ ਦੌਰਾਨ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਹੋਈਆਂ ਚੋਣਾਂ ਦੌਰਾਨ ਸਾਹਮਣੇ ਆਏ ਪੇਡ ਨਿਊਜ਼ ਦੇ ਹਜ਼ਾਰਾਂ ਮਾਮਲਿਆਂ ਨੇ ਵੀ ਪ੍ਰੈਸ ਦੀ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ੍ਹ ਲਗਾਇਆ ਹੈ ਜੋਕਿ ਪ੍ਰੈਸ ਦੀ ਅਜ਼ਾਦੀ ਲਈ ਖਤਰਾ ਹੈ। ਅੱਜ ਲੋੜ ਹੈ ਲੋਕਤੰਤਰ ਦੇ ਚੌਥੇ ਥੰਮ ਮੀਡੀਆ ਨੂੰ ਬਚਾਉਣ ਦੀ ਤਾਂ ਜੋ ਹੱਕ ਅਤੇ ਸੋਚ ਦੀ ਆਵਾਜ਼ ਬੁਲੰਦ ਰਹਿ ਸਕੇ। ਜੇਕਰ ਹੁਣ ਵੀ ਇਸ ਪ੍ਰਤੀ ਗੰਭੀਰਤਾ ਨਾਲ ਨਾ ਸੋਚਿਆ ਤਾਂ 03 ਮਈ ਦਾ ਦਿਹਾੜਾ ਜੋ ਕਿ ਵਿਸ਼ੇਸ਼ ਤੌਰ ਤੇ ਪ੍ਰੈਸ ਦੇ ਅਜਾਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ ਦੇ ਕੋਈ ਅਰਥ ਨਹੀਂ ਰਹਿ ਜਾਣਗੇ ਅਤੇ ਮੀਡੀਆ ਸੱਚਮੁੱਚ ਸਰਕਾਰ ਅਤੇ ਪ੍ਰਭਾਵਸ਼ਾਲੀ ਲੋਕਾਂ ਦੇ ਪ੍ਰਭਾਵ ਅਧੀਨ ਹੀ ਕੰਮ ਕਰੇਗਾ ਜੋ ਕਿ ਸਮਾਜ ਅਤੇ ਦੇਸ਼ ਲਈ ਖਤਰਨਾਕ ਸਾਬਿਤ ਹੋਵੇਗਾ।

# ਘੱਟਗਿਣਤੀਆਂ ਨੂੰ 'ਸਿੱਧੇ ਕਰਨ' ਦੀਆਂ ਧਮਕੀਆਂ

ਹਰ ਰੋਜ਼ ਹੀ, ਹਿੰਦੂਤਵਾ-ਹਮਾਇਤੀਆਂ ਦੇ ਉਹ 'ਅਨਮੋਲ ਉਪਦੇਸ਼' ਪੜ੍ਹਨ ਸੁਣਨ ਨੂੰ ਮਿਲ ਜਾਂਦੇ ਹਨ ਜੋ ਇਸ ਦੇਸ਼ ਦੀਆਂ ਘੱਟ-ਗਿਣਤੀਆ ਨੂੰ ਇਹ ਸੰਦੇਸ਼ਾ ਦੇਂਦੇ ਰਹਿੰਦੇ ਹਨ ਕਿ 'ਸਾਵਧਾਨ! ਹਿੰਦੂ ਦੇਸ਼ ਵਿਚ ਹਿੰਦੂ ਰਾਜ ਆ ਗਿਆ ਹੈ ਤੇ ਜਿਹੜਾ ਕੋਈ ਵੀ ਅਪਣੇ ਆਪ ਨੂੰ 'ਹਿੰਦੂ' ਨਹੀਂ ਮੰਨੇਗਾ, ਉਸ ਨੂੰ ਕੋਈ ਨਹੀਂ ਬਚਾ ਸਕੇਗਾ।' ਅਜਿਹੀਆਂ ਗੱਲਾਂ ਕਰਨ ਵਾਲੇ ਲੋਕਾਂ ਦੇ ਹੌਸਲੇ, ਦਿਨ ਬਦਿਨ ਵਧਦੇ ਹੀ ਜਾ ਰਹੇ ਹਨ। ਕੁੱਝ ਤਾਜ਼ਾ 'ਫ਼ੁਰਮਾਨ' ਵੇਖੋ:

'ਸਾਮਨਾ' ਅਖ਼ਬਾਰ ਵਿਚ ਸ਼ਿਵ ਸੈਨਾ ਦੇ ਮੈਂਬਰ ਪਾਰਲੀਮੈਂਟ ਸੰਜੇ ਰਾਉਤ ਨੇ ਲਿਖਿਆ ਹੈ ਕਿ ਮੁਸਲਮਾਨਾਂ ਦਾ ਵੋਟ ਦਾ ਹੱਕ ਪੰਜ ਸਾਲ ਲਈ ਖੋਹ ਲਿਆ ਜਾਣਾ ਚਾਹੀਦਾ ਹੈ ਕਿਉਂਕਿ 'ਮੁਸਲਿਮ ਵੋਟਾਂ' ਨੂੰ ਵੋਟ ਬੈਂਕ ਰਾਜਨੀਤੀ ਲਈ ਵਰਤਿਆ ਜਾਂਦਾ ਹੈ। (ਕੀ ਜਾਟਾਂ, ਦਲਿਤਾਂ, ਈਸਾਈਆਂ, ਆਦੀਵਾਸੀਆਂ, ਰਾਜਪੂਤਾਂ, ਬ੍ਰਾਹਮਣਾਂ ਦੀਆਂ ਵੋਟਾਂ ਨੂੰ ਵੋਟ ਬੈਂਕ ਰਾਜਨੀਤੀ ਲਈ ਨਹੀਂ ਵਰਤਿਆ ਜਾਂਦਾ?) ਰਾਉਤ ਨੇ ਇਹ ਵੀ ਲਿਖਿਆ ਹੈ ਕਿ ਬਾਲਾ ਸਾਹਿਬ ਠਾਕਰੇ ਵੀ ਮੁਸਲਮਾਨਾਂ ਬਾਰੇ ਇਹੀ ਮੰਗ ਕਰਦੇ ਰਹੇ ਸਨ। ਉਸ ਦਾ ਕਹਿਣਾ ਹੈ ਕਿ ਪੰਜ ਸਾਲ ਮੁਸਲਮਾਨਾਂ ਦਾ ਵੋਟ ਦਾ ਹੱਕ ਖੋਹ ਲਿਆ ਗਿਆ ਤਾਂ ਮੁਸਲਮਾਨ ਆਪੇ ਸਿਧੇ ਹੋ ਜਾਣਗੇ।

ਬੀਜੇਪੀ ਦੇ ਮੈਂਬਰ ਪਾਰਲੀਮੈਂਟ ਸਾਕਸ਼ੀ ਮਹਾਰਾਜ ਦਾ ਤਾਜ਼ਾ ਫ਼ੁਰਮਾਨ ਹੈ ਕਿ ਜਿਹੜਾ ਵੀ ਕੋਈ ਨਸਬੰਦੀ ਆਪ੍ਰੇਸ਼ਨ ਨਹੀਂ ਕਰਵਾਉਂਦਾ, ਉਸ ਦਾ ਵੋਟ ਦਾ ਹੱਕ ਖੋਹ ਲਿਆ ਜਾਏ।

ਹਿੰਦੂ ਮਹਾਂ ਸਭਾ ਦੀ ਉਪ ਪ੍ਰਧਾਨ ਸਾਧਵੀ ਦੇਵਾ ਠਾਕੁਰ ਨੇ ਐਮਰਜੈਂਸੀ ਲਾ ਕੇ ਮੁਸਲਮਾਨਾਂ ਤੇ ਈਸਾਈਆਂ ਦੀ ਜਬਰੀ ਨਸ-ਬੰਦੀ ਕਰਨ ਦਾ ਫ਼ੁਰਮਾਨ ਜਾਰੀ ਕੀਤਾ ਹੈ ਤਾਕਿ ਇਨ੍ਹਾਂ ਦੋ ਕੌਮਾਂ ਦੀ ਆਬਾਦੀ ਵਧਣੋਂ ਰੋਕੀ ਜਾ ਸਕੇ।

ਉਪਰ ਵਰਣਤ ਸਾਧਵੀ ਦੇਵਾ ਠਾਕੁਰ ਦਾ ਹੀ ਇਕ ਹੋਰ ਫ਼ੁਰਮਾਨ ਹੈ ਕਿ ਹਿੰਦੂ ਮਸੀਤਾਂ ਅਤੇ ਈਸਾਈ ਚਰਚਾਂ ਵਿਚ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਵੀ ਰੱਖ ਦਿਤੀਆਂ ਜਾਣੀਆਂ ਚਾਹੀਦੀਆਂ ਹਨ ਤਾਕਿ ਹਿੰਦੂ ਕਲਚਰ ਦੇ ਦਰਸ਼ਨ ਚਰਚਾਂ ਅਤੇ ਮਸੀਤਾਂ ਵਿਚ ਵੀ ਹੋ ਸਕਣ।

ਸਿੱਖ ਘੱਟ-ਗਿਣਤੀ ਅਜੇ ਹਿੰਦੂ ਲੀਡਰਾਂ ਦੇ ਇਨ੍ਹਾਂ ਤਿੱਖੇ ਕੱਟੜਵਾਦੀ ਹਮਲਿਆਂ ਤੋਂ ਬਚੀ ਹੋਈ ਹੈ ਕਿਉਂਕਿ ਹਿੰਦੂਤਵੀ ਲੀਡਰ ਸਮਝਦੇ ਹਨ ਕਿ ਇਹ ਤਾਂ ਪਹਿਲਾਂ ਹੀ ਮਰੀ ਪਈ ਹੈ ਤੇ ਦੋ ਵੱਡੀਆਂ ਘੱਟ-ਗਿਣਤੀਆਂ ਨੂੰ ਸਮੇਟ ਲਈਏ ਤਾਂ ਛੋਟੀ ਜਹੀ ਸਿੱਖ ਘੱਟ-ਗਿਣਤੀ ਤਾਂ ਚੀਚੀ ਉਂਗਲੀ ਨਾਲ ਵੀ ਢਾਹ ਲਵਾਂਗੇ। ਬਾਦਲ ਅਕਾਲੀ ਦਲ ਨਾਲ ਜੱਫੀਆਂ ਪਾ ਕੇ, ਉਂਜ ਉਹ ਪਹਿਲਾਂ ਹੀ ਸਿੱਖਾਂ ਅੰਦਰ ਅਪਣੇ ਕਿਲ੍ਹੇ ਬਣਾਈ ਜਾ ਰਹੇ ਹਨ।

ਇਸ ਦੇ ਉਲਟ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਯੂਨੈਸਕੋ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ, ''ਮੇਰੀ ਸਰਕਾਰ ਇਹ ਯਕੀਨੀ ਬਣਾਏਗੀ ਕਿ ਹਰ ਸ਼ਹਿਰੀ, ਭਾਵੇਂ ਉਹ ਕਿਸੇ ਵੀ ਮਤ, ਸਭਿਆਚਾਰ ਅਤੇ ਧਰਮ ਨਾਲ ਜੁੜਿਆ ਹੋਵੇ, ਉਸ ਨੂੰ ਸਾਡੇ ਸਮਾਜ ਵਿਚ ਬਰਾਬਰੀ ਦਾ ਦਰਜਾ ਮਿਲੇ।''

ਪ੍ਰਧਾਨ ਮੰਤਰੀ ਦੇ ਇਹ ਠੰਢੇ ਮਿੱਠੇ ਸ਼ਬਦ ਕਿੰਨੇ ਲੋਕਾਂ ਨੂੰ ਪ੍ਰਭਾਵਤ ਕਰਨਗੇ? ਜੇ ਦੁਨੀਆਂ ਨੂੰ ਭਾਰਤੀ ਲੀਡਰਾਂ ਦੀ ਇਮਾਨਦਾਰੀ ਦਾ ਯਕੀਨ ਦਿਵਾਉਣਾ ਹੀ ਹੈ ਤਾਂ ਜ਼ਰੂਰੀ ਹੈ ਕਿ ਪਹਿਲਾਂ ਉਨ੍ਹਾਂ ਲੋਕਾਂ ਨੂੰ ਜ਼ਬਾਨ ਬੰਦ ਰੱਖਣ ਲਈ ਆਖਿਆ ਜਾਵੇ ਜੋ ਨਰਿੰਦਰ ਮੋਦੀ ਨੂੰ ਅਪਣਾ ਲੀਡਰ ਮੰਨਦੇ ਹਨ ਜਾਂ ਬੀਜੇਪੀ ਦੇ ਭਾਈਵਾਲ ਹਨ। ਸਰਕਾਰੀ ਤੰਤਰ ਦਾ ਭਾਗ ਬਣੇ ਰਹਿ ਕੇ ਵੀ, ਜੇਕਰ ਕੁੱਝ ਮਹੱਤਵਪੂਰਨ ਲੋਕ ਅਪਣੀ ਫ਼ਿਰਕੂ 'ਕਾਏਂ ਕਾਏਂ' ਕਰਦੇ ਰਹਿਣਗੇ ਅਤੇ ਉਨ੍ਹਾਂ ਨੂੰ ਚੁੱਪ ਕਰਵਾਉਣ ਦਾ ਕੋਈ ਯਤਨ ਨਹੀਂ ਕੀਤਾ ਜਾਵੇਗਾ ਜਾਂ ਉਨ੍ਹਾਂ ਨੂੰ ਗਠਜੋੜ ਵਿਚੋਂ ਬਾਹਰ ਨਹੀਂ ਕੀਤਾ ਜਾਵੇਗਾ ਤਾਂ ਪ੍ਰਧਾਨ ਮੰਤਰੀ ਦੀਆਂ ਯਕੀਨ-ਦਹਾਨੀਆਂ ਕਿਸੇ ਕੰਮ ਨਹੀਂ ਆਉਣਗੀਆਂ ਤੇ ਵਿਦੇਸ਼ੀ ਲੀਡਰ ਵੀ ਇਨ੍ਹਾਂ ਦਾ ਅਸਰ ਕਬੂਲ ਨਹੀਂ ਕਰਨਗੇ। ਹਿੰਦੁਸਤਾਨ ਦੀਆਂ ਘੱਟ-ਗਿਣਤੀਆਂ, ਖ਼ਾਸ ਤੌਰ ਤੇ ਬੋਧੀਆਂ, ਸਿੱਖਾਂ ਅਤੇ ਮੁਸਲਮਾਨਾਂ ਨੇ ਇਸ ਦੇਸ਼ ਵਿਚ ਅਪਣੇ ਕਤਲੇਆਮ ਅਤੇ ਨਸਲਕੁਸ਼ੀ ਦੇ ਨਜ਼ਾਰੇ ਵੇਖੇ ਹੋਏ ਹਨ ਤੇ ਫ਼ਿਰਕੂ ਹਿੰਦੂਤਵੀਆਂ ਦੇ ਫ਼ਿਰਕੂ ਬੋਲਾਂ ਨਾਲ ਹਰੇ ਹੋ ਰਹੇ ਉਨ੍ਹਾਂ ਦੇ ਅੱਲੇ ਜ਼ਖ਼ਮਾਂ ਉਤੇ ਪ੍ਰਧਾਨ ਮੰਤਰੀ ਦੀਆਂ ਖ਼ਾਲੀ ਯਕੀਨ-ਦਹਾਨੀਆਂ ਮਲ੍ਹਮ ਨਹੀਂ ਲਗਾ ਸਕਣਗੀਆਂ।

# ਕੁਝ ਮੀਡੀਆ ਵਾਲੇ ਖਰਾਬ ਕਰ ਰਹੇ ਹਨ 'ਆਪ' ਦਾ ਅਕਸ : ਕੇਜਰੀਵਾਲ

**ਨਵੀਂ ਦਿੱਲੀ-** ਆਮ ਆਦਮੀ ਪਾਰਟੀ (ਆਪ) ਦੇ ਕਨ-ਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਪਣੇ ਆਗੂ ਵਿਸ਼ਵਾਸ ਦੇ ਪਾਰਟੀ ਦੀ ਇਕ ਮਹਿਲਾ ਵਰਕਰ ਨਾਲ ਕਥਿਤ ਨਾਜਾਇਜ਼ ਸੰਬੰਧਾਂ 'ਤੇ ਅੱਜ ਆਪਣੀ ਚੁੱਪ ਤੋੜਦੇ ਹੋਏ ਮੀਡੀਆ 'ਤੇ ਪਾਰਟੀ ਦਾ ਅਕਸ ਖਰਾਬ ਕਰਨ ਦਾ ਦੋਸ਼ ਲਗਾਇਆ। ਸ਼੍ਰੀ ਕੇਜਰੀਵਾਲ ਨੇ ਨਿਊਜ਼ ਚੈਨਲਾਂ 'ਤੇ ਜਾਰੀ ਆਪਣੇ ਬਿਆਨ ਵਿਚ ਮੀਡੀਆ ਨੂੰ ਲੰਮੇ ਹੱਥੀਂ ਲਿਆ। ਉਨ੍ਹਾਂ ਕਿਹਾ ਕਿ ਪਿਛਲੇ 3-4 ਮਹੀਨਿਆਂ ਤੋਂ ਕੁਝ ਮੀਡੀਆ ਹਾਊਸ ਉਨ੍ਹਾਂ ਦੀ ਸਰਕਾਰ ਦਾ ਅਕਸ ਖਰਾਬ ਕਰਨ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਸ਼੍ਰੀ ਵਿਸ਼ਵਾਸ ਕੱਲ ਜਦੋਂ ਲੋਕਾਂ ਨੂੰ ਇਸ ਮਾਮਲੇ ਵਿਚ ਖੁਦ ਨੂੰ ਨਿਰਦੋਸ਼ ਹੋਣ ਦੀ ਸਫਾਈ ਦੇ ਰਹੇ ਸਨ ਤਾਂ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ। ਮੁੱਖ ਮੰਤਰੀ ਨੇ ਕਿਹਾ ਕਿ ਪਾਰਟੀ ਨੇ ਅੱਜ ਇਹ ਨਿਸ਼ਚਾ ਕਰ ਲਿਆ ਹੈ ਕਿ ਉਹ ਨਾ ਤਾਂ ਇਸ ਤਰ੍ਹਾਂ ਦੇ ਕਿਸੇ ਵਿਵਾਦ 'ਤੇ ਬੋਲੇਗੀ ਅਤੇ ਨਾ ਹੀ ਇਸ ਤਰ੍ਹਾਂ ਦੇ ਕਿਸੇ ਮਾਮਲੇ ਵਿਚ ਸਵਾਲ ਦਾ ਜਵਾਬ ਦੇਵੇਗੀ।

ਸ਼੍ਰੀ ਕੇਜਰੀਵਾਲ ਨੇ ਕਿਹਾ, ''ਤੁਹਾਡੀ ਲੜਾਈ ਸਾਡੇ ਨਾਲ ਹੈ, ਕ੍ਰਿਪਾ ਕਰਕੇ ਸਾਡੇ ਪਰਿਵਾਰ ਤੇ ਬੱਚਿਆਂ ਨੂੰ ਬਖਸ਼ ਦਿਓ। ਸ਼੍ਰੀ ਵਿਸ਼ਵਾਸ ਦਾ ਪੂਰਾ ਪਰਿਵਾਰ ਪ੍ਰੇਸ਼ਾਨ ਹੈ। ਕੀ ਇਹ ਸਿਆਸਤ ਹੈ? ਤੁਸੀਂ ਬਿਨਾਂ ਕਿਸੇ ਸਬੂਤ ਦੇ ਇਕ ਪਰਿਵਾਰ ਨੂੰ ਬਰਬਾਦ ਕਰ ਰਹੇ ਹੋ।'' ਉਨ੍ਹਾਂ ਕਿਹਾ ਕਿ ਹੁਣ ਤੋਂ ਪਾਰਟੀ ਸਿਰਫ ਸੂਬਾ ਸਰਕਾਰ ਦੇ ਸਵਾਲਾਂ ਦਾ ਜਵਾਬ ਦੇਵੇਗੀ। ਸ਼੍ਰੀ ਕੇਜਰੀਵਾਲ ਨੇ ਕਿਹਾ ਕਿ ਤੁਸੀਂ ਸਾਡੇ ਕੰਮ ਬਾਰੇ ਪੁੱਛੋ, ਅਸੀਂ ਜਵਾਬ ਦੇਵਾਂਗੇ। ਇਸ ਤਰ੍ਹਾਂ ਦੇ ਕਿਸੇ ਵਿਵਾਦ 'ਤੇ ਅਸੀਂ ਕੁਝ ਨਹੀਂ ਬੋਲਾਂਗੇ।

# ਬੁੱਧ ਦੁਨੀਆ 'ਚ ਯੁੱਧ ਅਤੇ ਸੰਘਰਸ਼ ਤੋਂ ਛੁਟਕਾਰਾ ਪਾਉਣ ਲਈ ਰਸਤਾ ਹਨ- ਮੋਦੀ

**ਨਵੀਂ ਦਿੱਲੀ-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ 'ਬੁੱਧ ਪੂਰਨੀਮਾ' ਮੌਕੇ ਆਯੋਜਿਤ ਸਮਾਰੋਹ 'ਚ ਹਿੱਸਾ ਲਿਆ ਅਤੇ ਪ੍ਰਾਰਥਨਾ ਕੀਤੀ। ਉਨ੍ਹਾਂ ਨੇ ਕਿਹਾ ਕਿ ਇਹ ਕਿਹਾ ਜਾ ਰਿਹਾ ਹੈ ਕਿ 21ਵੀਂ ਸਦੀ ਏਸ਼ੀਆ ਦੀ ਸਦੀ ਹੋਵੇਗੀ। ਇਸ 'ਚ ਕੋਈ 2 ਰਾਏ ਨਹੀਂ ਹੈ। ਇਸ ਤੋਂ ਬਾਅਦ ਉਨ੍ਹਾਂ ਨੇ ਕਿਹਾ ਕਿ ਬੁੱਧ ਦੇ ਬਿਨਾਂ ਇਹ ਸਦੀ ਏਸ਼ੀਆ ਦੀ ਸਦੀ ਨਹੀਂ ਹੋ ਸਕਦੀ।

ਮੋਦੀ ਨੇ ਨੇਪਾਲ 'ਚ ਆਏ ਭੂਚਾਲ ਦੇ ਪੀੜਤਾਂ ਦੇ ਜਲਦੀ ਸਿਹਤਮੰਦ ਹੋਣ ਲਈ ਭਗਵਾਨ ਬੁੱਧ ਮੰਦਰ 'ਚ ਪ੍ਰਾਰਥਨਾ ਕੀਤੀ। 'ਬੁੱਧ ਪੂਰਨੀਮਾ' ਦੇ ਪਾਵਨ ਮੌਕੇ ਮੋਦੀ ਨੇ ਕਿਹਾ ਕਿ ਬੁੱਧ ਦੇ ਜਨਮ ਸਥਾਨ ਨੂੰ ਇਕ ਬਹੁਤ ਵੱਡੇ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੋਦੀ ਨੇ ਬੁੱਧ ਦੇ ਜਨਮ ਦਿਵਸ ਸਮਾਰੋਹ ਦੌਰਾਨ ਇਕ ਸਭਾ ਨੂੰ ਸੰਬੋਧਨ ਕਰਦੇ ਹੋਏ ਕਿਹਾ,''ਮੈਂ ਬੁੱਧ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਨੇਪਾਲ ਵਾਪਸ ਆਪਣੀ ਤਾਕਤ 'ਚ ਆਏ।''

ਉਨ੍ਹਾਂ ਨੇ ਭੂਚਾਲ ਦੇ ਪੀੜਤਾਂ ਦੀ ਯਾਦ 'ਚ ਸਭਾ ਨੂੰ ਇਕ ਮਿੰਟ ਦਾ ਮੌਨ ਰੱਖਣ ਲਈ ਕਿਹਾ। ਉਨ੍ਹਾਂ ਨੇ ਕਿਹਾ ਕਿ ਬੁੱਧ ਦੀ ਸਿੱਖਿਆਵਾਂ ਇਕ ਕਰੁਣਾ ਜੀਵਨ ਦੇ ਮੁੜ ਨਿਰਮਾਣ ਲਈ ਪ੍ਰੇਰਿਤ ਕਰਦੀਆਂ ਹਨ। ਭਾਰਤ ਵੱਲੋਂ ਨੇਪਾਲ 'ਚ ਬਚਾਅ ਅਤੇ ਰਾਹਤ ਕੰਮਾਂ ਲਈ ਫੌਜ ਫੋਰਸਾਂ ਸਮੇਤ ਵੱਡੇ ਪੈਮਾਨੇ 'ਤੇ ਸੰਸਾਧਨ ਤਾਇਨਾਤ ਕੀਤੇ ਗਏ ਹਨ। ਮੋਦੀ ਨੇ ਕਿਹਾ ਕਿ ਉਨ੍ਹਾਂ ਨੇ ਸਾਰੇ ਏਸ਼ੀਆਈ ਦੇਸ਼ਾਂ ਜਾਪਾਨ ਅਤੇ ਸ਼੍ਰੀਲੰਕਾ ਦੀ ਤਰ੍ਹਾਂ ਬੁੱਧ ਮੰਦਰਾਂ ਦੌਰਾ ਕਰਨ ਦਾ ਆਯੋਜਨ ਕੀਤਾ ਹੈ। ਬੁੱਧ ਦੇ ਆਦਰਸ਼ਾਂ ਦੇ ਕਈ ਦੇਸ਼ਾਂ ਅਤੇ ਸੰਸਕ੍ਰਿਤੀਆਂ ਨੂੰ ਪ੍ਰਭਾਵਿਤ ਕੀਤਾ ਹੈ ਪਰ ਉਹ ਸਾਰੇ ਬਿਖਰੇ ਹੋਏ ਪਏ ਹਨ।

# "ਦਲਿਤ ਹਿਸਟਰੀ ਮੰਥ" ਸਮਾਗਮ ਦੌਰਾਨ ਹੋਇਆ ਵਿਸ਼ੇਸ਼ ਸਨਮਾਨ















ਤਸਵੀਰਾਂ- ਚਮਨ ਸਰੋਆ (ਸਰੋਆ ਸਟੂਡੀਓ)


ਬੇਅ-ਏਰੀਆ ਦੀਆਂ ਭੈਣਾਂ ਆਪਣੀਆਂ ਭਾਰਤ ਤੋਂ ਆਈਆਂ ਭੈਣਾਂ ਦਾ ਸਨਮਾਨ ਕਰਦੀਆਂ ਹੋਈਆਂ।

**ਨਿਊਆਰਕ (ਕੈਲੀਫੋਰਨੀਆ)-** ਧਾਰਮਿਕ ਤੇ ਸਮਾਜਿਕ ਖੇਤਰ ਵਿਚ ਆਪਣਾ ਵਡਮੁੱਲਾ ਯੋਗਦਾਨ ਪਾ ਰਹੀ ਸੰਸਥਾ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਬਾਬਾ ਸਾਹਿਬ ਡਾ. ਅੰਬੇਦਕਰ ਦੇ ਮਿਸ਼ਨ ਨੂੰ ਪ੍ਰਚਾਰਨ ਲਈ ਅਮਰੀਕਾ ਪਹੁੰਚੀਆਂ ਦਲਿਤ ਮਹਿਲਾ ਵਰਕਰਾਂ ਦਾ ਸ਼ਾਨਦਾਰ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਕਰਵਾਏ ਗਏ ਇਕ ਵਿਸ਼ੇਸ਼ ਸਮਾਗਮ ਵਿਚ ਇਕੱਤਰ ਹੋਈਆਂ ਸੰਗਤਾਂ ਨੂੰ ਚੇਅਰਮੈਨ ਹਰਮੇਸ਼ ਲਾਲ ਮਦਾਰਾ, ਵਾਈਸ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ, ਵਾਈਸ ਚੇਅਰਮੈਨ ਸ੍ਰੀ ਕੇਵਲ ਸਿੰਘ, ਪ੍ਰਧਾਨ ਮਹਿੰਦਰ ਸਿੰਘ ਮਾਹੀ, ਸ. ਸੰਤੋਖ ਸਿੰਘ ਸਰੋਇਆ ਜਨਰਲ ਸਕੱਤਰ, ਡਾ ਹਰਮੇਸ ਕੁਮਾਰ, ਅਮਰੀਕ ਚੰਦ ਲਾਖਾ (ਸੀ. ਪੀ. ਏ.), ਰਾਮ ਮੂਰਤੀ ਸਰੋਏ, ਬਲਵੀਰ ਥਿੰਦ ਅਤੇ ਬੈਂਜੇਮਨ ਕੈਲਾ, ਸ੍ਰੀ ਸ਼ਿਵ ਸਿੱਧੂ ਖਜਾਨਚੀ ਤੋਂ ਇਲਾਵਾ ਸ੍ਰੀ ਰਜਿੰਦਰ ਝੱਮਟ, ਅਜਾਇਬ ਸਿੰਘ ਅਤੇ ਸੋਹਨ ਲਾਲ ਆਦਿ ਆਗੂਆਂ ਨੇ ਸੰਬੋਧਨ ਕੀਤਾ। ਇਹਨਾਂ ਆਗੂਆਂ ਨੇ ਇਹਨਾਂ ਦਲਿਤ ਮਹਿਲਾਵਾਂ ਵੱਲੋਂ ਆਰੰਭੇ ਕਾਰਜ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕੌਮ ਦੀ ਅਜਿਹੀ ਨਵੀਂ ਪੀੜ੍ਹੀ ਨੂੰ ਅੱਗੇ ਆਉਣ ਦੀ ਲੋੜ ਹੈ ਤਾਂ ਕਿ ਦੁਨੀਆਂ ਭਰ ਵਿਚ ਬਾਬਾ ਸਾਹਿਬ ਜੀ ਦੇ ਮਿਸ਼ਨ ਨੂੰ ਪ੍ਰਚਾਰ ਕੇ ਸਮਾਜਿਕ ਊਚ ਨੀਚ ਤੇ ਭੇਦ ਭਾਵ ਦਾ ਵਿਤਕਰਾ ਖਤਮ ਕੀਤਾ ਜਾਵੇ। ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਇਹਨਾਂ ਦਲਿਤ ਮਹਿਲਾ ਕਾਰਜਕਰਤਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਭਾ ਦੇ ਆਗੂਆਂ ਨੇ ਉਹਨਾਂ ਵੱਲੋਂ ਔਰਤਾਂ ਦੀ ਭਲਾਈ ਲਈ ਨਿਭਾਈਆਂ ਜਾ ਰਹੀਆਂ ਸੇਵਾਵਾਂ ਅਤੇ ਸਮਾਜਿਕ ਸਰ-ਗਰਮੀਆਂ ਦੀ ਸ਼ਲਾਘਾ ਕੀਤੀ। ਆਗੂਆਂ ਨੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਉਹਨਾਂ ਦੇ ਦਿਖਾਏ ਰਸਤੇ 'ਤੇ ਚੱਲ ਕੇ ਭਾਈਚਾਰੇ ਦੇ ਆਗੂ ਸਮਾਜ ਨੂੰ ਨਵੇਂ ਰਾਹ ਦਿਖਾ ਰਹੇ ਹਨ। ਉਹਨਾਂ ਕਿਹਾ ਕਿ ਸਮਾਜਿਕ ਬਰਾਬਰੀ ਦੀ ਜੋ ਚਿਣਗ ਬਾਬਾ ਸਾਹਿਬ ਨੇ ਜਗਾਈ ਸੀ ਅਤੇ ਸਭ ਨੇ ਉਸਨੂੰ ਅੱਗੇ ਲੈ ਕੇ ਚੱਲਣਾ ਹੈ ਅਤੇ ਸਭ ਲਈ ਬਰਾਬਰਤਾ ਵਾਲੇ ਸਮਾਜਿਕ ਅਤੇ ਰਾਜਸੀ ਪ੍ਰਬੰਧ ਦੀ ਸਿਰਜਣਾ ਕਰਨਾ ਸਾਡਾ ਮੁੱਖ ਮਕਸਦ ਹੋਣਾ ਚਾਹੀਦਾ ਹੈ। ਵਿਸ਼ੇਸ਼ ਮਹਿਮਾਨ ਦਾ ਸਵਾਗਤ ਕਰਨ ਲਈ ਬੀਬੀਆਂ ਨੇ ਸਮਾਗਮ ਵਿਚ ਭਰਵੀਂ ਸ਼ਮੂਲੀਅਤ ਕੀਤੀ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਇਸ ਸਮਾਗਮ ਵਿਚ ਹਾਜ਼ਰ ਸ਼ਖਸੀਅਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਖਾਸ ਕਰਕੇ ਮਿਸਟਰ ਬੈਂਜੇਮਨ ਕੈਲਾ ਦਾ ਧੰਨਵਾਦ ਕੀਤਾ, ਜਿਹਨਾਂ ਕਾਰਨ ਇਹਨਾਂ ਦਲਿਤ ਮਹਿਲਾ ਵਰਕਰਾਂ ਨੂੰ ਇੱਥੇ ਆਉਣ ਦਾ ਮੌਕਾ ਮਿਲਿਆ।


ਨਤਾਸ਼ਾ ਚਾਹਲ ਆਪਣੇ ਨਾਨੀ-ਨਾਨਾ ਨਾਲ


ਮਿਸ ਨਤਾਸ਼ਾ ਚਾਹਲ


ਨਤਾਸ਼ਾ ਚਾਹਲ ਆਪਣੇ ਭਰਾਵਾਂ ਅਤੇ ਮਾਤਾ-ਪਿਤਾ ਨਾਲ

ਅਦਾਰਾ "ਦੇਸ਼ ਦੁਆਬਾ" ਵੱਲੋਂ (ਚਾਹਲ ਅਤੇ ਰੱਤੂ ਦੋਵੇਂ ਪਰਿਵਾਰਾਂ ਨੂੰ) ਮਿਸ ਨਤਾਸ਼ਾ ਚਾਹਲ ਦੇ ਜਨਮ ਦਿਨ ਦੀਆਂ ਪਿਤਾ ਨਰਿੰਦਰ ਚਾਹਲ, ਮਾਤਾ ਜਸਵੀਰ ਚਾਹਲ ਅਤੇ ਨਾਨਾ ਗੁਰਨਾਮ ਸਿੰਘ ਰੱਤੂ ਅਤੇ ਨਾਨੀ ਸਤਿਆਮਤੀ ਰੱਤੂ ਨੂੰ 16ਵੇਂ ਜਨਮ ਦਿਨ ਦੀਆਂ ਲੱਖ ਲੱਖ ਵਧਾਈਆਂ।

# TANDOOR
Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

Contact Us:

We are open seven days 11 AM to 10 PM

Ph. 510-885-1212
Fax. 510-885-1532



FREE WiFi

Ram Gopal

# Annabelle's
Pizza & Pasta Kitchen

200 "J" Street
Sacramento, CA 95814
(916) 448-6239

BIG SCREEN TV

IN OLD SACRAMENTO

## Annabelle's
Pizza & Pasta Kitchen

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM




Ram Gopal

Features All you can eat italian Buffet

(Our Dough is Freshly Rolled Daily and Made of the Finest Ingredients)

Now Serving Beer &Wine!

$5 DISCOUNT PARKING VALIDATION




Varieties of Video Games Available

Variety of Sandwiches are also available

FREE WiFi

Ram Gopal (916) 448-6239
200 "J" Street, Sacramento, CA 95814



# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.

Buy Quality Used Trucks

ਸਾਡੇ ਕੋਲ ਟਰੱਕ, ਟਰੇਲਰ ਖਰੀਦਣ ਵੇਚਣ ਅਤੇ ਲੋਨ ਕਰਾਉਣ ਲਈ ਮਿਲੋ।
ਅਸੀਂ ਆਪ ਜੀ ਦੀ ਪੂਰੀ ਸਹਾਇਤਾ ਕਰਾਂਗੇ।

Call : Dharminder Singh
Cell : 530-870-6600





Email: myfuturetruck@gmail.com
2535 Front St. West Sacramento, CA 95691

Cell : 530-870-6600
Fax : 530-405-1429

# ਯਾਦਾਂ ਵਿੱਚ ਵਸਿਆ ਯੂਬਾ ਸਿਟੀ ਦੀ ਕਲੱਬ ਵਲੋਂ ਕਰਵਾਇਆ ਗਿਆ ਵਿਸ਼ਵ ਕਬੱਡੀ ਟੂਰਨਾਮੈਂਟ























ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

# INDIAN COMMUNITY SUPPORTS ASSEMBLYWOMAN SUSAN BONILLA FOR STATE SENATE

On Sunday April 26 the Indian community hosted an event for Assemblywoman Susan Bonilla's campaign for California State Senate. This will be a special election for California's 7th State Senate seat. Senator Mark De Saulnier held the seat but now became US congressman. In the picture Mr. Bonilla, Assemblywoman Susan Bonilla, Jagdev Ram, Dr. Harmesh Kumar, Raj Kumar Bhatia, Kamal Khangura, and Ajaipaul Ram. Indian community supports Assemblywoman Susan Bonilla for State Senate. Her district will include Pittsburg Gurdwara Sahib and areas like Concord, Pleasanton, San Ramon and Danville.



Famous football player Guy McIntyre with Kanal Khangura, Kanwar Singh, Ajaipaul Ram, Jagdev Ram and Joe Johal



Senator Mark De Saulnier held the seat but now became US congressman. In the picture Mr. Bonilla, Assemblywoman Susan Bonilla, Jagdev Ram, Dr. Harmesh Kumar, Raj Kumar Bhatia, Kamal Khangura, and Ajaipaul Ram





ਸ੍ਰੀ ਗੁਰੂ ਰਵਿਦਾਸ ਟੈਂਪਲ ਦੀ ਪ੍ਰਬੰਧਕ ਕਮੇਟੀ ਯੂਬਾ ਸਿਟੀ ਵੱਲੋਂ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦਾ ਜਨਮ ਦਿਹਾੜਾ 10 ਮਈ, ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਸ਼੍ਰੀ ਅਖੰਡ ਪਾਠ ਸਾਹਿਬ 8 ਮਈ ਨੂੰ ਪ੍ਰਾਰੰਭ ਹੋਣਗੇ ਅਤੇ 10 ਮਈ ਨੂੰ ਕੀਰਤਨ ਦਰਬਾਰ ਆਯੋਜਿਤ ਕੀਤਾ ਜਾਵੇਗਾ। ਇਸ ਮੌਕੇ ਵੱਖ ਵੱਖ ਬੁਲਾਰੇ ਡਾ. ਅੰਬੇਦਕਰ ਜੀ ਦੀਆਂ ਸਿੱਖਿਆਵਾਂ ਅਤੇ ਦੇਸ਼-ਕੌਮ ਲਈ ਉਹਨਾਂ ਦੇ ਯੋਗਦਾਨ ਤੇ ਵਿਚਾਰ ਕਰਨਗੇ।

ਗੁਰੂ ਘਰ ਦੀ ਕਮੇਟੀ ਵੱਲੋਂ ਆਪ ਸਭ ਨੂੰ ਸਨਿਮਰ ਬੇਨਤੀ ਹੈ ਕਿ ਇਸ ਸ਼ੁਭ ਮੌਕੇ ਹਾਜ਼ਰੀ ਲਗਵਾ ਕੇ ਡਾ. ਅੰਬੇਦਕਰ ਜੀ ਦੇ ਜੀਵਨ, ਸਿੱਖਿਆਵਾਂ ਅਤੇ ਉਹਨਾਂ ਦੇ ਯੋਗਦਾਨ ਬਾਰੇ ਜਾਨਣ ਲਈ ਇਕੱਠੇ ਹੋਈਏ

**ਵੱਲੋਂ: ਸਮੂਹ ਪ੍ਰਬੰਧਕ ਕਮੇਟੀ**

ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ)
530-713-1823
ਦਲਵਿੰਦਰ ਰੱਲ੍ਹ (ਕੈਸ਼ੀਅਰ)
530-933-3938

ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ
ਗੁਰੂ ਘਰ ਦਾ ਫੋਨ ਨੰਬਰ
**530-674-2564**

ਪ੍ਰਸ਼ੋਤਮ ਸੂਦ (ਚੇਅਰਮੈਨ)
530-845-4508
ਰਾਮ ਸੇਵਕ ਭਾਟੀਆ
530-701-4370

**SHRI GURU RAVIDASS TEMPLE**
**1480 HAYNE AVENUE, YUBA CITY, CA 95993**

# ਸਾਹਿਤਕ ਪੈੜਾਂ

## ਅੰਨ੍ਹਾ ਸਫ਼ਰ

ਇਹ ਸੜਕ
ਮੇਰੇ ਪੈਰੀਂ ਲੱਗ ਗਈ ਹੈ
ਇਹ ਕਿੱਥੇ ਜਾਂਦੀ !
ਕਿਉਂ ਜਾਂਦੀ !
ਇਸ ਦਾ ਨਾ ਇਹਨੂੰ
ਨਾ ਮੈਨੂੰ ਪਤਾ,
ਅਸੀਂ ਇਕ ਦੂਜੇ ਤੋਂ ਪਾਸਾ ਵੱਟ ਕੇ
ਵੱਸ ਤੁਰੀ ਜਾਂਦੇ ਹਾਂ;
ਕਿੱਥੇ ਚੱਲੇ ਹਾਂ!
ਕਦੇ ਪੁੱਛਿਆ ਨਹੀਂ।
ਮੇਰੇ ਪੁਰਖੇ ਵੀ
ਵਾਟਾਂ ਗਾਹੁੰਦੇ ਸਨ
ਸਗਲ ਸਬੂਤੇ
ਪੈਰਾਂ ਸਮੇਤ
ਤਰਕਾਲਾਂ ਨੂੰ
ਪਰਤ ਆਉਂਦੇ ਸਨ।
ਉਨ੍ਹਾਂ ਦੇ ਪੈਂਡੇ ਵਿਖੜੇ
ਵਾਟਾਂ ਡੂੰਘੀਆਂ ਸਨ,
ਪਰ ਨਿੱਤਨੇਮ ਵਾਂਗ
ਆਉਂਦੇ ਜਾਂਦੇ ਰਹਿੰਦੇ।
ਮੈਂ ਘਰੋਂ ਤੁਰਦਾ ਹਾਂ
ਬੱਧਾ-ਰੁਧਾ ਕਿਤੇ ਜਾਣ ਲਈ,
ਪਹੁੰਚਦਾ ਕਿਤੇ ਨਹੀਂ।
ਸੜਕਾਂ ਪੈਰੀਂ ਪਾਕੇ
ਤੁਰਨ ਵਾਲਿਆਂ ਦੀ
ਮੰਜ਼ਲ ਨਹੀਂ ਹੁੰਦੀ
ਥੌਂ ਟਿਕਾਣਾ ਨਹੀਂ ਹੁੰਦਾ
ਸਿਰਨਾਮਾ ਨਹੀਂ ਹੁੰਦਾ
ਉਹ ਵਾਪਸ ਨਹੀਂ ਮੁੜਦੇ
ਮੁੜਨ ਜੋਗੇ ਨਹੀਂ ਹੁੰਦੇ;
ਪੈਰ ਤਾਂ
ਸੜਕ ਲਾਹ ਲੈਂਦੀ।
ਕਿੱਥੇ ਰੁਕੇਗੀ ਇਹ ਸੜਕ!
ਕਦ ਮੁੱਕੇਗਾ ਇਹ ਪੈਂਡਾ!
ਇਹ ਫਿਕਰ ਨਹੀਂ ਮੇਰਾ
ਸੜਕ ਨੂੰ ਹੋਣਾ ਚਾਹੀਦਾ,
ਮੈਨੂੰ ਪਤਾ, ਮੈਂ ਤਾਂ
ਇਕ ਦਿਨ ਅਚਾਨਕ,
ਉਤਰ ਜਾਵਾਂਗਾ
ਸੜਕ ਤੇ ਪੈਰ ਲਾਹ ਕੇ।
ਤੁਰਦੀ ਰਹੇਗੀ ਸੜਕ
ਮੇਰੇ ਪੈਰ ਪਾ ਕੇ
ਕਿਸੇ ਹੋਰ ਦੇ ਪੈਰ
ਲਾਹੁਣ ਲਈ
ਅੰਨ੍ਹੇ ਸਫ਼ਰ ਤੇ।
ਭੋਗ ਤੇ ਸੰਭੋਗ
ਬਿਸਤਰ 'ਤੇ
ਮੇਰੇ ਨਾਲ ਪਿਆ ਬੰਦਾ,
ਮੈਂ ਹੀ ਹਾਂ,
ਮੇਰੀ ਕਲੋਨ (ਛਲੋਣਏ) ਨਹੀਂ।
ਇਹ ਹਮਬਿਸਤਰੀ
ਹਮ-ਲਿੰਗੀ ਰਿਸ਼ਤਾ
ਹੁਣ ਓਪਰਾ ਨਹੀਂ ਲਗਦਾ।
ਕਦੋਂ ਤੱਕ ਨਿਭੇਗਾ ਇਹ ਰਿਸ਼ਤਾ!
ਇਹ ਫਿਕਰ ਨਹੀਂ ਮੇਰਾ।
ਡਾਰਵਿਨ (ਧਓਰਾਨਿ) ਨੂੰ ਹੋਣਾ ਚਾਹੀਦਾ।
ਇਹ ਸੋਚ ਕੇ
ਨਾਲ ਪਏ
ਬੰਦੇ ਨੂੰ ਲੱਤ ਮਾਰ ਕੇ
ਭੁੰਜੇ ਸੁੱਟਦਾ ਹਾਂ।
ਉਹ ਉੱਠਦਾ ਹੈ
ਰਸੋਈ 'ਚ ਜਾਂਦਾ ਹੈ
ਕੁਝ ਪੀਂਦਾ ਖਾਂਦਾ ਹੈ
ਢਿੱਡ ਤੇ ਹੱਥ ਫੇਰਦਾ
ਆਕੇ ਸੌਂ ਜਾਂਦਾ ਹੈ।
ਨਾਲ ਪਈ ਬੀਵੀ ਕਹਿੰਦੀ ਹੈ
ਢਿੱਡੇ ਪਈਆਂ ਰੋਟੀਆਂ
ਤੇ ਸੱਭੋ ਗੱਲਾਂ ਖੋਟੀਆਂ।
ਉਨ੍ਹੇ ਤਾਂ ਭੋਗ ਲਾ ਲਿਆ,

## ਗੁਰੁਮੇਲ ਸਿੱਧੂ ਦੀਆਂ ਨਵੀਆਂ ਕਵਿਤਾਵਾਂ




### ਨਵੇਂ ਯੁੱਗ ਦੀ ਭਾਸ਼ਾ

ਬੇਟਾ!
ਸੂਰਦਾਸ ਨੂੰ
ਸੜਕ ਪਾਰ ਕਰਾਦੇ।
'ਡੋਂਟ ਬੌਦਰ ਮੀ ਔਲਡ ਮੈਨ'।
ਬੇਟਾ!
ਮਨਾਖੇ ਨੂੰ
ਸੜਕ ਪਾਰ ਕਰਾਦੇ।
'ਆਈ ਐਮ ਇਨ ਏ ਹਰੀ'।
ਜਿਉਣ ਜੋਗਿਆ!
ਅੱਖਾਂ ਤੋਂ ਆਤਰ ਨੂੰ
ਸੜਕ ਲੰਘਾਦੇ।
'ਮੂਵ ਯੂ ਬਾਸਟਰਡ'।
ਕਰਮਾ ਵਾਲਿਆ!
ਤੂੰ ਹੀ ਮੇਹਰ ਕਰ
ਨੇਤਰਹੀਣ ਨੂੰ
ਸੜਕੋਂ ਪਾਰ ਲੈ ਚੱਲ।
'ਫੱਕ ਯੂ''।
ਪਤਾ ਨਹੀਂ
ਕਿਹੜੀ ਬੋਲੀ ਬੋਲਦੇ ਨੇ
ਇਹ ਜਿਉਣ ਜੋਗੇ
ਕੁੱਝ ਸਮਝ ਨਹੀਂ ਪੈਂਦਾ।
ਕੋਲ ਖੜ੍ਹੇ ਮੰਗਤੇ ਨੇ ਕਿਹਾ,
''ਬਜ਼ੁਰਗਾ!
ਇਹ ਹੈ ਨਵੇਂ ਯੁੱਗ ਦੀ ਭਾਸ਼ਾ,
ਇਨ੍ਹਾਂ ਨੂੰ ਗੋਲੀ ਮਾਰ
ਆ ਮੈਂ ਕਰਾਉਨਾ
ਤੈਨੂੰ ਸੜਕ ਪਾਰ ''।
ਸੁੰਞੀਆਂ ਸੜਕਾਂ
ਸੜਕਾਂ 'ਤੇ
ਪੈਰ-ਚਿੰਨ ਨਹੀਂ ਕੋਈ
ਨਾ ਕੋਈ ਪੈਰ-ਚਾਪ ਸੁਣਾਈ ਦੇਵੇ
ਪੈਛੜ ਵੀ ਨਹੀਂ ਆਉਂਦੀ;
ਇਹ ਕੌਣ ਬਿਨ-ਪੈਰਾ
ਪੈਰਾਂ ਨੂੰ ਸਿਰ ਤੇ ਚੁੱਕੀ
ਚੁੱਪ ਚਾਪ ਕਾਹਲੀ ਕਾਹਲੀ
ਮੱਥੇ 'ਚ ਅੱਗ ਬਾਲੀ
ਠੁਰਿਆ ਠੁਰਿਆ
ਜਾ ਰਿਹਾ ਹੈ ਤੁਰਿਆ ।

### ਵਿਰਸਾ: ਬੀਮਾਰੀ ਦਾ ਘਰ

ਪਿਛਲੀ ਕੋਠੜੀ ਚੋਂ
ਮਿਲਿਆ ਹੈ ਅੱਧੋਰਾਣਾ ਚਰਖਾ
ਟੁੱਟੀ ਹੋਈ ਮਾਲ੍ਹ
ਉੱਧੜੇ ਹੋਏ ਗਲੋਟੇ
ਜੁੜੇ ਹੋਏ ਛੋਪੇ
ਅੱਧ-ਕੱਤੀ ਪੂਣੀ,
ਮਰੀ ਹੋਈ ਚਰਖੇ ਦੀ ਘੂਕ
ਹੱਥੇ ਤੇ ਪਏ ਹੋਏ ਘਾਸੇ
ਮਾਂ ਦੇ ਅੱਟਣਾਂ ਦੇ ਨਿਸ਼ਾਨ।
ਸਿਉਂਕ ਖਾਧੇ ਸੰਦੂਕ ਚੋਂ,
ਮਿਲੀ ਹੈ ਘਿਸੀ-ਪਿਟੀ
ਮਾਂ ਦੀ
ਖਰੇ ਸੋਨੇ ਦੀ ਮੁੰਦੀ,
ਉੱਤੇ ਘਿਸਿਆ ਹੋਇਆ
ਬਾਬੂ ਦੇ ਨਾਂ ਦਾ ਪਹਿਲਾ ਅੱਖਰ
ਤੇ ਮਾਂ ਦੇ ਅਰਮਾਨ।
ਖੂੰਜੇ ਵਿਚ ਪਏ ਹਨ
ਚੁੱਲ੍ਹੇ ਚੌਂਕੇ ਦੇ ਵਰਤਨ:
ਚਕਲਾ ਬੇਲਣਾ
ਸਾਗ ਵਾਲੀ ਤੌੜੀ
ਘਿਸੀ ਹੋਈ ਲੱਕੜ ਦੀ ਕੜਛੀ
ਪਿੱਤਲ ਦੀ ਪਰਾਤ।
ਸ਼ੂਸ਼ਕਾਂ ਦਾ ਛਿੱਕੂ
ਸੁੱਕੀ ਰੋਟੀ ਦੇ ਟੁਕੜੇ
ਤੇ ਮਮਤਾ ਦੀ ਮਹਿਕ।
ਬੱਚੇ ਪੁੱਛਦੇ ਹਨ:
"ਪਾਪਾ,
ਕਿਉਂ ਫੋਲਦੈਂ
ਘੜੀ ਮੁੜੀ?
ਹਨੇਰੀ ਕੋਠੜੀ"।
ਮੈਂ ਕਹਿੰਦਾ ਹਾਂ:
"ਆਪਣਾ ਅਤੀਤ
ਆਪਣੀ ਰੌਹਰੀਤ
ਅਪਣੀ ਵਿਰਾਸਤ
ਖੁੱਸਿਆ ਵਿਰਸਾ
ਪਿੱਤਰਾਂ ਦਾ ਚਿਹਰਾ।"
ਬੱਚੇ ਕਹਿੰਦੇ ਹਨ:
"ਪਾਪਾ,
ਨਾ ਖੋਲ੍ਹਿਆ ਕਰ
ਕੋਠੜੀ ਦਾ ਦਰ
ਅੰਦਰੋਂ ਆਉਂਦੀ ਬੋ
'ਤੇ ਲੋਹੜੇ ਦੀ ਗਰਦ
ਮੈਲੇ ਹੁੰਦੇ ਨੇ ਗਲੀਚੇ
ਧੂੜ ਪੈਂਦੀ ਹੈ
ਸੋਫਿਆਂ 'ਤੇ।
ਨਾ ਖੋਲ੍ਹਿਆ ਕਰ
ਕੋਠੜੀ ਦਾ ਦਰ।
ਬੀਮਾਰੀ ਦਾ ਘਰ"।

### ਸੋਚਿਆ ਸੀ

ਸੜਕ ਦੇ ਸਫ਼ੇ 'ਤੇ ਕਵਿਤਾ ਲਿਖਾਂਗਾ
ਕਵਿਤਾ 'ਚ ਮੁਹੱਬਤ ਦੀ ਗੱਲ ਲਿਖਾਂਗਾ
ਗੱਲ ਗੱਲ 'ਚ ਮੋਹ ਦੇ ਪੱਲ ਲਿਖਾਂਗਾ
ਪਲ ਪਲ 'ਚ ਰੂਹ ਦਾ ਵਸਲ ਲਿਖਾਂਗਾ
ਵਸਲ 'ਚ ਮਸਤੀ ਦਾ ਝੱਲ ਲਿਖਾਂਗਾ।
ਮੈਲੀ ਸੜਕ ਤੇ ਕੀ ਲਿਖਾਂ!
ਪਾਕ ਸ਼ਬਦਾਂ ਨੂੰ ਕਿਉਂ ਮੈਲੇ ਕਰਾਂ!
ਆਦਮੀ ਦਾ ਚਿੱਕੜ ਕਿਉਂ
ਅੱਖਰਾਂ ਦੇ ਮੂੰਹ ਤੇ ਮਲ਼ਾਂ,
ਜੀਵਨ ਦੀ ਵਰਣਮਾਲਾ ਨੂੰ
ਕਿਉਂ ਗੰਧਲੀ ਕਰਾਂ।
ਫੇਰ ਵੀ ਇਹ ਸੜਕਾਂ
ਐਨੀਆਂ ਕਿਉਂ ਮੈਲੀਆਂ,
ਕੌਣ ਏਥੇ ਲਾਹ ਗਿਆ
ਮੁਸ਼ਕੇ ਹੋਏ ਤਨ ਦਾ ਚੋਲਾ
ਮੈਲੇ ਜਹੇ ਮਨ ਦੇ ਵਸਤਰ
ਸੋਚ ਦੀ ਬੁਦੀ ਹੋਈ ਚਾਦਰ
'ਤੇ ਦੇਹ ਦੀ ਬਦਬੋਈ।

## 'ਇਕ ਟੁੱਟਿਆ ਤਾਰਾ'



'ਚਰਨ ਆਨੰਦ'
(916-587-4002)

ਮਿਲੇ ਸਾਂ ਜਦ ਪਹਿਲੀ ਵਾਰੀ, ਤੈਨੂੰ ਵੀ ਯਾਦ ਤਾਂ ਹੋਸੀ।
ਵਿੱਛੜੇ ਸਾਂ ਜਦ ਆਖਰੀ ਵਾਰੀ, ਉਹ ਕਿਸ ਨੂੰ ਯਾਦ ਨਾ ਹੋਸੀ।
ਮਿਲਣਾ-ਵਿਛੜਨਾ ਹੱਥ ਨਹੀਂ ਸਾਡੇ, ਇਹ ਸਭ ਨੂੰ ਯਾਦ ਤਾਂ ਹੋਸੀ।
ਯਾਦਾਂ ਨਾਲ ਨਿਭਾਏ ਇਹ ਦਿਨ, ਕਿੰਝ ਮੈਨੂੰ ਯਾਦ ਨਾ ਹੋਸੀ।
ਇਕ ਰਾਤ ਉਹ ਟੁੱਟਿਆ ਤਾਰਾ ਅਸੀਂ ਵੇਖਿਆ ਸੀ ਕੰਢੇ ਬਹਿਕੇ।
ਸ਼ੋਖ ਨਾਲ ਤੂੰ ਉਠ ਖਲੋਤੀ ਮੇਰੇ ਕੰਨ ਕੁਝ ਕਹਿ ਕੇ।
ਹੱਸੀ ਮੈਨੂੰ ਜ਼ੋਰ ਦੀ ਆਈ, ਕਹਿ ਬੈਠਾ ਮੈਂ ਕੁਝ ਪਲਟ ਕੇ।
ਦੋਵੇਂ ਅਸੀਂ ਫਿਰ ਗੁੰਮ ਸੁੰਮ ਹੋਏ ਤਾਰਿਆਂ ਦੀ ਲੈ ਵਿਚ ਬਹਿ ਕੇ।
ਅੱਜ ਅਚਾਨਕ ਫਿਰ ਛੂਹ ਬੈਠਾ, ਤੇਰੀ ਉਸ ਰਾਤ ਵਾਲੀ ਸ਼ਰਾਰਤ ਨੂੰ।
ਕਿੰਨੀ ਵਾਰ ਫਿਰ ਅਸੀਂ ਤਾਰੇ ਗਿਣਦੇ, ਇਕ ਸਾਥ ਵਕਤ ਗੁਜ਼ਾਰਨ ਨੂੰ।
ਕਿੰਨੀਆਂ ਹੀ ਫਿਰ ਕਿਆਸਾਂ ਲਾਉਂਦੇ, ਇਕ ਦੂਜੇ ਦੇ ਹਾਰਨ ਨੂੰ।
ਇਹ ਤਾਰਾ ਏ 'ਬੋਦੀ ਵਾਲਾ' ਸ਼ੁਭ ਸ਼ੁਭ ਰਾਤ ਗੁਜ਼ਾਰਨ ਨੂੰ।
ਅਸੀਂ ਵੀ ਕਦੀ ਤਾਰੇ ਬਣਾਂਗੇ, ਇਕ ਦੂਜੇ ਦੇ ਪਾਵਣ ਨੂੰ।
ਸੁਣਿਆ ਏ ਉਹ ਤਾਰੇ ਬਣਦੇ, ਪਿਆਰ ਜਿਨ੍ਹਾਂ ਦੇ ਟੁੱਟਦੇ ਨੇ।
ਸਾਰੀ-ਸਾਰੀ ਰਾਤ ਉਹ ਜਗਦੇ, ਪਿਆਰ ਜਿਨ੍ਹਾਂ ਦੇ ਮੁੱਕਦੇ ਨੇ।
ਤਾਰਿਆਂ ਦੀ ਉਹ ਸ਼ਕਲ ਬਣਾ ਕੇ, ਆਸਮਾਨ 'ਤੇ ਜਗਦੇ ਨੇ।
ਉਹੀਉ ਤਾਰੇ ਰੌਸ਼ਨ ਹੁੰਦੇ, ਪਿਆਰ ਜਿਨ੍ਹਾਂ ਦੇ ਨਿਭਦੇ ਨੇ।
ਕਬਰ ਤੇਰੀ ਤੇ ਜਾਨਾਂ ਵਾਂ ਮੈਂ ਇਕ ਦੀਵਾ ਰੋਜ਼ ਜਗਾਨਾ ਵਾਂ ਮੈਂ।
ਕੁਝ ਪਲ ਬੈਠ ਮੈਂ ਤੇਰੇ ਨਾਲ ਗੱਲਾਂ ਕਰਦਾ, ਦਿਲ ਦਾ ਹਾਲ ਸੁਣਾਨਾਂ ਵਾ ਮੈਂ।
ਤੂੰ ਖੌਰੇ ਕਿਸ ਦੇਸ਼ ਨੂੰ ਤੁਰ ਗਈ, ਕਮਲਿਆਂ ਵਾਂਗ ਕੁਰਲਾਨਾ ਵਾਂ ਮੈਂ।
ਮੈਨੂੰ ਲੱਗੇ ਤੂੰ ਇਕ ਤਾਰਾ ਬਣ ਗਈ, ਜਿਸ ਨੂੰ ਦੇਖ ਖੁਸ਼ਹਾਨਾਂ ਵਾਂ ਮੈਂ।
ਦਿਲ ਕਰਦਾ ਹੁਣ ਛੇਤੀ ਆ ਜਾਂ, ਆਸਮਾਨ ਦਾ ਤਾਰਾ ਬਣ ਕੇ।
ਬੈਠ 'ਆਕਾਸ਼-ਗੰਗਾ' ਕਿਨਾਰੇ, ਫਿਰ ਤੋਂ ਗਿਣੀਏ ਤਾਰੇ ਸ਼ਰਤ ਲਗਾ ਕੇ।
ਦੱਸ ਦਈਏ ਫਿਰ ਦੁਨੀਆਂ ਨੂੰ, ਇਸ ਦਿਲ ਦਾ ਹਾਲ ਸੁਣਾ ਕੇ।
ਇਹ ਦੁਨੀਆਂ ਏ ਫਾਨੀ ਬੰਦਿਆ, ਕੀ ਕਰਨਾ ਏ ਇਸ ਨੂੰ ਪਾ ਕੇ।
ਆਸਮਾਨ ਦੇ ਟੁੱਟਦੇ ਤਾਰੇ, ਸਾਨੂੰ ਇਹ ਸੰਦੇਸ਼ ਸੁਣਾ ਗਏ।
ਨਾ ਤੋੜੀ ਇਹ ਦਿਲ ਕਿਸੇ ਦਾ, ਸਾਨੂੰ ਇਸ ਦੇ ਰਾਹੇ ਪਾ ਗਏ।
'ਚਰਨ' ਕਹੇ ਕੀ ਜੀਣਾ ਉਸ ਦਾ, ਜਗ ਜੀਏ ਜੋ ਪਿਆਰ ਭੁਲਾਅ ਕੇ।

## ਸ਼ਹੀਦ ਕੌਣ?

ਵਤਨ ਦੇ ਲਈ ਜੋ ਕੁਰਬਾਨ ਹੋਏ, ਉਹ ਹੈ ਸ਼ਹੀਦ।
ਸਰਹੱਦਾਂ ਤੇ ਜੋ ਦਿਨ ਰਾਤ ਮੋਏ, ਉਹ ਹੈ ਸ਼ਹੀਦ।
ਕੌਮ ਦੀ ਖਾਤਰ ਜੋ ਮਰ ਮਿਟੇ, ਉਹ ਹੈ ਸ਼ਹੀਦ।
ਦੇਸ਼ ਲਈ ਜੋ ਜਾਨਾਂ ਵਾਰ ਗਏ, ਉਹ ਹੈ ਸ਼ਹੀਦ।
ਫਾਂਸੀ ਦੇ ਤਖਤੇ ਜੋ ਚੜ੍ਹ ਬੋਲੇ ਜੈ ਮਾਂ, ਉਹ ਹੈ ਸ਼ਹੀਦ।
ਗਲ ਫਾਂਸੀ ਦਾ ਫੰਦਾ ਪਾ ਨਹੀਂ ਡੋਲੇ, ਉਹ ਹੈ ਸ਼ਹੀਦ।
ਜੋ ਮਰਦੇ ਦੰਮ ਮਾਂ ਭਾਰਤ ਬੋਲੇ, ਉਹ ਹੈ ਸ਼ਹੀਦ।
ਜੋ ਦਰਦ ਵੰਡਾਵੇ ਮੁਲਕ ਦਾ, ਉਹ ਹੈ ਸ਼ਹੀਦ।
ਜੋ ਨਾਹਰਾ ਮਾਰੇ ਹਿੰਦ ਆਜ਼ਾਦ ਦਾ, ਉਹ ਹੈ ਸ਼ਹੀਦ।
ਜੋ ਦਲਿਦਰ ਮੁਕਾਵੇ ਆਜ਼ਾਦੀ ਲਾਏ, ਉਹ ਹੈ ਸ਼ਹੀਦ।
ਜੋ ਦਲਿਤਾਂ ਲਈ ਹਾਅ ਦਾ ਨਾਅਰਾ ਲਾਏ, ਉਹ ਹੈ ਸ਼ਹੀਦ।
ਜੋ ਹਿੰਸਾ ਲਈ ਮਰ ਮਿਟ ਜਾਵੇ, ਉਹ ਹੈ ਸ਼ਹੀਦ।
ਜੋ ਦੇਸ਼ ਦੇ ਦੁਸ਼ਮਣ ਲਈ ਤਲਵਾਰ ਬਣੇ, ਉਹ ਹੈ ਸ਼ਹੀਦ।
ਜੋ ਅਮਨ ਦੀ ਖਾਤਰ ਫਾਂਸੀ ਚੜ੍ਹੇ, ਉਹ ਹੈ ਸ਼ਹੀਦ।
ਜੋ ਜ਼ੁਲਮ ਦੇ ਲਈ ਹਥਿਆਰ ਉਠਾਏ, ਉਹ ਹੈ ਸ਼ਹੀਦ।
ਜੋ ਮਾਂ ਭਾਰਤ ਦੀ ਲਾਜ ਬਚਾਏ, ਉਹ ਹੈ ਸ਼ਹੀਦ।
ਜੋ ਗੁਲਾਮੀ ਦੀ ਜੰਜੀਰ ਨੂੰ ਤੋੜੇ, ਉਹ ਹੈ ਸ਼ਹੀਦ।
ਜੋ ਬਿਨਾ ਹਿੰਸਕ ਸਭ ਨੂੰ ਜੋੜੇ, ਉਹ ਹੈ ਸ਼ਹੀਦ।
ਦੇਸ਼ ਭਗਤੀ ਦਾ ਨਾਅਰਾ ਘਰ ਘਰ ਬੋਲੇ, ਉਹ ਹੈ ਸ਼ਹੀਦ।
ਜੋ ਪਾਪੀ ਨੂੰ ਨਰਕ ਪਹੁੰਚਾਏ, ਉਹ ਹੈ ਸ਼ਹੀਦ।
ਜੋ ਦੇਸ਼ ਦੇ ਅਨਸਰਾਂ ਨੂੰ ਮਾਰ ਮਿਟਾਏ, ਉਹ ਹੈ ਸ਼ਹੀਦ।
ਜੋ ਛਾਤੀ ਤਾਣੇ ਵਤਨ ਦੀ ਦੀਵਾਰ ਬਣ ਜਾਏ, ਉਹ ਹੈ ਸ਼ਹੀਦ।
ਜੰਗ ਵੇਲੇ ਜੋ ਲੋਹੇ ਦੇ ਚਣੇ ਚਬਾਏ, ਉਹ ਹੈ ਸ਼ਹੀਦ।
ਅਮਨ-ਆਜ਼ਾਦੀ ਦਾ ਜੋ ਪਾਠ ਪੜ੍ਹਾਏ, ਉਹੀ ਸ਼ਹੀਦ ਕਤਾਰ ਬਣਾਏ।
ਮੁੱਕਿਆਂ ਨਹੀਂ ਇਹ ਸਾਨੀ ਜਜ਼ਬਾ, ਕਰ ਬੈਠੇ ਹਾਂ ਬਹੁਤ ਤਜਰਬਾ।
'ਚਰਨ' ਦਾ ਮੱਥਾ ਉਥੇ ਝੁਕਦਾ, ਜਿੱਥੇ ਸ਼ਹੀਦ ਦਾ ਖੂਨ ਹੈ ਡੁੱਲ੍ਹਦਾ।

## ਤੂੰ ਭੁੱਖਾ ਸੌਂਵੇਗਾ?

ਆ ਜਾ
ਮੇਰੇ ਵਲ ਮੂੰਹ ਕਰ
ਮੈਨੂੰ ਜੱਫੀ 'ਚ ਭਰ
ਅੰਜੀਰਾਂ ਖਾ
ਤੇ ਨਿੱਸਲ ਹੋਕੇ ਸੌਂ ਜਾਹ।
ਨਿਰਵਸਤਰ
ਸ਼ੀਸ਼ੇ ਸੌਹੇਂ ਹੋਇਆ
ਦੇਖਿਆ
ਬੈਠਾ ਸੀ ਇਕ ਬੰਦਾ
ਨੰਗ ਧੜੰਗਾ,
ਮੈਂ ਤਾਂ ਨਿਰਵਸਤਰ ਨਹੀਂ!
ਇਹ ਕੌਣ ਹੈ ਅਲਫ ਨੰਗਾ?
ਬੀਵੀ ਨੇ ਕਿਹਾ
ਲੇਟ ਹੋ ਰਹੇ ਹੋ
ਦਫਤਰ ਨਹੀਂ ਜਾਣਾ
ਨੰਗੇ ਬੈਠੇ ਹੋ।
ਅੱਬੜਵਾਹੇ ਉਠਿਆ
ਸੜਕ ਵਲ ਦੌੜਿਆ,
ਬੀਵੀ ਨੇ ਕਿਹਾ: ਰੁਕੋ ਰੁਕੋ
ਲੋਕ ਕੀ ਕਹਿਣਗੇ!
ਮੈਂ ਕਾਹਲੀ 'ਚ ਸਾਂ
ਸੜਕ ਤੇ ਚੜ੍ਹ ਗਿਆ
ਕਿਸੇ ਨੇ ਕੁਛ ਨਾ ਕਿਹਾ
ਸਾਰੇ ਨੰਗੇ ਬੈਠੇ
ਅਖਬਾਰ ਪੜ੍ਹ ਰਹੇ ਸਨ।
ਰਾਹ ਦੀ ਭਾਲ
ਉਹ ਚੈਰੀਆਂ ਦੇ ਬਾਗ ਥਾਣੀ
ਤੁਰਿਆ ਗਿਆ
ਅਣਭੋਲੇ
ਛੋਹਲੇ ਛੋਹਲੇ
ਅਣਜਾਣੇ
ਭੁੱਖੇ ਭਾਣੇ
ਸੁਗੰਧ ਸਮੀਰ ਦੀਆਂ ਲਪਟਾਂ
ਮੂੰਹ ਤੇ ਕਰਨ ਅਠਖੇਲੀਆਂ
ਕਦੇ ਕਦੇ ਕੋਈ ਮਧੂਮੱਖੀ
ਨੱਕ ਤੇ ਬਹਿ ਜਾਂਦੀ
ਭੀਂ ਭੀਂ ਕਰਦੀ,
ਉਸ ਦੇ ਕੰਨੀਂ ਜੂੰ ਨਾ ਸਰਦੀ,
ਉਹ ਬਸ ਤੁਰਿਆ ਜਾ ਰਿਹਾ ਸੀ
ਅਣਭੋਲ ਅਣਜਾਣੇ ਭੁੱਖੇਭਾਣੇ।
ਅਚਾਨਿਕ ਠੋਕਰ ਲੱਗੀ,
ਰੁਕ ਗਿਆ
ਰਾਹ ਤੁਰਦਾ ਰਿਹਾ।
ਪਿੱਛੇ ਮੁੜਨਾ ਚਾਹਿਆ,
ਪੈਰ ਨਹੀਂ ਸਨ
ਅੱਗੇ ਰਾਹ ਮੁੱਕ ਗਿਆ,
ਬਿਨਪੈਰਾ ਬੰਦਾ ਵਿਚਾਰਾ
ਹਾਰਹੁੱਟ ਕੇ
ਰਾਹ ਵਿਚ ਹੀ ਖਪਤ ਹੋ ਗਿਆ
ਸਾਰੇ ਦਾ ਸਾਰਾ।

# ਬਾਬਾ ਸੋਹਣ ਸਿੰਘ ਭਕਨਾ
## (4 ਜਨਵਰੀ 1870 ਤੋਂ 20 ਦਸੰਬਰ 1968)

ਗਦਰ ਪਾਰਟੀ ਦੇ ਮੁਖੀ ਅਤੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਜਿਹਨਾਂ ਨੇ ਸੈਂਕੜੇ ਯੋਧਿਆਂ ਦੇ ਮਨਾਂ ਵਿਚ ਦੇਸ਼ ਭਗਤੀ ਦਾ ਬੀਜ ਬੀਜਿਆ ਅਤੇ ਇਸ ਨੂੰ ਅੱਗੇ ਵਧਾਇਆ। ਬਾਬਾ ਸੋਹਨ ਸਿੰਘ ਭਕਨਾ ਦਾ ਨੌਜਵਾਨਾਂ ਨੂੰ ਸੰਦੇਸ਼ ਪ੍ਰੋਫੈਸਰ ਮਾਲਵਿੰਦਰ ਸਿੰਘ ਦੁਆਰਾ ਭੇਜੀ ਪੁਸਤਕ ਹਾਲ ਹੀ ਵਿਚ ਮੈਨੂੰ ਮਿਲੀ। ਬਾਬਾ ਸੋਹਣ ਸਿੰਘ ਭਕਨਾ ਦਾ ਜੀਵਨ ਸੰਘਰਸ਼ ਭਰਿਆ ਅਤੇ ਆਮ ਸਧਾਰਨ ਪਰਿਵਾਰ ਨਾਲ ਸਬੰਧਤ ਹੋਣ ਕਾਰਨ ਉਹਨਾਂ ਨੇ ਬਚਪਨ ਤੋਂ ਅਖੀਰ ਤੱਕ ਜੂਝਣ ਦਾ ਤਜਰਬਾ ਹੀ ਹਾਸਲ ਕੀਤਾ। ਬਚਪਨ ਤੋਂ ਅਖੀਰ ਤਕ ਜੂਝਣ ਦਾ ਤਜਰਬਾ ਹੀ ਹਾਸਿਲ ਕੀਤਾ। ਚੜ੍ਹਦੀ ਜਵਾਨੀ ਵੇਲੇ ਹੀ ਓਹ ਮੁਹਾਏ ਵਾਲੇ ਨਾਮਧਾਰੀ ਇਨਕਲਾਬੀ ਬਾਬਾ ਕੇਸਰ ਹੁਰਾਂ ਦੀ ਸੰਗਤ ਸਦਕਾ ਹੀ ਏਧਰ ਤੁਰੇ ਅਤੇ ਫਿਰ ਅਮਰੀਕਾ ਸੀ ਜਾਂ ਹਿੰਦੁਸਤਾਨ ਓਹਨਾਂ ਨੇ ਪਿਛੇ ਮੁੜ ਕੇ ਨਾ



ਵੇਖਿਆ। 1914 ਵਿਚ **'ਕਾਮਾ ਗਾਟਾ ਮਾਰੂ'** ਜਹਾਜ਼ ਭਾਰਤ ਮੁੜਣ ਦੌਰਾਨ ਬਾਬਾ ਭਕਨਾ ਦੀ ਅਗਵਾਈ ਹੇਠ ਪਹੁੰਚੇ ਬਹੁਤ ਸਾਰੇ ਗਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹੋਰ ਸਾਥੀਆਂ ਨਾਲ ਓਹਨਾਂ ਨੂੰ ਵੀ ਫਾਂਸੀ ਦੀ ਸਜ਼ਾ ਹੋਈ ਜੋ ਬਾਅਦ ਵਿਚ ਉਮਰ-ਕੈਦ ਵਿਚ ਵਟ ਗਈ ਅਤੇ ਓਹ ਕਾਲੇਪਾਣਿਆਂ ਦੀ ਨਰਕੀ ਸੈਲੂਲਰ ਜੇਲ੍ਹ ਵਿਚ ਬੰਦ ਕਰ ਦਿੱਤੇ ਗਏ । ਅਗੋਂ ਜੋ ਓਹਨਾਂ ਅਤੇ ਓਹਨਾਂ ਦੇ ਸਾਥੀਆਂ ਤੇ ਬਣੀਆਂ ਓਹ ਹੁਣ ਇਤਿਹਾਸ ਹੈ, ਜੋ ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ ਹੁਰਾਂ ਵਲੋਂ ਬਾਬਾ ਜੀ ਬਾਰੇ ਸੰਪਾਦਿਤ ਪੁਸਤਕ "ਜੀਵਨ ਸੰਗਰਾਮ" ਵਿਚੋਂ ਲੜੀਵਾਰ ਲੇਖ **ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ'** ਵਿਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ!

**– ਪਸ਼ੌਰਾ ਸਿੰਘ ਢਿੱਲੋਂ (1-559-708-4399)**

### ਜੀਵਨ ਸੰਗਰਾਮ
### (ਭਾਗ ਦੂਜਾ)
### 17. ਪਿੰਡ ਵਾਪਸੀ ਅਤੇ ਜ਼ਮੀਨ ਦਾ ਕਲੇਸ਼

ਰਿਹਾਈ ਵੇਲੇ ਮੇਰੀ ਹਾਲਤ ਬਹੁਤ ਕਮਜ਼ੋਰ ਸੀ। ਪਰ ਸੰਤ ਵਿਸਾਖਾ ਸਿੰਘ ਤੇ ਦੂਸਰੇ ਆਗੂਆਂ ਨੇ ਬੜੇ ਧਿਆਨ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਤੇ ਮੈਨੂੰ ਟਿਕਾਇਆ। ਲਾਹੌਰ ਦੀਆਂ ਸੰਗਤਾਂ ਵੱਲੋਂ ਗੁਰਦੁਆਰਾ ਡੇਰਾ ਸਾਹਿਬ ਵਿਚ ਬੜਾ ਭਾਰੀ ਦੀਵਾਨ ਸਜਿਆ ਜਿਸ ਵਿਚ ਸੰਗਤ ਨੇ ਦਸਤਾਰ ਤੇ ਸਰੋਪਾ ਦਿੱਤਾ। ਇਸ ਤੋਂ ਪਿੱਛੋਂ ਕਾਂਗਰਸ ਕਮੇਟੀ ਅੰਮ੍ਰਿਤਸਰ ਵੱਲੋਂ ਸ਼ਹਿਰ ਵਿਚ ਕਾਫੀ ਵੱਡਾ ਜਲੂਸ ਕੱਢਿਆ ਗਿਆ। ਕਾਂਗਰਸ ਕਮੇਟੀ, ਅਕਾਲੀ ਦਲ, ਅਕਾਲ ਤਖ਼ਤ ਤੇ ਇਸਤਰੀ ਸਭਾ ਵੱਲੋਂ ਕਿਰਪਾਨਾਂ ਤੇ ਦਸਤਾਰੇ, ਸਰੋਪਾ ਦਿੱਤੇ ਗਏ। ਪਿੱਛੋਂ ਪਿੰਡ ਵਾਲਿਆਂ ਵੱਲੋਂ ਇਲਾਕੇ ਦਾ ਬੜਾ ਭਾਰੀ ਇਕੱਠ ਹੋਇਆ। ਜਦ ਮੈਂ ਘਰ ਵੱਲ ਨੂੰ ਆਇਆ ਤਾਂ ਘਰ ਭੁੱਲ ਗਿਆ ਸੀ। ਕਿਉਂਕਿ ਹੁਣ ਸਾਰੀ ਹਵੇਲੀ ਮਿੱਟੀ ਦਾ ਢੇਰ ਹੋ ਚੁੱਕੀ ਸੀ। ਮੇਰੀਆਂ ਦੋਵੇਂ ਮਾਤਾਵਾਂ ਮੇਰੇ ਵਿਜੋਗ ਵਿਚ ਮੇਰਾ ਨਾਮ ਜਪਦੀਆਂ ਪਰਲੋਕ ਸਿਧਾਰ ਚੁੱਕੀਆਂ ਸਨ। ਮੇਰੀ ਪਤਨੀ ਆਪਣੇ ਪੇਕੇ ਦਿਨ ਕਟਦੀ ਰਹੀ। ਬਾਬਾ ਕੇਸਰ ਜੀ ਸੁਰਗਵਾਸ ਹੋ ਚੁੱਕੇ ਸੀ। ਪਿੰਡ ਦਾ ਨਕਸ਼ਾ ਹੀ ਬਦਲਿਆ ਹੋਇਆ ਸੀ। ਪੁਰਾਣੇ ਬੰਦਿਆਂ ਨੂੰ ਛੱਡ ਕੇ ਨੌਜਵਾਨ ਮੈਨੂੰ ਪਛਾਣਦੇ ਵੀ ਨਹੀਂ ਸੀ ਤੇ ਨਾ ਹੀ ਮੈਂ ਉਹਨਾਂ ਨੂੰ।

ਮੈਂ ਅੱਜ ਵੀ ਆਪਣੀ ਪਤਨੀ ਦਾ ਧੰਨਵਾਦੀ ਹਾਂ। ਉਨ੍ਹਾਂ ਕਦੀ ਵੀ ਮੇਰੀ ਦੇਸ਼ ਸੇਵਾ ਵਿਚ ਰੁਕਾਵਟ ਨਹੀਂ ਪਾਈ ਬਲਕਿ ਮਦਦ ਕੀਤੀ। ਜਿਉਂਦੇ ਵਕਤ ਮੈਂ ਉਹਨਾਂ ਦੀ ਪੂਰੀ ਸੇਵਾ ਕੀਤੀ। ਮਿਰਤੂ ਤੋਂ ਬਾਅਦ ਸਿਰਫ ਆਪਣੇ ਅਕੀਦੇ ਅਨੁਸਾਰ ਹੀ ਨਹੀਂ ਬਲਕਿ ਪਾਣੀ ਅਨੁਸਾਰ ਵੀ ਉਹਨਾਂ ਦੀ ਦੇਹ ਟਿਕਾਣੇ ਲਾ ਦਿੱਤੀ। ਮੇਰਾ ਅਕੀਦਾ ਹੈ ਅਤੇ ਇਹ ਮਤ ਬਾਣੀ ਦਾ ਵੀ ਹੈ ਕਿ ਮ੍ਰਿਤਕ ਸਰੀਰ ਨੂੰ ਪਰਲੋਕ ਵਿਚ ਕੁਝ ਨਹੀਂ ਪਹੁੰਚ ਸਕਦਾ। ਮੈਂ ਉਹਨਾਂ ਦਾ ਅੰਗੀਠਾ ਪਾਣੀ ਵਿਚ ਪਰਵਾਹ ਕਰ ਦਿੱਤਾ ਅਤੇ ਕੋਈ ਪਾਠ, ਭੋਗ, ਕਿਰਿਆ-ਕਰਮ ਕੁਝ ਨਹੀਂ ਕੀਤਾ।ਜਨਮ ਸੰਸਕਾਰ ਦੀ ਬਾਬਤ ਮੇਰਾ ਅਕੀਦਾ ਹੈ- ਮਾਤਾ ਅਤੇ ਬੱਚੇ ਦੀ ਸੇਵਾ ਕਰੋ। ਹੋਰ ਰਸਮਾਂ ਰਿਵਾਜਾਂ ਨੂੰ ਮੈਂ ਸਮਝਦਾ ਗਲਤ ਹਨ। ਜਿਹਤੀ ਸੰਭਾਲ ਅਸਾਂ ਮਾਂ ਅਤੇ ਬੱਚੇ ਦੀ ਕਰਨੀ ਸੀ ਉਹ ਅਸੀਂ ਗਲਤ ਰਸਮਾਂ ਤੇ ਖਰਚ ਕਰਕੇ ਬੱਚੇ ਦੀ ਸਿਹਤ ਉੱਤੇ ਸੱਟ ਮਾਰਦੇ ਹਾਂ। ਸ਼ਾਦੀ ਬਾਬਤ ਮੇਰਾ ਇਹ ਖਿਆਲ ਹੈ ਕਿ ਅੱਜਕਲ੍ਹ ਨੌਜਵਾਨ ਲੜਕੇ ਲੜਕੀਆਂ ਪ੍ਰੇਮ ਮਈ ਖੁਦ ਪਸੰਦ ਸ਼ਾਦੀਆਂ ਦੇ ਹੱਕ ਵਿਚ ਹਨ। ਜਿਸ ਜਗ੍ਹਾ ਪ੍ਰੇਮ ਹੈ ਉਸ ਜਗ੍ਹਾ ਦਾਜ ਦਹੇਜ, ਮਾਇਆ ਆਦਿ ਦਾ ਕੋਈ ਸਵਾਲ ਨਹੀਂ ਹੋਣਾ ਚਾਹੀਦਾ। ਕਿਉਂਕਿ ਪ੍ਰੇਮ ਅਤੇ ਸਵਾਰਥ ਇਕ ਜਗ੍ਹਾ ਨਹੀਂ ਟਿਕ ਸਕਦੇ। ਜਿਹੜੇ ਲੜਕੇ ਵਾਲੇ ਦਹੇਜ ਮੰਗਦੇ ਹਨ ਇਸ ਦਾ ਮਤਲਬ ਇਹ ਹੈ ਕਿ ਉਹ ਆਪਣੇ ਪ੍ਰੇਮ ਨੂੰ ਵੇਚਦੇ ਹਨ।

ਮੈਂ ਪਹਿਲਾਂ ਲਿਖ ਚੁੱਕਿਆ ਹਾਂ ਕਿ ਮੇਰੇ ਅਮਰੀਕਾ ਜਾਣ ਦਾ ਕਾਰਨ ਮਾਇਕ ਹਾਲਤ ਦੀ ਕਮਜ਼ੋਰੀ ਸੀ। ਪਰ ਇਹ ਗਰੀਬੀ ਪਿਓ ਦਾਦੇ ਤੋਂ ਵਿਰਸੇ ਵਿਚ ਨਹੀਂ ਮਿਲੀ ਸੀ ਬਲਕਿ ਮੇਰੇ ਆਪਣੇ ਹੀ ਕਰਮਾਂ ਦਾ ਫਲ ਸੀ। ਪਹਿਲਾਂ ਅਯਾਸ਼ੀ ਵਿਚ ਘਰ ਦਾ ਨਕਦ ਪੈਸਾ ਬਰਬਾਦ ਕੀਤਾ ਫਿਰ ਰੱਬ ਭਗਤੀ ਤੇ ਦੇਸ਼ ਭਗਤੀ ਦੀ ਲਗਨ ਵਿਚ 130 ਵਿੱਘੇ ਜ਼ਮੀਨ ਰਹਿਣ ਕਰ ਦਿੱਤੀ ਤੇ ਜ਼ਮੀਨ ਤੋਂ ਇਲਾਵਾ 3000 ਰੁਪਏ ਦਾ ਕਰਜ਼ਾ ਵੀ ਹੋ ਗਿਆ ਜਿਸ ਨੂੰ ਉਤਾਰਨਾ ਜ਼ਰੂਰੀ ਸੀ। ਮਾਤਾਵਾਂ ਤੇ ਪਤਨੀ ਦੀ ਰੋਟੀ ਦਾ ਵੀ ਸਵਾਲ ਸੀ। ਅਖੀਰ ਮਜਬੂਰ ਹੋ ਕੇ ਅਮਰੀਕਾ ਜਾਣਾ ਪਿਆ। ਅਮਰੀਕਾ ਜਾ ਕੇ ਦੋ ਸਾਲਾਂ ਵਿਚ ਦੋਸਤਾਂ ਦਾ ਕਰਜ਼ਾ ਲਾਹਿਆ ਤੇ ਕੁਝ ਖਰਚ ਘਰ ਨੂੰ ਵੀ ਭੇਜਦਾ ਰਿਹਾ। ਪਰ 1911 ਵਿਚ ਜਦ ਹਿੰਦੀਆਂ ਵਿਰੁੱਧ ਹਮਲੇ ਸ਼ੁਰੂ ਹੋਏ ਤਾਂ ਗੁਲਾਮੀ ਵਿਰੁੱਧ ਘਿਰਣਾ ਫੈਲ ਗਈ ਅਤੇ ਗਦਰ ਪਾਰਟੀ ਦਾ ਆਰੰਭ ਹੋਇਆ (ਜਿਸਦਾ ਜ਼ਿਕਰ ਮੈਂ ਪਹਿਲਾਂ ਕਰ ਚੁੱਕਿਆ ਹਾਂ) ਥੋੜ੍ਹੇ ਬਹੁਤ ਡਾਲਰ ਬੈਂਕ ਵਿਚ ਜਮ੍ਹਾ ਸੀ ਉਹ ਵੀ ਦੂਜੇ ਮੈਂਬਰਾਂ ਵਾਂਗ ਪਾਰਟੀ ਨੂੰ ਦੇ ਦਿੱਤੇ ਤੇ 24 ਘੰਟੇ ਵਕਤ ਵੀ। ਹੁਣ ਨਾ ਮੇਰੇ ਪਾਸ ਰੁਪਿਆ ਸੀ ਅਤੇ ਨਾ ਹੀ ਰੁਪਿਆ ਕਮਾਉਣ ਲਈ ਵਕਤ। ਤਾਂ ਫਿਰ ਜ਼ਮੀਨ ਛੁਡਾਉਣ ਦਾ ਸਵਾਲ ਹੀ ਖਤਮ ਹੋ ਗਿਆ। ਫਿਰ ਸਵਾਲ ਉੱਠਦਾ ਹੈ ਜੋ ਇਸ ਵੇਲੇ 22 ਏਕੜ ਜ਼ਮੀਨ ਮੇਰੇ ਕੋਲ ਹੈ ਉਹ ਕਿੱਥੋਂ ਆ ਗਈ? ਉਹ ਇਸ ਤਰ੍ਹਾਂ ਕਿ ਅਜੇ ਮੈਂ ਜੇਲ੍ਹ ਵਿਚ ਹੀ ਸੀ ਕਿ ਜ਼ਮੀਨ ਦੇ ਭਾਅ ਚੜ੍ਹਨੇ ਸ਼ੁਰੂ ਹੋ ਗਏ। ਮੇਰੇ ਇਕ ਦੋਸਤ ਨੇ ਮੈਨੂੰ ਖ਼ਤ ਲਿਖਿਆ ਕਿ ਜ਼ਮੀਨਾਂ ਦੀਆਂ ਕੀਮਤਾਂ ਚੜ੍ਹ ਰਹੀਆਂ ਹਨ, ਜੇ ਮੁਖ਼ਤਾਰ-ਨਾਮਾ ਭੇਜ ਦਿਓ, ਤਾਂ ਕਰਜ਼ਾ ਅੱਧੀ ਜ਼ਮੀਨ ਤੇ ਹੋ ਸਕਦਾ ਹੈ। ਮੈਂ ਮੁਖ਼ਤਾਰ-ਨਾਮਾ ਭੇਜ ਦਿੱਤਾ ਤੇ ਅੱਧੀ ਜ਼ਮੀਨ ਫੱਕ ਰਹਿਣ ਹੋ ਗਈ। ਇਸ ਤੋਂ ਪਿੱਛੋਂ ਵੱਡੀ ਜੰਗ ਵੇਲੇ ਮੇਰੀ ਦਿਉਲੀ ਕੈਂਪ ਵਿਚ ਤਿੰਨ ਸਾਲ ਨਜ਼ਰਬੰਦ ਰਹਿਣ ਪਿੱਛੋਂ ਅਪ੍ਰੈਲ 1943 ਵਿਚ ਰਿਹਾਈ ਹੋਈ। ਜਦ ਭਕਨੇ ਵਿਚ ਸਰਬ ਹਿੰਦ ਕਿਸਾਨ ਸਭਾ ਦੀ ਕਾਨਫਰੰਸ ਹੋ ਰਹੀ ਸੀ ਤਾਂ ਮੈਂ ਕੀਮਤਾਂ ਹੋਰ ਚੜ੍ਹ ਜਾਣ ਤੇ 2000 ਰੁਪਿਆ ਹੋਰ ਲੈ ਕੇ ਪਾਰਟੀ ਨੂੰ ਦੇ ਦਿੱਤਾ। ਬਾਕੀ ਰਹਿੰਦੀ ਜ਼ਮੀਨ ਵਿਚੋਂ ਅੱਧੀ ਜ਼ਮੀਨ ਹੋਰ ਫੱਕ ਰਹਿਣ ਹੋ ਗਈ ਅਰਥਾਤ ਛੁੱਟ ਗਈ। ਹੁਣ ਸਿਰਫ ਚੌਥਾ ਹਿੱਸਾ ਜ਼ਮੀਨ ਹੀ ਰਹਿਣ ਰਹਿ ਗਈ ਸੀ।

ਬਾਅਦ ਵਿਚ ਜਦ ਇਲਾਕੇ ਨੇ ਹਾਈ ਸਕੂਲ ਲਈ ਜ਼ਮੀਨ ਦੀ ਮੰਗ ਕੀਤੀ ਤਾਂ ਸਾਢੇ 8 ਏਕੜ ਸਕੂਲ ਲਈ ਦੇ ਦਿੱਤੀ। ਜਦ ਮੈਂ 1930 ਵਿਚ ਉਮਰ ਕੈਦ ਤੋਂ ਰਿਹਾਅ ਹੋ ਕੇ ਆਇਆ ਤਾਂ ਮੈਂ ਵੇਖਿਆ ਕਿ ਲੜਕੀਆਂ ਦੀ ਵਿਦਿਆ ਲਈ ਕੋਈ ਬੰਦੋਬਸਤ ਨਹੀਂ। ਮੈਂ ਪਹਿਲਾਂ ਹੀ ਇਰਾਦਾ ਬਣਾ ਚੁੱਕਾ ਸਾਂ ਕਿ ਇਕ ਕੰਨਿਆ ਪਾਠਸ਼ਾਲਾ ਪਿੰਡ ਵਾਲਿਆਂ ਦੀ ਮਦਦ ਨਾਲ ਬਣਾਈ ਜਾਵੇ ਤੇ ਦੂਸਰੇ ਮੈਂ ਇਹ ਸੋਚਿਆ ਕਿ ਸਾਥੀ ਤਾਂ ਆਉਂਦੇ ਜਾਂਦੇ ਹੀ ਰਹਿਣੇ ਹਨ ਅਤੇ ਸਰਕਾਰ ਦੀ ਸੀ. ਆਈ. ਡੀ. ਨੇ ਵੀ ਵਾਚ ਕਰਨ ਹੈ, ਬਿਹਤਰ ਇਹ ਹੀ ਹੈ ਕਿ ਮਕਾਨ ਪਿੰਡ ਦੇ ਹਵਾਲੇ ਕਰ ਦਿੱਤਾ ਜਾਵੇ ਤੇ ਮੈਂ ਬਾਹਰ ਖੇਤਾਂ ਵਿਚ ਚਲਾ ਜਾਵਾਂ। ਮੈਂ ਪਿੰਡ ਵਾਲਿਆਂ ਨੂੰ ਇਕੱਠੇ ਕਰਕੇ ਕਿਹਾ, ਤੁਸੀਂ ਜਾਣਦੇ ਹੋ ਕਿ ਮੇਰੇ ਕੋਲ ਨਕਦ ਰੁਪਿਆ ਹੈ ਨਹੀਂ, ਪਰ ਜੇ ਤੁਸੀਂ ਲੜਕੀਆਂ ਨੂੰ ਪੜ੍ਹਾਉਣਾ ਚਾਹੋ ਤਾਂ ਮੈਂ ਸਾਰੀ ਹਵੇਲੀ ਲੜਕੀਆਂ ਦੇ ਸਕੂਲ ਲਈ ਦੇ ਦਿੰਦਾ ਹਾਂ। ਅੱਧੀ ਹਵੇਲੀ ਵੇਚ ਕੇ ਸਕੂਲ ਲਈ ਕਮਰਾ ਬਣ ਸਕਦਾ ਹੈ ਅਤੇ ਅੱਧੇ ਵਿਚ ਸਕੂਲ ਦਾ ਕੰਮ ਭਲੀ ਭਾਂਤ ਚੱਲ ਸਕਦਾ ਹੈ। ਪਿੰਡ ਵਾਲਿਆਂ ਨੇ ਮੰਨ ਲਿਆ। ਇਸ ਇਰਾਦੇ ਨੂੰ ਦ੍ਰਿੜ ਕਰਕੇ ਮੈਂ ਪਿੰਡ ਵਾਲਿਆਂ ਨੂੰ ਇਸ ਸ਼ਰਤ ਤੇ ਮਕਾਨ ਲਿਖ ਦਿੱਤਾ ਕਿ ਉਹ ਅੱਧੀ ਹਵੇਲੀ ਵੇਚ ਕੇ ਤੇ ਬਾਕੀ ਰੁਪਿਆ ਪਿੰਡ ਵਿਚੋਂ ਉਗਰਾਹ ਕੇ ਕੰਨਿਆ ਪਾਠਸ਼ਾਲਾ ਖੋਲ੍ਹ ਦੇਣਗੇ। ਪਿੰਡ ਵਾਲਿਆਂ ਨੇ ਇਸ ਤਰ੍ਹਾਂ ਹੀ ਕੀਤਾ। ਕੁਝ ਹਵੇਲੀ ਦਾ ਅੱਧ ਵੇਚ ਕੇ ਅਤੇ ਕੁਝ ਪਿੰਡ ਵਾਲਿਆਂ ਨੇ ਇਕੱਠਾ ਕਰਕੇ ਉਸਤਾਨੀ ਰੱਖ ਲਈ। ਸਕੂਲ ਖੋਲ੍ਹ ਦਿੱਤਾ ਅਤੇ ਮੈਂ ਪਿੰਡ ਛੱਡ ਕੇ ਬਾਹਰ ਖੇਤਾਂ ਵਿਚ ਜਾ ਡੇਰਾ ਲਾਇਆ।

### 18. ਕਿਰਤੀ ਕਿਸਾਨ ਆਸ਼ਰਮ

ਸੜਕ ਦੇ ਕੰਢੇ ਬੜੀ ਚੰਗੀ ਥਾਂ ਤੇ ਮੇਰਾ ਇਕ 17 ਵਿਘੇ (4 ਕਨਾਲ ਦਾ ਵਿਘਾ) ਦਾ ਇਕੱਠਾ ਖੇਤ ਸੀ, ਮੈਂ ਇਸ ਨੂੰ ਪਸੰਦ ਕੀਤਾ। ਅੱਛੀ ਥਾਂ ਹੋਣ ਕਰਕੇ ਮੈਨੂੰ ਖਿਆਲ ਆਇਆ ਕਿ ਕਿਉਂ ਨਾ ਇਹ ਸਾਡੀ ਥਾਂ ਤੇ ਜ਼ਮੀਨ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਨੂੰ ਦੇ ਦਿੱਤੀ ਜਾਵੇ ਤੇ ਕਮੇਟੀ ਦੇ ਜ਼ੇਰੇ-ਸਾਯਾ ਦੇਸ਼ ਭਗਤਾਂ ਦੇ ਬੱਚੇ ਲਿਆ ਕੇ ਰੱਖੇ ਜਾਣ। ਉਹਨਾਂ ਨੂੰ ਪੜ੍ਹਾਇਆ ਜਾਵੇ ਤੇ ਦੇਸ਼ ਸੇਵਾ ਲਈ ਤਿਆਰ ਕੀਤਾ ਜਾਵੇ। ਇਹ ਮੁੱਖ ਰੱਖ ਕੇ, ਮੈਂ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਸਾਹਮਣੇ ਇਕ ਮਤਾ ਪੇਸ਼ ਕੀਤਾ, ਜੋ ਸਰਬ ਸੰਮਤੀ ਨਾਲ ਪਾਸ ਹੋ ਗਿਆ।

ਹੁਣ ਬੱਚੇ ਲਿਆਉਣ ਤੋਂ ਪਹਿਲਾਂ ਉਹਨਾਂ ਦੇ ਰਹਿਣ ਵਾਸਤੇ ਕੁਝ ਮਕਾਨ ਵਗੈਰਾ ਜ਼ਰੂਰੀ ਸੀ। ਸਰਦਾਰ ਰਣਜੋਧ ਸਿੰਘ ਕਸੇਲ ਤੇ ਕਸੇਲ ਦੀ ਹੋਰ ਸੰਗਤ ਨੇ ਬੜੀ ਮਦਦ ਕੀਤੀ। ਹੋਰ ਵੀ ਇਲਾਕੇ ਤੇ ਬਾਹਰ ਦੇ ਸਾਥੀਆਂ ਨੇ ਸਹਾਇਤਾ ਕੀਤੀ ਤੇ ਮਕਾਨ ਤੇ ਹਲਟ ਚੱਲਣ ਵਾਲਾ ਨਵਾਂ ਖੂਹ ਪੂਰੇ ਕੀਤੇ। ਮੈਂ ਇਸ ਅਦਾਰੇ ਦਾ ਨਾਂ ਕਿਰਤੀ ਕਿਸਾਨ ਆਸ਼ਰਮ ਰੱਖ ਕੇ ਜ਼ਮੀਨ, ਮਕਾਨ ਤੇ ਖੂਹ ਆਦਿ ਆਸ਼ਰਮ ਦੇ ਨਾਂ ਲਿਖ ਦਿੱਤੇ।

ਹੁਣ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਨੇ 12 ਬੱਚੇ- ਸੱਤ ਮੁੰਡੇ ਤੇ ਪੰਜ ਬੀਬੀਆਂ ਆਸ਼ਰਮ ਵਿਚ ਘੱਲ ਦਿੱਤੇ। ਮੈਂ ਚੰਦੇ ਉਗਰਾਹ ਕੇ ਬੱਚਿਆਂ ਨੂੰ ਖੁਆਉਣਾ, ਜਿਵੇਂ ਕਿ ਯਤੀਮਖਾਨਿਆਂ ਵਾਲੇ ਕਰਦੇ ਹਨ, ਪਸੰਦ ਨਹੀਂ ਕਰਦਾ ਸਾਂ। ਮੈਂ ਦੇਸ਼ ਭਗਤਾਂ ਦੇ ਬੱਚਿਆਂ ਨੂੰ ਸੱਚੇ ਅਰਥਾਂ ਵਿਚ ਕਿਰਤੀ ਤੇ ਕਿਸਾਨ ਬਣਾਉਣਾ ਚਾਹੁੰਦਾ ਸਾਂ, ਇਸੇ ਲਈ ਆਸ਼ਰਮ ਦਾ ਨਾਂ ਵੀ ਕਿਰਤੀ ਕਿਸਾਨ ਆਸ਼ਰਮ ਰੱਖਿਆ ਸੀ।

ਮੇਰੇ ਪਾਸ ਛੇ ਮਹੀਨਿਆਂ ਦੀ ਖੁਰਾਕ ਤੇ ਇਕ ਲਵੇਰੀ ਭੈਂਸ ਸੀ। ਮੈਂ ਬੱਚਿਆਂ ਨੂੰ ਸਮਝਾਇਆ, "ਪੁੱਤਰ ਤੁਸੀਂ ਦੇਸ਼ ਭਗਤਾਂ ਦੀ ਸੰਤਾਨ ਹੋ। ਮੈਂ ਮੰਗੇ ਹੋਏ ਟੁਕੜੇ ਨਹੀਂ ਖਵਾਉਣਾ ਚਾਹੁੰਦਾ। ਇਹ ਛੇ ਮਹੀਨਿਆਂ ਲਈ ਕਾਫੀ ਖੁਰਾਕ ਹੈ ਜੋ ਤੁਹਾਡੀ ਹੀ ਹੈ।" ਤੇ ਫਿਰ ਬੱਚਿਆਂ ਦੀ ਸਲਾਹ ਨਾਲ, ਰੋਟੀ ਤੇ ਫਲ ਸਬਜ਼ੀਆਂ ਪੈਦਾ ਕਰਨ ਲਈ, ਖੇਤੀ ਬਾੜੀ ਦਾ ਪ੍ਰੋਗਰਾਮ ਬਣਾਇਆ। ਇਕ ਜੋੜੀ ਬੈਲਾਂ ਦੀ ਲਈ। ਇਕ ਬੱਚਾ ਸਾਰਿਆਂ ਵਿਚੋਂ ਸਿਆਣਾ ਸੀ, ਉਸ ਨੇ ਹਲ ਚਲਾਉਣਾ ਦਾ ਕੰਮ ਲਿਆ। ਦੂਜਿਆਂ ਆਪਣੀ ਤਾਕਤ ਅਨੁਸਾਰ ਕੰਮ ਵੰਡ ਲਏ। ਬੀਬੀਆਂ ਨੇ ਲੰਗਰ ਦਾ ਕੰਮ ਕਰਨ ਤੇ ਪਿੰਡ ਕੰਨਿਆ ਪਾਠਸ਼ਾਲਾ ਵਿਚ ਪੜ੍ਹਾਈ ਦਾ ਪ੍ਰੋਗਰਾਮ ਬਣਾ ਲਿਆ। ਮੈਂ ਬੱਚਿਆਂ ਨਾਲ ਕੰਮ ਕਰਦਾ ਤੇ ਰੋਟੀ ਵੀ ਉਹਨਾਂ ਦੇ ਵਿਚ ਬਹਿ ਕੇ ਖਾਂਦਾ ਤਾਂ ਕਿ ਉਹਨਾਂ ਦੇ ਮਨ ਵਿਚ ਇਹ ਸ਼ੱਕ ਪੈਦਾ ਨਾ ਹੋਵੇ, "ਇਹ ਅੱਡ ਕੀ ਖਾਂਦਾ ਹੈ?"

ਅਸੀਂ ਰੋਜ਼ ਰਾਤ ਨੂੰ ਅਗਲੇ ਦਿਨ ਦਾ ਪ੍ਰੋਗਰਾਮ ਉਲੀਕ ਲੈਂਦੇ ਸਾਂ ਤੇ ਸਵੇਰੇ ਲੱਸੀ-ਪਾਣੀ ਤੇ ਥੋੜ੍ਹੀ ਰੋਟੀ ਖਾ ਕੇ, ਰਾਤ ਦੇ ਪ੍ਰੋਗਰਾਮ ਮੁਤਾਬਕ ਆਪਣੇ ਆਪਣੇ ਕੰਮ ਤੇ ਚਲੇ ਜਾਂਦੇ ਸਾਂ ਤੇ ਬੀਬੀਆਂ ਕੰਨਿਆ ਪਾਠਸ਼ਾਲਾ ਵਿਚ ਪੜ੍ਹਨ ਚਲੀਆਂ ਜਾਂਦੀਆਂ ਸਨ। ਮੇਰੀ ਪਤਨੀ ਸਫਾਈ ਤੇ ਹੋਰ ਉਤਲਾ ਕੰਮ ਕਰਦੀ ਸੀ। ਅਸੀਂ ਇਕ ਸੁਖੀ ਪਰਿਵਾਰ ਬਣ ਗਏ।

ਕਾਸ਼ਤ ਵਿਚ ਬੂਟੇ ਲਾਉਣ ਵਿਚ ਤੇ ਖਰਬੂਜੇ ਤਰਕਾਰੀਆਂ ਲਾਉਣ ਵਿਚ, ਅਸੀਂ ਚੰਗੇ ਕਾਮਯਾਬ ਹੋਏ। ਸਾਡੀ ਮਸ਼ਹੂਰੀ ਇੱਥੋਂ ਤੱਕ ਹੋਈ ਕਿ ਗੁਰਦਾਸਪੁਰ ਦੇ ਫਾਰਮ ਵਾਲੇ ਸਾਨੂੰ ਪੁੱਛਣ ਆਏ ਕਿ ਅਸੀਂ ਕਿਸ ਤਰੀਕੇ ਨਾਲ ਖਰਬੂਜੇ ਤੇ ਹੋਰ ਤਰਕਾਰੀਆਂ ਪੈਦਾ ਕੀਤੀਆਂ ਹਨ।

ਸਾਡਾ ਸਾਰੇ ਦਿਨ ਦਾ ਪ੍ਰੋਗਰਾਮ ਇਸ ਤਰ੍ਹਾਂ ਸੀ- ਸਵੇਰੇ ਨਾਸ਼ਤੇ ਤੋਂ ਬਾਅਦ ਬਾਰਾਂ ਵਜੇ ਤੱਕ ਖੇਤੀ ਦਾ ਕੰਮ। ਬਾਰਾਂ ਵਜੇ ਛੁੱਟੀ ਦੇ ਬਾਅਦ ਵਿਚ ਘੰਟਾ ਇਸ਼ਨਾਨ ਤੇ ਰੋਟੀ ਖਾਣਾ, ਇਕ ਤੋਂ ਤਿੰਨ ਵਜੇ ਤੱਕ ਆਰਾਮ। ਤਿੰਨ ਤੋਂ ਛੇ ਤੱਕ ਪੜ੍ਹਾਈ ਤੇ



ਪਿੱਛੋਂ ਖੇਡ ਕੁਦ।

ਸਾਨੂੰ ਇਹ ਖਿਆਲ ਰੱਖਣਾ ਚਾਹੀਦਾ ਹੈ ਕਿ ਬੱਚੇ ਦਾ ਦਿਮਾਗ ਸਿਆਣੇ ਆਦਮੀ ਨਾਲੋਂ ਜ਼ਿਆਦਾ ਸਾਫ ਹੈ। ਉਹ ਜੋ ਵਰਤਾਅ ਸਿਆਣਿਆਂ ਵੱਲੋਂ ਆਪਣੇ ਨਾਲ ਹੁੰਦਾ ਵੇਖਦਾ ਹੈ, ਉਸ ਦੀ ਨਕਲ ਕਰਦਾ ਹੈ। ਇਸੇ ਲਈ ਬਾਂਦਰ ਤੇ ਬੱਚੇ ਨੂੰ ਨਕਲ ਕਰਨ ਵਾਲਾ ਆਖਿਆ ਗਿਆ ਹੈ। ਆਸ਼ਰਮ ਦੇ ਬੱਚਿਆਂ ਦਾ ਸਦਾਚਾਰ ਵੀ ਦਿਨ-ਬ-ਦਿਨ ਚੰਗਾ ਬਣਦਾ ਗਿਆ।

ਮਿਸਾਲ- ਪਹਿਲੇ ਸਾਲ, ਜਦ ਅਸੀਂ ਬਾਗ ਲਾਇਆ ਤਾਂ ਆੜੂ ਦੇ ਇਕ ਬੂਟੇ ਨੂੰ ਇਕ ਆੜੂ ਲੱਗਾ, ਮੈਂ ਸਾਰੇ ਬੱਚਿਆਂ ਨੂੰ ਵਿਖਾ ਕੇ ਪੁੱਛਿਆ, "ਜਾਣਦੇ ਹੋ ਇਹ ਬਾਗ ਕਿਸ ਦਾ ਹੈ? ਬੱਚਿਆਂ ਉਤਰ ਦਿੱਤਾ, ਸਾਡਾ ਸਾਰਿਆਂ ਦਾ।
ਤੇ ਇਹ ਆੜੂ?
ਸਾਡੇ ਸਾਰਿਆਂ ਦਾ।

ਫਿਰ ਮੈਂ ਆਖਿਆ ਕਿ ਜ਼ਬਾਨੀ ਨਹੀਂ ਇਹ ਪਰਖ ਦੱਸੇਗੀ। ਬੱਚਿਆਂ ਨੇ ਮਲਮਲ ਦੀ ਇਕ ਬਰੀਕ ਟਾਕੀ ਲਈ ਤੇ ਆੜੂ ਉੱਤੇ ਬੰਨ੍ਹ ਦਿੱਤੀ, ਤਾਂ ਕਿ ਕੋਈ ਜਾਨਵਰ ਨਾ ਟੁੱਕੇ। ਆੜੂ ਪੱਕਿਆ ਤੇ ਬੱਚਿਆਂ ਨੇ ਮੈਨੂੰ ਆਖਿਆ, ਆੜੂ ਪੱਕ ਗਿਆ ਹੈ। ਮੈਂ ਆੜੂ ਤੋੜ ਲਿਆਉਣ ਲਈ ਆਖਿਆ। ਬੱਚੇ ਤੋੜ ਲਿਆਏ ਤੇ ਛੋਟੇ ਛੋਟੇ ਟੁਕੜੇ ਕਰਕੇ ਮੈਂ ਸਭ ਨੂੰ ਵੰਡ ਦਿੱਤਾ।

ਦੂਸਰੀ ਮਿਸਾਲ- ਸਾਡੇ ਪਾਸ ਇਕ ਭੈਂਸ ਲਵੇਰੀ ਸੀ। ਰਾਤ ਨੂੰ ਮੇਰੇ ਸਮੇਤ ਸਾਨੂੰ ਸਾਰਿਆਂ ਨੂੰ ਇਕ ਇਕ ਪਾ ਦੁੱਧ ਮਿਲਦਾ ਸੀ। ਇਕ ਦਿਨ ਵਰਤਾਉਣ ਪਿੱਛੋਂ ਅੱਧ ਪਾ ਦੁੱਧ ਬਚ ਗਿਆ।
ਮੈਂ ਇਕ ਬੱਚੇ ਨੂੰ ਆਖਿਆ, ਤੂੰ ਲੈ ਲੈ।

ਉਸਨੇ ਜਵਾਬ ਦਿੱਤਾ, ਕਿਉਂ ਮੈਂ ਸਾਰਿਆਂ ਨਾਲੋਂ ਵੱਧ ਕਿਉਂ ਲਵਾਂ?

ਅਖੀਰ ਲਾਜਵਾਬ ਹੋ ਕੇ, ਅੱਧਾ ਪਾ ਪਾਣੀ ਪਾ ਕੇ, ਮੈਂ ਥੋੜ੍ਹਾ ਥੋੜ੍ਹਾ ਸਾਰਿਆਂ ਨੂੰ ਵੰਡ ਦਿੱਤਾ।

ਤੀਸਰੀ ਮਿਸਾਲ- ਬੱਚਿਆਂ ਨੇ ਛੇ ਵਿਘੇ ਕਣਕ ਆਪਣੀ ਹੱਥੀਂ ਬੀਜੀ। ਜਦ ਵਾਢੀ ਦਾ ਸਮਾਂ ਆਇਆ ਤਾਂ ਮੈਂ ਬੱਚਿਆਂ ਨੂੰ ਆਖਿਆ, "ਮੈਂ ਬੁੱਢਾ ਹਾਂ ਤੇ ਤੁਸੀਂ ਬੱਚੇ, ਬਿਹਤਰ ਹੈ ਕਿ ਕਣਕ ਲਾਵਿਆਂ ਤੋਂ ਵਢਾ ਲਈਏ।" ਬੱਚਿਆਂ ਨੇ ਮੇਰਾ ਮਖੌਲ ਉਡਾਉਂਦਿਆਂ ਆਖਿਆ, "ਜੇ ਅੱਜ ਅਸੀਂ ਕਣਕ ਨਹੀਂ ਵੱਢ ਸਕਦੇ ਤਾਂ ਕੱਲ੍ਹ ਇਨਕਲਾਬ ਕਿਸ ਤਰ੍ਹਾਂ ਕਰਾਂਗੇ?"

ਮੈਂ ਚੁੱਪ ਕਰ ਗਿਆ। ਬੱਚਿਆਂ ਨੇ ਖੁਦ ਕਣਕ ਵੱਢੀ ਤੇ ਗਾਹੀ। ਸਾਡੇ ਪਾਸ ਸਾਲ ਭਰ ਦੀ ਖੁੱਲ੍ਹੀ ਖੁਰਾਕ ਹੋ ਗਈ।

ਹੁਣ ਮੈਂ ਲਿਖਤ ਦੇ ਵੱਡੇ ਹੋ ਜਾਣ ਦੇ ਡਰ ਤੋਂ, ਬੱਚਿਆਂ ਬਾਬਤ ਦੱਸਣਾ ਬੰਦ ਕਰਦਾ ਹਾਂ ਤੇ ਜੋ ਸਰਕਾਰੀ ਵਤੀਰਾ ਹੋਇਆ, ਉਹ ਸੰਖੇਪ ਵਿਚ ਦਰਸਾਉਂਦਾ ਹਾਂ।

ਖੇਤਾਂ ਵਿਚ ਬਾਹਰ ਜਾਣ ਤੇ ਹੀ ਮੇਰੇ ਪਿੱਛੇ ਇਕ ਸਿਪਾਹੀ ਦੀ ਨਿਗਰਾਨੀ ਲੱਗ ਗਈ ਤੇ ਸਾਲ ਪਿੱਛੋਂ ਨਿਗਰਾਨੀ ਕਰਨ ਵਾਲੀ ਇਕ ਪੂਰੀ ਗਾਰਦ, ਚਾਰ ਸਿਪਾਹੀ ਤੇ ਇਕ ਹੌਲਦਾਰ, ਪੰਜ ਆਦਮੀ ਹੋ ਗਏ।

ਇਸ ਦੀ ਵਜ੍ਹਾ ਇਹ ਸੀ ਕਿ ਬਾਹਰ ਤੋਂ ਆਏ ਸਾਡੇ ਸਾਥੀ ਅੰਡਰ ਗਰਾਊਂਡ (ਗੁਪਤਵਾਸ) ਰਹਿੰਦੇ ਸਨ ਤੇ ਸਰਕਾਰ ਨੂੰ ਯਕੀਨ ਸੀ ਕਿ ਮੈਨੂੰ ਜ਼ਰੂਰ ਮਿਲਦੇ ਹੋਣਗੇ। ਇਹ ਸੀ ਵੀ ਸੱਚ। ਅਸੀਂ ਆਪੋ ਵਿਚ ਮਿਲਦੇ ਰਹਿੰਦੇ ਸਾਂ। ਸਰਕਾਰ ਦੀ ਨੀਤੀ ਨੂੰ ਸਮਝ ਕੇ ਮੈਂ ਪਿੰਡ ਛੱਡਿਆ ਸੀ। ਖ਼ੈਰ ਸਰਕਾਰ ਕਿਸੇ ਨੂੰ ਫੜਨ ਵਿਚ ਕਾਮਯਾਬ ਨਾ ਹੋਈ।

## ਮੇਰਾ ਮਨ



**ਸੁਖਵਿੰਦਰ ਕੌਰ 'ਹਰਿਆਓ'**
ਸਕੱਤਰ ਮਾਲਵਾ ਲਿਖਾਰੀ ਸਭਾ, ਸੰਗਰੂਰ
+91-9779602891

ਪਿਆਰ ਤੇ ਸੋਦਾ ਦਾ ਅੱਥਰਾ ਜਿਹਾ ਸਾਗਰ,
ਕਦੇ ਡੁੱਬਦਾ ਤੇ ਕਦੇ ਤਰਦਾ ਮੇਰਾ ਮਨ।

ਨਾ ਇਸ ਤੇ ਹਕੂਮਤ ਚੱਲੇ ਰਿਵਾਜਾਂ ਦੀ,
ਸਦਾ ਆਪ ਹੁਦਰੀਆਂ ਕਰਦਾ ਮੇਰਾ ਮਨ।

ਭਾਵੇਂ ਜੱਗ ਰੁੱਸੇ ਭਾਵੇਂ ਰੱਬ ਵੀ ਰੁੱਸੇ,
ਤੇਰੇ ਸਾਥ ਦੀ ਗਵਾਹੀ ਸਦਾ ਭਰਦਾ ਮੇਰਾ ਮਨ।

ਤੈਨੂੰ ਹਿੰਮਤ-ਹੌਸਲੇ ਦੇ ਰੂਪ ਵਿੱਚ ਸਦਾ ਨਾਲ ਰੱਖੀਏ,
ਜਦ ਕਦੇ ਵੀ ਡਿੱਗੂ-ਡਿੱਗੂ ਕਰਦਾ ਮੇਰਾ ਮਨ।

ਗਰਮ ਝੱਲੀਆਂ ਹਵਾਵਾਂ ਦੁਸ਼ਮਣ ਜ਼ਮਾਨੇ ਦੀਆਂ,
ਸੱਜਣਾਂ ਨੂੰ ਯਾਦ ਕਰ ਠੰਡੇ ਹੌਕੇ ਭਰਦਾ ਮੇਰਾ ਮਨ।

ਆਪਣੇ-ਆਪ ਨੂੰ ਕਦੋਂ ਦਾ ਇਹ ਭੁੱਲ ਬੈਠਾ,
ਤੇਰੀ ਖਾਤਿਰ ਹੀ ਜਿਉਂਦਾ ਤੇਰੇ ਵਾਸਤੇ ਮਰਦਾ ਮੇਰਾ ਮਨ।

ਨੇੜੇ ਆਉਂਦੀ ਮੌਤ ਨੂੰ ਹੱਸ ਕੇ ਉਡੀਕਦਾ,
ਤੇਰੇ ਦੂਰ ਜਾਣ ਤੋਂ ਡਰਦਾ ਮੇਰਾ ਮਨ।

ਸੱਚ ਨੂੰ ਬੇਨਕਾਬ ਕਰਨ ਦੀ ਆਦਤ ਮੁੱਢੋਂ,
ਛੱਡਦਾ ਨਾ ਕੋਈ ਓਹਲਾ-ਪਰਦਾ ਮੇਰਾ ਮਨ।

ਨਾ ਸਾਥ ਕਦੇ ਬੇਈਮਾਨੀ ਤੇ ਝੂਠ ਦਾ ਦੇਵੇ,
ਦੇਖੇ ਨਾ ਫਿਰ ਕੀ ਬਿਗਾਨਾ ਕੀ ਘਰਦਾ ਮੇਰਾ ਮਨ।

ਕਰਦੇ ਜੋ ਉਹ 'ਹਰਿਆਓ' ਦੇ ਜਜ਼ਬਾਤਾਂ ਦੀ ਪਰਵਾਹ,
ਖੁਸ਼ੀਆਂ ਦੇ ਅੰਬਰਾਂ ਤੇ ਉਡਾਰੀਆਂ ਭਰਦਾ ਮੇਰਾ ਮਨ।

## ਆਪਣੀ ਹੀ ਸਰਕਾਰ ਤੋਂ ਦੁਖੀ ਨੇ ਨੇਪਾਲ ਕਾਂਗਰਸ ਦੇ ਸੰਸਦ ਮੈਂਬਰ

**ਕਾਠਮੰਡੂ-** ਨੇਪਾਲ ਦੀ ਕਾਂਗਰਸ ਤੇ ਯੂ. ਐਸ. ਐਲ. ਦੀ ਗਠਜੋੜ ਤੋਂ ਜਿੱਥੇ ਲੋਕ ਕਾਫੀ ਦੁਖੀ ਹਨ ਉੱਥੇ ਹੀ ਆਪਣੀ ਹੀ ਸਰਕਾਰ ਖਿਲਾਫ ਸਥਾਨਕ ਸੰਸਦ ਮੈਂਬਰਾਂ ਵੱਲੋਂ ਵੀ ਰੋਸ ਜ਼ਾਹਿਰ ਕੀਤਾ ਜਾ ਰਿਹਾ ਹੈ। ਨੇਪਾਲ 'ਚ ਲੋਕ ਸਭਾ ਹਲਕੇ ਕਾਵਰੇ ਦੇ ਸੰਸਦ ਮੈਂਬਰ ਤੀਰਥ ਬਹਾਦੁਰ ਨੇ ਜਗ ਬਾਣੀ ਦੀ ਟੀਮ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦੇ ਹਲਕੇ 'ਚ ਬੇਸ਼ੱਕ ਜਾਨੀ ਨੁਕਸਾਨ ਦਾ ਤਾਂ ਬਚਾਅ ਹੋ ਗਿਆ, ਪਰ ਮਾਲੀ ਨੁਕਸਾਨ ਕਾਫੀ ਹੋਇਆ ਹੈ। ਪਰ ਅਫਸੋਸ ਦੀ ਗੱਲ ਹੈ ਕਿ ਸਰਕਾਰ ਵਲੋਂ ਰੈਣ-ਬਸੇਰੇ ਪਵਾਉਣਾ ਤਾਂ ਦੂਰ ਸਗੋਂ ਔਖੇ ਸਮੇਂ 'ਚ ਮੁੱਢਲੀਆਂ ਲੋੜਾਂ ਵੀ ਪੂਰੀਆਂ ਨਹੀਂ ਕੀਤੀਆਂ ਜਾ ਰਹੀਆਂ। ਸੰਸਦ ਮੈਂਬਰ ਤੀਰਥ ਬਹਾਦੁਰ ਨੇ ਖੁਦ ਮੰਨਿਆ ਕਿ ਉਨ੍ਹਾਂ ਦੀ ਸਰਕਾਰ ਦੀ ਕਾਰਗੁਜ਼ਾਰੀ ਬੇਹੱਦ ਢਿੱਲੀ ਹੈ, ਇਸ ਲਈ ਉਨ੍ਹਾਂ ਸਿੱਖ ਭਾਈ-ਚਾਰੇ ਤੋਂ ਰਾਸ਼ਨ ਤੇ ਸਹਾਇਤਾ ਦੀ ਮੰਗ ਕੀਤੀ ਹੈ। ਉਨ੍ਹਾਂ



ਸਰਬੱਤ ਦਾ ਭਲਾ ਟਰੱਸਟ ਦੇ ਟਰੱਸਟੀ ਐਸ. ਪੀ. ਸਿੰਘ ਨਾਲ ਮੁਲਾਕਾਤ ਕਰਦਿਆਂ ਸਥਾਨਕ ਗੁਰਦੁਆਰਾ ਗੁਰੂ ਨਾਨਕ ਸਤਿਸੰਗ ਕਮੇਟੀ ਤੋਂ ਵੀ ਸਹਾਇਤਾ ਦੀ ਮੰਗ ਕੀਤੀ। ਸੰਸਦ ਮੈਂਬਰ ਦੀ ਮੰਗ ਨੂੰ ਤੁਰੰਤ ਪ੍ਰਵਾਨ ਕਰਦਿਆਂ ਸਥਾਨਕ ਪ੍ਰਧਾਨ ਪ੍ਰੀਤਮ ਸਿੰਘ ਨੇ ਉਨ੍ਹਾਂ ਨੂੰ ਰਾਸ਼ਨ ਸਮਗਰੀ ਭੇਜੇ ਜਾਣ ਦੇ ਹੁਕਮ ਦਿੱਤੇ। ਇਸ ਦੌਰਾਨ ਸੰਸਦ ਮੈਂਬਰ ਨੇ ਪੂਰੇ ਸਿੱਖ ਭਾਈਚਾਰੇ ਦਾ ਧੰਨਵਾਦ ਕੀਤਾ। ਦੱਸ ਦਈਏ ਕਿ ਇਕੱਲੇ ਕਲਰੇ ਦੇ ਸੰਸਦ ਮੈਂਬਰ ਹੀ ਸਰਕਾਰ ਤੋਂ ਦੁਖੀ ਨਹੀਂ ਸਗੋਂ ਕਾਠਮੰਡੂ ਤੇ ਹੋਰ ਸੰਸਦੀ ਮੈਂਬਰਾਂ ਨੇ ਵੀ ਸਰਕਾਰ ਖਿਲਾਫ ਕਾਫੀ ਭੜਾਸ ਕੱਢੀ।




# ਦਾਦੂ ਵੇ ਗੁੱਜਰਾ



ਡਾ. ਕਰਮਜੀਤ ਸਿੰਘ
91-98763-23862

ਜਦੋਂ ਕੋਈ ਡੂੰਘਾਈ ਵਿਚ ਜਾ ਕੇ ਖੇਤਰੀ ਕਾਰਜ ਕੀਤਾ ਜਾਂਦਾ ਹੈ ਤਾਂ ਸਾਨੂੰ ਬਹੁਤ ਸਾਰੇ ਅਜਿਹੇ ਕਾਵਿ-ਰੂਪ ਤੇ ਗੀਤ ਮਿਲਦੇ ਹਨ ਜਿਨ੍ਹਾਂ ਬਾਰੇ ਪਹਿਲਾਂ ਜਾਣਕਾਰੀ ਨਹੀਂ ਹੁੰਦੀ। ਦੁਆਬੇ ਦਾ ਖੇਤਰ ਕਈ ਪੱਖਾਂ ਤੋਂ ਬੜਾ ਅਮੀਰ ਹੈ, ਪਰ ਇਸ ਖੇਤਰ ਦੀ ਲੋਕ-ਧਾਰਾ ਨੂੰ ਇਕੱਤਰ ਕਰਨ ਦਾ ਕੰਮ ਨਾਂਹ ਦੇ ਬਰਾਬਰ ਹੀ ਸੀ ਜਦੋਂ ਮੈਂ ਇਸ ਪਾਸੇ ਵੱਲ ਕਦਮ ਵਧਾਇਆ। ਕਈ ਸਾਲਾਂ ਦੇ ਖੇਤਰੀ ਕਾਰਜ ਸਮੇਂ ਮੇਰਾ ਅਨੇਕਾਂ ਨਵੇਂ ਲੋਕ-ਗੀਤਾਂ ਤੇ ਕਾਵਿ-ਰੂਪਾਂ ਨਾਲ ਵਾਹ ਪਿਆ। ਜਿਵੇਂ ਕੰਢੀ, ਸੁਬਹ ਦੇ ਗੀਤ, ਸੰਝੜੀਆਂ (ਸ਼ਾਮ ਨੂੰ ਗਾਏ ਜਾਣ ਵਾਲੇ ਗੀਤ) ਦੂਜੀ ਵਿਸ਼ਵ ਜੰਗ ਨਾਲ ਸਬੰਧਤ ਗੀਤ, ਔਰਤਾਂ ਦਾ ਮਿਰਜ਼ਾ-ਸਾਹਿਬਾਂ ਆਦਿ। ਇਨ੍ਹਾਂ ਗੀਤਾਂ ਨੇ ਪਹਿਲਾਂ ਪ੍ਰਾਪਤ ਮਰਦ ਦ੍ਰਿਸ਼ਟੀਕੋਣ ਦੇ ਬਰਾਬਰ ਔਰਤ ਦਾ ਦ੍ਰਿਸ਼ਟੀਕੋਣ ਰੱਖ ਕੇ ਕਈ ਨਵੇਂ ਬਿਰਤਾਂਤ ਸਿਰਜੇ ਹਨ।

ਇਹੋ ਜਿਹਾ ਹੀ ਇਕ ਕਾਵਿ-ਰੂਪ ਹੈ 'ਦਾਦੂ ਗੁੱਜਰ'। ਇਸ ਕਾਵਿ-ਰੂਪ ਨਾਲ ਮਾਹੀਏ ਦੇ ਟੱਪਿਆਂ ਦਾ ਕਾਫ਼ੀ ਮੇਲ ਹੈ। ਪਰ ਦਾਦੂ ਗੁੱਜਰ ਨਾਲ ਜੁੜੇ ਟੱਪਿਆ ਵਿਚ ਵੱਖਰਤਾ ਵੀ ਹੈ। ਹਰ ਟੱਪਾ ਦਾਦੂ ਗੁੱਜਰ ਨਾਲ ਸ਼ੁਰੂ ਹੁੰਦਾ ਹੈ। ਇਹ ਕਿਵੇਂ ਤੇ ਕਿਉਂ ਸ਼ੁਰੂ ਹੋਇਆ ਇਸ ਬਾਰੇ ਕੁਝ ਵੀ ਨਹੀਂ ਕਿਹਾ ਜਾ ਸਕਦਾ। ਸਭ ਤੋਂ ਪਹਿਲਾਂ ਇਸ ਤਰ੍ਹਾਂ ਦੇ ਟੱਪੇ ਮੈਂ ਹੁਸ਼ਿਆਰਪੁਰ ਦੇ ਨੇੜੇ ਪਿੰਡ ਬਾਦੋਵਾਲ ਵਿਚੋਂ ਸੁਣੇ। ਹੁਣ ਤੱਕ ਘੱਟੋ ਘੱਟ ਚਾਰ ਥਾਈਂ ਇਸ ਤਰ੍ਹਾਂ ਦੇ ਟੱਪੇ ਸੁਣਨ ਦਾ ਮੌਕਾ ਮਿਲਿਆ। ਸ਼ੁਰੂਆਤ ਤਾਂ ਲਗਭਗ ਇਕੋ ਜਿਹੀ ਹੈ, 'ਦਾਦੂ ਵੇ ਗੁੱਜਰਾ ਵੇ ਲੰਮੇ ਵੱਗ ਦਰਿਆਵਾਂ ਦੇ ਵੇ ਲੰਮੇ ਵੱਗ ਦਰਿਆਵਾਂ ਵੇ।' ਪਰ ਬਾਅਦ ਵਿਚ ਵੱਖੋ-ਵੱਖਰੇ ਟੱਪੇ ਆਉਂਦੇ ਹਨ ਜੋ ਅੰਤਰ-ਸਬੰਧਤ ਹਨ। ਸਾਂਝਾ ਸੂਤਰ ਇਹ ਹੈ ਕਿ ਦਾਦੂ ਨੂੰ ਪਤੀ ਦੇ ਰੂਪ ਵਿਚ ਕਲਪਿਤ ਕਰਕੇ ਸਾਰੀ ਗੱਲ ਕੀਤੀ ਗਈ ਹੈ। ਟੱਪੇ ਦੀ ਪਹਿਲੀ ਪੰਗਤੀ ਕਿਤਿਓਂ ਵੀ ਸ਼ੁਰੂ ਹੋ ਜਾਂਦੀ ਹੈ ਜਿਸ ਦਾ ਵਿਚਾਰ ਨਾਲ ਕੋਈ ਸੰਬੰਧ ਨਹੀਂ ਪਰ ਦੂਜੀ ਪੰਗਤੀ ਦੇ ਤੁਕਾਂਤ ਨਾਲ ਜੋੜ ਪੂਰਾ ਹੈ। ਜਿਵੇਂ :

ਦਾਦੂ ਵੇ ਗੁੱਜਰਾ ਵੇ ਤੇਰੇ ਪੱਲੇ ਚੁਆਨੀ ਆਂ,
ਵੇ ਤੇਰੇ ਪੱਲੇ ਚੁਆਨੀ ਆਂ।
ਛੱਡ ਕੇ ਨਾ ਜਾਈਂ ਸੁਹਣਿਆ,
ਸਾਡੀ ਭਰੀ ਹੋਈ ਜੁਆਨੀ ਆਂ।

ਕਮਾਲ ਦੀ ਗੱਲ ਇਹ ਹੈ ਕਿ ਗੁੱਜਰਾਂ ਦੇ ਇਲਾਕੇ ਵਿਚ ਦਾਦੂ, ਲਾਲੂ ਬਣ ਜਾਂਦਾ ਹੈ। ਹੋ ਸਕਦਾ ਹੈ ਕਿ ਇਸ ਨਾਂ ਦੇ ਮੁਸਲਮਾਨ ਗੁੱਜਰ ਵਧੇਰੇ ਹੋਣ, ਇਸ ਲਈ ਹਿੰਦੂ ਗੁੱਜਰ ਬਣਾ ਦਿੱਤਾ ਗਿਆ ਹੋਵੇ। ਪਰ ਹੋਇਆ ਇਹ ਅਚੇਤ ਹੀ ਹੈ। ਗੜ੍ਹਸ਼ੰਕਰ ਨੇੜਿਉਂ, ਬਹਿਰਾਮਪੁਰ ਪਿੰਡ ਤੋਂ ਜਦੋਂ ਮੈਂ ਗੀਤ ਸੁਣ ਰਿਹਾ ਸਾਂ ਤਾਂ ਔਰਤਾਂ ਇਸ ਪੱਖੋਂ ਸੁਚੇਤ ਨਹੀਂ ਸਨ। ਉਹ ਬੜੇ ਸਹਿਜ ਨਾਲ 'ਲਾਲੂ ਵੇ ਗੁੱਜਰਾ' ਗਾ ਰਹੀਆਂ ਸਨ।

ਇਨ੍ਹਾਂ ਟੱਪਿਆਂ ਦਾ ਸਿੱਧਾ ਸੰਬੰਧ ਪਤਨੀ ਦੀਆਂ ਵੱਖ-ਵੱਖ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਪਤਨੀ ਮਾਪਿਆਂ ਦੇ ਜੀਆਂ ਨੂੰ ਮਜਬੂਰੀ ਵੱਸ ਛੱਡ ਕੇ ਦਾਦੂ (ਪਤੀ) ਦੇ ਲੜ ਲੱਗਦੀ ਹੈ। ਇਸੇ ਲਈ ਜਦੋਂ ਉਸ ਨੂੰ ਸੁਖਾਵਾਂ ਮਾਹੌਲ ਨਹੀਂ ਮਿਲਦਾ ਤਾਂ ਉਹ ਉਦਾਸ ਸੁਰ ਵਿਚ ਗਾ ਉੱਠਦੀ ਹੈ।

ਦਾਦੂ ਵੇ ਗੁੱਜਰਾਂ ਵੇ ਲੰਮੇ ਗੇੜ ਵੇ ਹਵੇਲੀਆਂ ਦੇ
ਵੇ ਲੰਮੇ ਗੇੜ ਵੇ ਹਵੇਲੀਆਂ ਦੇ।
ਤੇਰੇ ਲੜ ਲੱਗੀ ਸੁਹਣਿਆਂ ਵੇ/ਲੜ ਛੱਡ ਕੇ ਸਹੇਲੀਆਂ ਦੇ।
ਦਾਦੂ ਵੇ ਗੁੱਜਰਾਂ ਵੇ ਲੰਮੇ ਗੇੜ ਦਰਿਆਵਾਂ ਦੇ
ਵੇ ਲੰਮੇ ਗੇੜ ਦਰਿਆਵਾਂ ਦੇ।
ਤੇਰੇ ਲੜ ਲੱਗੀ ਸੁਹਣਿਆਂ ਵੇ, ਲੜ ਛੱਡ ਕੇ ਭਰਾਵਾਂ ਦੇ।
ਦਾਦੂ ਵੇ ਗੁੱਜਰਾਂ ਵੇ ਲੰਮੀ ਵਾੜ ਏ ਛਾਪਿਆਂ ਦੀ।
ਵੇ ਲੰਮੀ ਵਾੜ ਏ ਛਾਪਿਆਂ ਦੀ
ਤੇਰੇ ਲੜ ਲੱਗੀ ਸੋਹਣਿਆਂ ਵੇ ਲੜ ਛੱਡ ਕੇ ਮਾਪਿਆਂ ਦੀ।

ਪਹਿਲੀ ਪੰਗਤੀ ਵਿਚਾਰ ਨਾਲ ਸਬੰਧਤ ਨਾ ਹੁੰਦੀ ਹੋਈ ਵੀ ਸਮਾਜਿਕ ਜੀਵਨ ਨਾਲ ਸਿੱਧੀ ਜੁੜੀ ਹੋਈ ਹੈ। 'ਲੰਮੇ ਗੇੜ ਹਵੇਲੀਆਂ ਦੇ' 'ਲੰਮੇ ਗੇੜ ਦਰਿਆਵਾਂ ਦੇ' ਅਤੇ 'ਲੰਮੀ ਵਾੜ ਏ ਛਾਪਿਆਂ ਦੀ' ਲੋਕ ਜੀਵਨ ਦੇ ਅਨੁਭਵ ਤੋਂ ਦੂਰ ਨਹੀਂ ਹਨ।

ਦਾਦੂ (ਪਤੀ) ਔਰਤ ਦੇ ਜੋੜ ਦਾ ਹੀ ਹੋਵੇ, ਇਹ ਜ਼ਰੂਰੀ ਨਹੀਂ ਕਿਉਂਕਿ ਜਿਹੋ ਜਿਹੀ ਵਿਆਹ ਸੰਸਥਾ ਹੈ ਉਸ ਵਿਚ 'ਜੋੜੀਆਂ ਜਗ ਥੋੜ੍ਹੀਆਂ ਪਰ ਨਰੜ ਬਥੇਰੇ' ਹਨ। ਇਨ੍ਹਾਂ ਅਣਜੋੜਾਂ ਦੀ ਗੱਲ 'ਦਾਦੂ ਗੁੱਜਰ' ਵਿਚ ਨਾ ਆਵੇ ਇਹ ਹੋ ਹੀ ਨਹੀਂ ਸਕਦਾ। ਹਾਂ ਅਜਿਹੇ ਅਣਜੋੜ ਪ੍ਰਤਿ ਰਵੱਈਆ ਵਿਅੰਗ ਦਾ, ਮਜ਼ਾਕ ਦਾ ਹੈ।

ਦਾਦੂ ਵੇ ਗੁੱਜਰਾ ਵੇ ਵਿਹੜੇ ਬੂਟਾ ਆ ਲਸਣੇ ਦਾ,
ਵੇ ਵਿਹੜੇ ਬੂਟਾ ਆ ਲਸਣੇ ਦਾ।
ਰੰਗ ਤੇਰਾ ਸ਼ਾਹ ਕਾਲ਼ਾ ਵੇ ਸਾਡਾ 'ਰਾਦਾ ਨੀ ਵਸਣੇ ਦਾ।
ਦਾਦੂ ਵੇ ਗੁੱਜਰਾ ਵੇ, ਮੀਂਹ ਪੈਂਦਾ ਏ ਚੀਨੀ 'ਤੇ
ਵੇ ਮੀਂਹ ਪੈਂਦਾ ਏ ਚੀਨੀ 'ਤੇ।
ਰੰਗ ਤੇਰਾ ਸ਼ਾਹ ਕਾਲ਼ਾ ਵੇ ਮੈਂ ਤਾਂ ਡੁਲ੍ਹ ਗਈ ਸ਼ਕੀਨੀ 'ਤੇ।

ਔਰਤ ਨੇ ਅਣਜੋੜ ਜਾਂ ਕਾਲ਼ੇ ਸ਼ਾਹ ਪਤੀ ਪ੍ਰਤਿ ਨਾਪਸੰਦਗੀ ਤਾਂ ਜ਼ਾਹਰ ਕਰ ਦਿੱਤੀ ਹੈ, ਪਰ ਵਿਛੜਨਾ ਸਮਾਜ ਵਿਚ ਏਨਾ ਆਸਾਨ ਨਹੀਂ ਤੇ ਨਾ ਹੀ ਦੂਜਾ ਵਰ ਲੱਭਣਾ ਇਸ ਲਈ ਗੱਲ ਨਾਪਸੰਦਗੀ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ।

ਦਾਦੂ ਦੇ ਵਿਆਹ ਬਾਹਰੇ ਰਿਸ਼ਤਿਆਂ, ਘਰ ਤੇ ਬਾਹਰ ਦੇ ਰਿਸ਼ਤਿਆਂ ਪ੍ਰਤਿ ਵੀ ਉਪਰੋਕਤ ਨਾਪਸੰਦਗੀ ਜ਼ਾਹਰ ਕੀਤੀ ਗਈ ਹੈ ਅਤੇ ਇਕ ਤਰ੍ਹਾਂ ਨਾਲ ਮਜ਼ਾਕ ਦਾ ਸਾਮਾਨ ਵੀ ਤਿਆਰ ਕੀਤਾ ਗਿਆ ਹੈ।

ਦਾਦੂ ਵੇ ਗੁੱਜਰਾ ਵੇ ਕੰਢਾ ਭੱਜ ਗਿਆ ਚਾਬੀ ਦਾ
ਵੇ ਕੰਢਾ ਭੱਜ ਗਿਆ ਚਾਬੀ ਦਾ।
ਤੇਰੇ ਘਰ ਨਹੀਉਂ ਵੱਸਣਾ ਵੇ ਤੈਨੂੰ ਇਸ਼ਕ ਏ ਚਾਚੀ/ਭਾਬੀ ਦਾ।
ਦਾਦੂ ਵੇ ਗੁੱਜਰਾ ਵੇ ਕੰਢਾ ਭੱਜ ਗਿਆ ਥਾਲੀ ਦਾ,
ਤੇਰੇ ਨਾਲ ਕੀ ਵਸਣਾ ਵੇ ਤੈਨੂੰ ਇਸ਼ਕ ਹੈ ਸਾਲੀ ਦਾ।

ਵੱਸਣ ਦੇ ਮਾਮਲੇ 'ਤੇ ਕਈ ਥਾਂ ਦਾਦੂ ਦੇ ਗੀਤਾਂ ਦੀ ਨਾਇਕਾ ਆਹਮੋ-ਸਾਹਮਣੇ ਵੀ ਆ ਜਾਂਦੇ ਹਨ। ਇਸ ਵਿਚ ਮਰਦ ਦਾ ਸੰਭਾਵੀ ਉੱਤਰ ਵੀ ਸਹਿਜ ਹੀ ਪ੍ਰਗਟ ਹੋ ਗਿਆ ਹੈ।

ਦਾਦੂ ਵੇ ਗੁੱਜਰਾ ਵੇ ਬੁੱਕ ਭਰਿਆ ਸੀ ਲਸਣੇ ਦਾ।
ਵੇ ਬੁੱਕ ਭਰਿਆ ਸੀ ਲਸਣੇ ਦਾ।
ਪਹਿਲੀ ਗੱਡੀ ਆਪੇ ਚੜ੍ਹ ਜਾਊਂ, ਸਾਡਾ 'ਰਾਦਾ ਨੀ ਵੱਸਣੇ ਦਾ।
ਦਾਦੂ ਵੇ ਗੁੱਜਰਾ ਵੇ, ਬੁੱਕ ਭਰਿਆ ਸੀ ਸ਼ੱਕਰੇ ਦਾ।
ਪਹਿਲੀ ਗੱਡੀ ਚੜ੍ਹ ਗੋਰੀਏ, ਸਾਡਾ 'ਰਾਦਾ ਨੀ ਰੱਖਣੇ ਦਾ।

ਇਸ ਤੋਂ ਬਾਅਦ ਨਾਇਕਾ ਚੁੱਪ ਹੈ। ਨਾ ਸਮਾਜ ਵਿਚ ਤੇ ਨਾ ਹੀ ਗੀਤ ਵਿਚ ਇਸ ਦੇ ਵਿਰੋਧ ਵਿਚ ਬੋਲਣ ਦੀ ਉਸ ਦੀ ਹਿੰਮਤ ਹੈ। ਬੜੀ ਉਲਝੀ ਹੋਈ ਸਥਿਤੀ ਨੂੰ ਗੀਤ ਸਾਫ਼ ਰੂਪ ਵਿਚ ਉਚਾਰ ਜਾਂਦੇ ਹਨ। ਇਸ ਬੇਵਸੀ ਵਿਚ ਉਲਾਂਭੇ ਵਰਗੇ ਉਚਾਰ ਹੀ ਬਾਕੀ ਬਚਦੇ ਹਨ।

ਦਾਦੂ ਵੇ ਗੁੱਜਰਾ ਵੇ ਕੱਚੇ ਘੜੇ ਤੇ ਜਲੇਬੀ ਆ,
ਵੇ ਕੱਚੇ ਘੜੇ ਤੇ ਜਲੇਬੀ ਆ।
ਇਕ ਤੇਰੀ ਮਾਂ ਖੱਚਰੀ ਵੇ ਦੂਜਾ ਪੁੱਤ ਫਰਬੇਜੀ (ਫਰੇਬੀ) ਆ
ਦਾਦੂ ਵੇ ਗੁੱਜਰਾ ਵੇ ਸੱਪ ਲੱਗਾ ਸੀਗਾ ਕੇਲੇ ਨੂੰ,
ਵੇ ਸੱਪ ਲੱਗਾ ਸੀਗਾ ਕੇਲੇ ਨੂੰ।
ਲਾਵਾਂ ਤੇਰੇ ਨਾਲ ਲੈ ਵੇ ਲਈਆਂ, ਪਛਤਾਉਨੀਆਂ ਵੇਲੇ ਨੂੰ।
ਦਾਦੂ ਵੇ ਗੁੱਜਰਾ ਵੇ, ਸੱਪ ਲੱਗਾ ਸੀਗਾ ਢੀਂਗਲੀ ਨੂੰ,
ਵੇ ਸੱਪ ਲੱਗਾ ਸੀਗਾ ਢੀਂਗਲੀ ਨੂੰ,
ਤੇਰੇ ਉੱਤੇ ਸਬਰ ਪਵੇ ਤੇਰੀ ਨਾਚਕ (ਨਾਜ਼ੁਕ) ਜਿੰਦੜੀ ਨੂੰ।

ਭਾਬੀ, ਚਾਚੀ, ਸਾਲੀ ਦੇ ਨਾਲ-ਨਾਲ ਇਕ ਹੋਰ ਪਾਤਰ ਹੈ ਸੌਂਕਣ, ਜਿਸ ਦੇ ਪ੍ਰਵੇਸ਼ ਨਾਲ ਤਣਾਉ ਤਾਂ ਆਮ ਬਣਦਾ ਹੈ ਕਈ ਵਾਰ ਦੁਖਾਂਤ ਵੀ ਵਾਪਰਦੇ ਹਨ। ਅਸਲ ਵਿਚ ਸੌਂਕਣ ਨੇ ਘਰ ਹੀ ਨਹੀਂ ਵੰਡਾਉਣਾ ਪਤੀ ਨੂੰ ਵੀ ਵੰਡਾ ਲੈਣਾ ਹੈ। ਕਈ ਵਾਰ ਆਪਣੇ ਵੱਲ ਵੀ ਕਰ ਲੈਣਾ ਹੈ। ਇਹ ਸਾੜਾ ਔਰਤ ਲਈ ਅਸਹਿ ਹੈ। ਇਸ ਸਮੱਸਿਆ ਨਾਲ ਜੁੜੇ ਅਣ-ਗਿਣਤ ਗੀਤ (ਗੰਭੀਰ ਵੀ ਤੇ ਮਜ਼ਾਕੀਆਂ ਵੀ) ਮਿਲਦੇ ਹਨ। ਫਿਰ 'ਦਾਦੂ' ਪਿੱਛੇ ਕਿਉਂ ਰਹਿ ਜਾਏ।

ਦਾਦੂ ਵੇ ਗੁੱਜਰਾ ਵੇ ਵਿਹੜੇ ਬੂਟਾ ਏ ਸੌਂਚਲ ਦਾ
ਵੇ ਵਿਹੜੇ ਬੂਟਾ ਏ ਸੌਂਚਲ ਦਾ।
ਇਕ ਮੈਨੂੰ ਤੇਰਾ ਸਾੜਾ ਵੇ, ਦੂਜਾ ਸਾੜਾ ਸੌਂਕਣ ਦਾ।

ਨਾਇਕਾ ਜਦੋਂ 'ਦਾਦੂ' ਦੇ ਘਰ ਦੀ ਮਾੜੀ ਆਰਥਿਕ ਸਥਿਤੀ ਨੂੰ ਬਿਆਨ ਕਰਦੀ ਹੈ ਤਾਂ ਉਹ ਆਪਣੇ ਵਰਗੀਆਂ ਲੱਖਾਂ ਔਰਤਾਂ ਦੀ ਸਥਿਤੀ ਨੂੰ ਬਿਆਨ ਕਰ ਰਹੀ ਹੁੰਦੀ ਹੈ। ਪਰ ਨਾਲ ਹੀ 'ਟੋਕਰਾ ਨਿਆਣਿਆਂ ਦਾ' ਬਾਰੇ ਗੱਲ ਕਰਦੀ ਆਪਣੇ ਆਪ 'ਤੇ ਮਜ਼ਾਕ ਵੀ ਕਰ ਰਹੀ ਹੁੰਦੀ ਹੈ।

ਦਾਦੂ ਵੇ ਗੁੱਜਰਾ ਵੇ, ਛੱਜ ਭਰਿਆ ਏ ਲੀਰਾਂ ਦਾ,
ਵੇ ਛੱਜ ਭਰਿਆ ਏ ਲੀਰਾਂ ਦਾ।
ਆਪ ਤੁਸੀਂ ਠਾਣੇਦਾਰ ਓ, ਵੇ ਘਰ ਹਾਲ ਫ਼ਕੀਰਾਂ ਦਾ।
ਦਾਦੂ ਵੇ ਗੁੱਜਰਾ ਵੇ, ਛੱਜ ਭਰਿਆ ਏ ਦਾਣਿਆਂ ਦਾ,
ਵੇ ਛੱਜ ਭਰਿਆ ਏ ਦਾਣਿਆਂ ਦਾ,
ਤੇਰੀ ਸ਼ਾਹੀ ਕੀ ਕਰਨੀ ਵੇ, ਘਰ ਟੋਕਰਾ ਨਿਆਣਿਆ ਦਾ।

ਔਰਤ ਆਪ ਰਚਨਾ ਕਰ ਰਹੀ ਹੈ ਤਾਂ ਉਸ ਨੂੰ 'ਦਾਦੂ' ਦੇ ਮੁਕਾਬਲੇ ਆਪਣੇ ਆਪ ਨੂੰ ਤੇ ਆਪਣੇ ਪਰਿਵਾਰ ਨੂੰ ਉੱਚਾ ਦਰਸਾਉਣ ਤੋਂ ਕੋਈ ਨਹੀਂ ਰੋਕ ਸਕਦਾ।

ਦਾਦੂ ਵੇ ਗੁੱਜਰਾ ਵੇ, ਡੱਬੀ ਭਰੀ ਹੋਈ ਤੀਲ੍ਹਾਂ ਦੀ,
ਵੇ ਡੱਬੀ ਭਰੀ ਹੋਈ ਤੀਲ੍ਹਾਂ ਦੀ।
ਤੂੰ ਪੁੱਤ ਹੌਲਦਾਰ ਦਾ ਵੇ, ਮੈਂ ਵੀ ਧੀ ਆਂ ਵਕੀਲਾਂ ਦੀ।

ਕਿਤੇ ਇਕ ਅੱਧ ਜਗਾਹ ਦਾਦੂ ਨੂੰ ਪ੍ਰੇਮੀ ਦੇ ਰੂਪ ਵਿਚ ਵੀ ਕਲਪਿਆ ਗਿਆ ਹੈ।

ਦਾਦੂ ਵੇ ਗੁੱਜਰਾ ਵੇ, ਥਾਲੀ ਭਰੀ ਹੋਈ ਛੁਆਰਿਆਂ ਦੀ,
ਵੇ ਥਾਲੀ ਭਰੀ ਹੋਈ ਛੁਆਰਿਆਂ ਦੀ।
ਉਹ ਜਾਰੀ ਨਹੀਂ ਟੁੱਟਣੀ ਵੇ ਜਿਹੜੀ ਲੱਗੀ ਆ ਕੁਆਰਿਆਂ ਦੀ।




ਇਨ੍ਹਾਂ ਸਾਰੀਆਂ ਸਥਿਤੀਆਂ ਦੇ ਬਾਵਜੂਦ ਸਾਡੇ ਵਰਤਮਾਨ ਸਮਾਜ ਵਿਚ ਔਰਤ ਇਕੱਲੀ ਨਹੀਂ ਰਹਿ ਸਕਦੀ। ਇਸੇ ਲਈ ਉਹ ਸਭ ਕੁਝ ਸਹਾਰਨ ਨੂੰ ਤਿਆਰ ਹੋ ਜਾਂਦੀ ਹੈ, ਪਰ ਵੱਖ ਹੋਣ ਨੂੰ ਉਹ ਤਿਆਰ ਨਹੀਂ ਹੁੰਦੀ।

ਉਹ ਵਿਛੋੜਾ ਨੌਕਰ ਦਾ ਵੀ ਹੋ ਸਕਦਾ ਹੈ ਤੇ 'ਛੁੱਟੜ' ਹੋਣ ਦਾ ਵੀ। ਔਰਤ ਦਾਦੂ ਬਾਰੇ ਇਸ ਮਸਲੇ 'ਤੇ ਅਰਜੋਈਆਂ ਵਰਗੇ ਗੀਤ ਗਾਉਂਦੀ ਹੈ।

ਲਾਲੂ ਵੇ ਗੁੱਜਰਾ ਵੇ ਛੱਜ ਭਰਿਆ ਇਆ ਭੂਕਾਂ ਦਾ,
ਵੇ ਛੱਜ ਭਰਿਆ ਇਆ ਭੂਕਾਂ ਦਾ।
ਛੱਡ ਕੇ ਨਾ ਜਾਈਂ ਸੁਹਣਿਆ, ਵੇ ਇਹ ਪਿੰਡ ਰਜਪੂਤਾਂ ਦਾ।
ਲਾਲੂ ਵੇ ਗੁੱਜਰਾ ਵੇ, ਮੇਰੇ ਪੱਲੇ ਮਖਾਣੇ ਆਂ।
ਵੇ ਮੇਰੇ ਪੱਲੇ ਮਖਾਣੇ ਆਂ।
ਛੱਡ ਕੇ ਨਾ ਜਾਈਂ ਸੁਹਣਿਆਂ, ਤੇਰੇ ਰੋਂਦੇ ਨਿਆਣੇ ਆਂ।

'ਰਜਪੂਤਾਂ' ਦੇ ਪਿੰਡ ਦੀ ਗੱਲ ਬੜੀ ਮਹੱਤਵਪੂਰਨ ਹੈ ਕਿਉਂਕਿ ਸਭ ਤੋਂ ਵੱਧ ਬੰਦਸ਼ਾਂ ਰਾਜਪੂਤਾਂ ਵਿਚ ਹੀ ਹਨ। ਸਤੀ ਹੋਣ ਤੱਕ ਦੀਆਂ ਰਸਮਾਂ, ਇਨ੍ਹਾਂ ਵਿਚ ਵਧੇਰੇ ਹਨ। ਇੱਥੇ ਪਤੀ-ਵਿਹੂਣੀ ਹੋਣ ਦੇ ਅਰਥ ਸਮਝ ਆ ਸਕਦੇ ਹਨ। ਇਉਂ ਘਰ ਦੇ, ਔਰਤ ਦੇ ਅਨੇਕਾਂ ਪੱਖਾਂ ਦੇ ਚਿੱਤਰ ਉਲੀਕਦੇ ਦਾਦੂ ਦੇ ਟੱਪੇ ਲਗਾਤਾਰ ਜਾਰੀ ਰਹਿੰਦੇ ਹਨ, ਇਨ੍ਹਾਂ ਵਿਚ ਹਰ ਪਿੰਡ ਵਿਚ ਕੁਝ ਨਾ ਕੁਝ ਹੋਰ ਜੁੜਦਾ ਰਹਿੰਦਾ ਹੈ। ਗਾਇਕਾ ਇਸ ਤੱਥ ਨੂੰ ਚੰਗੀ ਤਰ੍ਹਾਂ ਜਾਣਦੀ ਹੈ ਇਸ ਲਈ ਉਸ ਨੂੰ ਇਸ ਟੱਪੇ ਨਾਲ ਸਮਾਪਤੀ ਕਰਨੀ ਪੈਂਦੀ ਹੈ।

ਦਾਦੂ ਵੇ ਗੁੱਜਰਾ ਵੇ ਤੌੜੀ ਧੋ ਕੇ ਸੁਕਾਣੀ ਆਂ,
ਵੇ ਤੌੜੀ ਧੋ ਕੇ ਸੁਕਾਣੀ ਆਂ।
ਗੁੱਜਰ ਤਾਂ ਨਹੀਂ ਮੁੱਕਣਾ ਵੇ, ਇਹ ਤਾਂ ਲੰਮੀ ਕਹਾਣੀ ਆਂ।

'ਬਾਦੋਵਾਲ' ਪਿੰਡ ਤੋਂ ਤੁਰ ਕੇ 'ਬਹਿਰਾਮਪੁਰ' ਤੱਕ ਆਉਂਦਿਆਂ ਦਾਦੂ/ਲਾਲੂ ਨਾਲ ਜੁੜੇ ਜਿਹੜੇ ਟੱਪੇ ਮੈਂ ਸੁਣੇ ਉਸ ਤੋਂ ਹੀ ਮੈਂ ਇਸ ਨਤੀਜੇ 'ਤੇ ਪੁੱਜਾ ਹਾਂ ਕਿ ਇਨ੍ਹਾਂ ਨੂੰ ਮਾਹੀਏ ਤੋਂ ਵੀ ਵੱਖ ਕਾਵਿ-ਰੂਪ ਸਮਝਣਾ ਚਾਹੀਦਾ ਹੈ।

# 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"




## ਰਾਣੀ ਅਣਬੋਲਿਆ

(ਪੰਜਵੀ ਕਿਸਤ)

ਰਾਣੀਆਂ ਨੇ ਦਾਈ ਨੂੰ ਫੇਰ ਸੱਦ ਲਿਆ। ਕਹਿੰਦੀਆਂ ਆ ਤੇਰੇ ਜਣਦਿਆਂ ਨੂੰ ਵੱਢਿਆ। ਤੂੰ ਤਾਂ ਕਹਿੰਦੀ ਸੀ ਮੈਂ ਉਹਨੂੰ ਐਸੀ ਖੂਭਣੀ 'ਚ ਪਾ ਕੇ ਆਈ ਆਂ ਜਿਥੋਂ ਕਦੀ ਵਾਪਸ ਈ ਨਹੀਂ ਆਉਂਦਾ। ਉਹ ਦੇਖਲਾ ਬਾਦਸ਼ਾਹ ਨਾਲ ਏਦਾਂ ਗੱਲੀਂ ਪਿਆ ਜਿੱਦਾਂ ਉਹਦਾ ਈ ਖੂਨ ਹੋਵੇ।

"ਹਾਂ, ਹੈ ਤਾਂ ਉਹੀ। ਕੱਲ੍ਹ ਨੂੰ ਮੈਂ ਫੇਰ ਇਹਨੂੰ ਕਿਸੇ ਖੂਭਣੀ 'ਚ ਪਾ ਕੇ ਆਉਂਦੀ ਆਂ। ਨਾਲੇ ਤੁਸੀਂ ਵਹਿਮ ਨਾ ਕਰੋ। ਇਹ ਉਹ ਲੜਕਾ ਬਿਲਕੁੱਲ ਨੀਂ। ਉਹ ਤਾਂ ਮੈਂ ਇਹਨਾਂ ਹੱਥਾਂ ਨਾਲ ਨਦੀ ਵਿਚ ਰੋੜ ਕੇ ਆਈ ਸੀ।"

ਸਵੇਰੇ ਸਵੇਰੇ ਜਦੋਂ ਦਾਈ ਉਨ੍ਹਾਂ ਦੇ ਘਰ ਜਾਣ ਲੱਗੀ ਤਾਂ ਲੜਕੇ ਨੂੰ ਖੁੜਕ ਪਈ। ਅਖੇ ਏਹੋ ਮਾਈ ਮੇਰੀ ਭੈਣ ਨੂੰ ਪੁੱਠੀਆਂ ਮੱਤਾਂ ਦਿੰਦੀ ਏ। ਦਾਈ ਦਰਾਂ ਮੂਹਰੇ ਖੜੀ ਹਾਕਾਂ ਮਾਰਦੀ ਆ। ਭੈਣ...। ਬੀਬੀ....। ਇਹ ਦੇਅ ਮਾਰਦਾ ਬੁੱਭ। ਉਰੇ ਆ ਕੇ ਮੈਨੂੰ ਅੰਦਰ ਨਘਾਅ। ਇਹ ਨੰਘਣ ਨਹੀਂ ਦਿੰਦਾ. ਲੜਕੀ ਮਾਈ ਨੂੰ ਅੰਦਰ ਲੈ ਆਈ। ਦਾਈ ਕਹਿਣ ਲੱਗੀ, "ਲੈ ਬੀਬੀ ਭੈਣੇ ਦੇਖ। ਹੁਣ ਕੋਠੀ ਸਜਦੀ ਆ। ਬਹੁਤ ਸੋਹਣੀ ਲੱਗਦੀ ਆ। ਕੋਲ ਦੇਅ ਬੰਨ੍ਹ ਦਿੱਤਾ। ਹੁਣ ਗੱਲ ਇਕ ਹੋਰ ਆ। ਹੁਣ ਤੂੰ ਕੱਲੀ ਬੈਠੀ ਰਹਿਨੀ ਏਂ। ਇੱਦਾਂ ਨੀ ਸਜਦਾ। ਇਹਨਾਂ ਮਹਿਲਾਂ ਵਿਚ ਰਾਣੀ ਅਣਬੋਲਿਆਂ ਆਉਣੀ ਚਾਹੀਦੀ ਏ। ਫਲਾਨੇ ਦੇਸ਼ ਦੀ ਉਹ ਰਾਣੀ ਏ। ਬਹੁਤ ਸੁੰਦਰ ਪਰੀਆਂ ਵਰਗੀ। ਹੋਰ ਕੋਈ ਰਾਣੀ ਨਾ ਇਹਨਾਂ ਮਹਿਲਾਂ ਵਿਚ ਆਵੇ। ਜੇ ਆਵੇ ਤਾਂ ਅਣਬੋਲਿਆ ਰਾਣੀ ਈ ਆਵੇ। ਇਹ ਕਹਿ ਕੇ ਦਾਈ ਚਲੀ ਗਈ।"

ਅਣਬੋਲਿਆਂ ਰਾਣੀ ਹੱਦ ਦਰਜੇ ਦੀ ਸੁੰਦਰ ਸੁਨੱਖੀ। ਪਰ ਉਹਦੇ ਵਿਆਹ ਦੀਆਂ ਸ਼ਰਤਾਂ ਬੜੀਆਂ ਅੱਵਲ। ਜਿੰਨੇ ਵੀ ਰਾਜੇ ਮਹਾਰਾਜੇ ਉਹਨੂੰ ਵਿਆਹੁਣ ਗਏ, ਉਹ ਉਹਦੀ ਕੋਈ ਨਾ ਕੋਈ ਸ਼ਰਤ ਪੂਰੀ ਕਰਨ ਤੋਂ ਰਹਿ ਜਾਂਦੇ ਤੇ ਆਪਣਾ ਸਿਰ ਕਲਮ ਕਰਵਾ ਬਹਿੰਦੇ। ਬਹੁਤ ਸਾਰੀਆਂ ਮਾਵਾਂ ਨੇ ਇਸ ਰਾਣੀ ਬਦਲੇ ਆਪਣੇ ਪੁੱਤ ਗੁਆ ਲਏ। ਲੋਕ ਵੀ ਉਸ ਰਾਣੀ ਤੋਂ ਬਹੁਤ ਔਖੇ। ਕਹਿੰਦੇ ਪਤਾ ਨਹੀਂ ਕਿਹੜਾ ਗੱਭਰੂ ਇਹਦੀਆਂ ਸ਼ਰਤਾਂ ਪੂਰੀਆਂ ਕਰੂਗਾ ਤੇ ਇਹਦਾ ਡੋਲ਼ਾ ਇਥੋਂ ਜਾਊਗਾ। ਕਤਲ ਹੋਣੋ ਹਟਣਗੇ। ਅਣਬੋਲਿਆਂ ਰਾਣੀ ਦੇ ਮਹਿਲਾਂ ਦੇ ਪਿਛਵਾੜੇ ਲੋਥਾਂ ਦੇ ਢੇਰ ਲੱਗਿਓ। ਲੜਕਾ ਆਪਣੇ ਘਰ ਆ ਗਿਆ। ਇਸ਼ਨਾਨ ਪਾਣੀ ਕਰਕੇ ਜਦੋਂ ਰੋਟੀ ਖਾਣ ਲੱਗਾ ਤਾਂ ਉਹਦੀ ਭੈਣ ਰੋਟੀ ਫੇਰ ਨਹੀਂ ਖਾਂਦੀ। ਲੜਕਾ ਕਹਿੰਦਾ, "ਭੈਣ ਹੁਣ ਕੀ ਗੱਲ ਆ। ਤੂੰ ਜਿਹੜਾ ਕੰਮ ਕਿਹਾ ਸੀ ਉਹ ਤਾਂ ਮੈਂ ਕਰ ਦਿੱਤਾ। ਹੁਣ ਰੋਟੀ ਕਿਉਂ ਨਹੀਂ ਖਾਂਦੀ। ਇਕ ਮਾਈ ਤੇਰੇ ਕੋਲ ਆਉਂਦੀ ਆ। ਉਹ ਪਤਾ ਨਹੀਂ ਤੈਨੂੰ ਕੀ ਪੁੱਠੀ ਮੱਤ ਦੇ ਜਾਂਦੀ ਏ।"

"ਪੁੱਠੀ ਮਤ ਤਾਂ ਨਹੀਂ ਦਿੰਦੀ ਉਹ। ਉਹ ਤਾਂ ਚੰਗੀਓ ਗੱਲ ਦੱਸਦੀ ਆ।"

"ਅੱਛਾ ਹੁਣ ਉਹ ਕੀ ਸਿੱਖਿਆ ਦੇ ਕੇ ਗਈ ਆ।"

"ਮਾਈ ਕਹਿੰਦੀ ਪਈ ਇਹਨਾਂ ਮਹਿਲਾਂ ਵਿਚ ਅਣਬੋਲਿਆਂ ਰਾਣੀ ਨੇ ਸੱਜਣਾ। ਹੋਰ ਕਿਸੇ ਰਾਣੀ ਨੇ ਨਹੀਂ ਸੱਜਣਾ ਫਬਣਾ। ਮੇਰਾ ਇਥੋਂ ਕੱਲੀ ਦਾ ਜੀਅ ਨਹੀਂ ਲਗਦਾ। ਇਸ ਲਈ ਇਹਨਾਂ ਮਹਿਲਾਂ ਵਿਚ ਹੁਣ ਅਣਬੋਲਿਆਂ ਰਾਣੀ ਈ ਆਊ। ਉਹ ਮੇਰਾ ਸਿਰ ਦੇਖੂਗੀ ਮੈਂ ਉਹਦਾ।"

"ਓ ਭੈਣੇ ਤੂੰ ਸੁਦੈਣ ਤਾਂ ਨਹੀਂ ਹੋ ਗਈ। ਮੈਂ ਵੀ ਵਿਦਵਾਨ ਆਂ ਤੂੰ ਵੀ ਵਿਦਵਾਨ ਆਂ। ਉਸ ਰਾਣੀ ਬਾਰੇ ਤਾਂ ਸਾਰਾ ਜੱਗ ਜਾਣਦਾ। ਕਿੰਨੇ ਰਾਜੇ ਮਹਾਰਾਜੇ ਉਹਨੂੰ ਵਿਆਹੁਣ ਦੀ ਖਾਤਰ ਸਿਰ ਕਟਾ ਬੈਠੇ ਆ। ਆਪਾਂ ਕੋਈ ਹੋਰ ਵਿਆਹ ਲਿਆਵਾਂਗੇ। ਇੱਥੇ ਕਿਹੜਾ ਕੋਈ ਘਾਟਾ।" "ਨਹੀਂ ਭਰਾਵਾ। ਜੇ ਇਹਨਾਂ ਮਹਿਲਾਂ ਵਿਚ ਕੋਈ ਰਾਣੀ ਆਊਗੀ ਤਾਂ ਅਣਬੋਲਿਆਂ ਰਾਣੀ ਈ ਆਊਗੀ। ਹੋਰ ਕਿਸੇ ਦਾ ਮੇਰੇ ਕੋਲ ਨਾਂ ਨਾ ਲੈ।"

"ਚੱਲ ਫਿਰ ਆ ਹੁਣ ਰੋਟੀ ਖਾਹ। ਮੈਂ ਤੇਰੀ ਸ਼ਰਤ ਮੰਨ ਲੈਂਦਾ ਵਾਂ। ਮੈਂ ਸਵੇਰੇ ਜਾਊਂਗਾ। ਪਰ ਹੁਣ ਮੇਰੀ ਬੇਮਾਇਦੀ ਰੱਖੀ। ਮੇਰਾ ਵੀ ਉਹਨੇ ਸੀਸ ਹੀ ਲਾਹੁਣਾ। ਉੱਥੇ ਸੀਸ ਲਹਿੰਦੇ ਆ ਸੋਹਣਿਆਂ ਪੁੱਤਾਂ ਦੇ।"

"ਭਰਾਵਾ ਨਹੀਂ ਲਹਿੰਦਾ ਸੀਸ। ਮੈਨੂੰ ਪਤਾ ਆ। ਇਕ ਵਾਰ ਤੂੰ ਜਾਹ ਤਾਂ ਸਹੀ।" ਦੋਹਾਂ ਭੈਣ-ਭਰਾ ਨੇ ਇਕੱਠਿਆਂ ਰੋਟੀ ਪਾਣੀ ਖਾਧਾ। ਲੜਕਾ ਸਵੇਰੇ ਉੱਠਿਆ ਝੋਲੀ ਵਿਚੋਂ ਧੂਫ ਕੱਢਿਆ। ਰੱਸੀ ਡੰਡਾ ਤੇ, ਪਊਏ ਨੂੰ ਧੂਫ਼ ਦਿੱਤਾ। ਪਊਏ ਪੈਰਾਂ ਵਿਚ ਪਾਏ ਤੇ ਅਣਬੋਲਿਆਂ ਰਾਣੀ ਦੇ ਸ਼ਹਿਰ ਨੂੰ ਨਿਕਲ ਪਿਆ।



- ਡਾ. ਜਸਵੰਤ ਰਾਏ
91-98158-25999

ਜਦ ਲੜਕਾ ਵਾਟੇ ਗਿਆ ਤਾਂ ਉਥੇ ਰਸਤੇ 'ਚ ਚਾਰ ਭਾਈ ਬੈਠੇ ਆ। ਉਹ ਕਹਿੰਦੇ "ਬਾਈ ਠਹਿਰ"। "ਹਾਂ ਦੱਸੋ।" ਲੜਕਾ ਠਹਿਰ ਗਿਆ। "ਸਾਡੇ ਨਾਲ ਪਹਿਲਾਂ ਬਾਜ਼ੀ ਲਾ, ਫੇਰ ਜਾਣ ਦੇਣਾ। ਬਾਜ਼ੀ ਇੱਦਾਂ ਦੀ ਆ ਕਿ ਜੇ ਤੂੰ ਜਿੱਤ ਗਿਆ ਤਾਂ ਸਾਡਾ ਚੌਹਾਂ ਦਾ ਸੀਸ ਲਾ ਦੇਈਂ। ਜੇ ਅਸੀਂ ਜਿੱਤ ਗਏ ਤਾਂ ਅਸੀਂ ਤੇਰਾ ਸੀਸ ਲਾਹ ਦੇਣਾ।" ਲੜਕਾ ਕਹਿੰਦਾ ਅੱਛਾ ਬਈ। ਮਹਾਰਾਜ ਨੂੰ ਯਾਦ ਕਰਕੇ ਬਹਿ ਗਿਆ। ਪਹਿਲੀ ਸੱਟੇ ਚੌਲਾਂ ਚਿੱਤ ਪੈ ਗਈਆਂ। ਹੁਣ ਦੱਸੋ ਬਈ? ਚਾਰੇ ਭਾਈ ਹੱਥ ਜੋੜ ਕੇ ਖੜ੍ਹ ਗਏ। ਤੂੰ ਬਈ ਹੱਕਦਾਰ ਏ ਸਾਡੇ ਸੀਸ ਲਾਹੁਣ ਦਾ। ਪਰ ਸਾਨੂੰ ਬਖਸ਼ ਲਾ। ਜਿੱਥੇ ਤੈਨੂੰ ਭਾਰੀ ਪਵੇ ਸਾਨੂੰ ਸੱਦ ਲਵੀਂ ਚੌਹਾਂ ਨੂੰ। ਦਿਨ ਹੋਵੇ ਰਾਤ ਹੋਵੇ। ਤੂੰ ਸਾਨੂੰ ਯਾਦ ਕਰ ਲਵੀਂ। ਅਸੀਂ ਅੱਖ ਦੇ ਫੁਰਨੇ 'ਚ ਹਾਜ਼ਰ ਹੋ ਜਾਵਾਂਗੇ। (ਚਲਦਾ)

ਕਹਾਣੀ

# ਦਿਲਗੀਰ ਸਿੰਘ

## (ਲੋਕ-ਰਾਜ ਦੇ ਸੰਘਰਸ਼ ਨੂੰ ਸਮਰਪਿਤ)



ਅਫ਼ਜ਼ਲ ਤੌਸੀਫ਼

ਇਹ ਕਹਾਣੀ ਮੈਂ ਆਪਣੇ ਤਾਏ ਕੋਲੋਂ ਸੁਣੀ। ਆਪ ਤਾਏ ਨੂੰ ਇਹ ਕਹਾਣੀ ਓਸ ਵੇਲੇ ਲੱਭੀ, ਜਦੋਂ ਉਹ ਆਪਣੇ ਪਿੰਡੋਂ ਲੁੱਟਿਆ ਪੁੱਟਿਆ, ਵੇਲੇ ਦਾ ਮਾਰਿਆ ਲਾਹੌਰ ਆ ਵੜਿਆ। ਫੇਰ, ਕੁਝ ਦਿਨਾਂ ਪਿੱਛੋਂ ਉਹ ਵਾਲਟਨ ਦੇ ਪਨਾਹਗੀਰ ਕੈਂਪ ਛੱਡ ਕੇ ਸ਼ੇਖ਼ੂਪੁਰੇ ਦੇ ਇੱਕ ਪਿੰਡ ਵਸ ਜਾਣ ਲਈ ਚਲੇ ਗਿਆ। ਉਥੇ ਉਹਨੂੰ ਕੁਝ ਖੇਤ "ਗੁਜ਼ਾਰਾ ਯੂਨਿਟ'' ਦੇ ਹਿਸਾਬ ਵਿਚ ਅਲਾਟ ਹੋਏ ਸੀ। ਉਸ ਖੇਤ ਦੇ ਬੰਨੇ ਤੇ ਬੈਠਾ ਉਹ ਕਹਾਣੀ ਵਾਲਾ ਮਿਲਿਆ। "ਇਹ ਦਿਲਗੀਰ ਸਿੰਘ ਏ'' ਤਾਏ ਨੂੰ ਪਟਵਾਰੀ ਨੇ ਦੱਸਿਆ। ਤਾਏ ਨੇ ਵੇਖਿਆ, ਬਹੁਤ ਮੈਲੇ ਕੱਪੜੇ ਪਾਈ ਇੱਕ ਜਵਾਨ ਸਿੱਖ ਨੀਵਾਂ ਕਰੀ ਭੁੰਜੇ ਬੈਠਾ ਕੁਝ ਲਿਖ-ਲਿਖ ਕੇ ਮੇਟੀ ਜਾਂਦਾ ਸੀ। ਪਟਵਾਰੀ ਉਥੋਂ ਦਾ ਪੁਰਾਣਾ ਵਾਸੀ ਸੀ। ਉਹਨੇ ਸਾਰੀ ਗੱਲ ਦੱਸੀ।

"ਇਹ ਸਿਖੜਾ ਅਜੇ ਵੀ ਏਥੇ ਈ ਮੁਰੱਬੇ ਨੂੰ ਚਿੰਬੜ ਕੇ ਬੈਠਾ ਹੋਇਆ ਏ। ਘਰਦਿਆਂ ਨਾਲ ਗਿਆ, ਨਾ ਪਿੰਡ ਦਿਆਂ ਨਾਲ'' ਹਾ, ਹਾ।

ਪਟਵਾਰੀ ਉੱਚੀ ਸਾਰੀ ਹੱਸਿਆ। ਤਾਏ ਨੂੰ ਉਹਦਾ ਹਾਸਾ ਚੰਗਾ ਨਾ ਲੱਗਿਆ। ਫਿਰ ਵੀ ਉਹ ਆਪਣੀ ਬਕਵਾਸ ਕਰਦਾ ਰਿਹਾ। "ਰੱਸੀ ਸੜ ਗਈ, ਪਰ ਵੱਟ ਨਾ ਗਿਆ। ਇਹ ਹਾਲੇ ਵੀ ਆਪਣੇ ਆਪ ਨੂੰ ਮੁਰੱਬਿਆਂ ਵਾਲਾ ਸਮਝਦਾ ਏ। ਹਾ ਹਾ'' ਇਹ ਥੋੜ੍ਹਾ ਜਿਹਾ ਗਵੱਈਆ ਵੀ ਏ। ਫੇਰ ਮਾੜਾ ਜਿਹਾ ਖੰਘ ਕੇ ਆਖਣ ਲੱਗਾ। "ਕਿਉਂ ਭਾਈ ਸਰਦਾਰਾ! ਕਿੱਥੇ ਗਈ ਤੇਰੀ ਹੀਰ ਸਲੇਟੀ? ਪਤਾ ਏ ਮੁਰੱਬੇ ਦਾ ਨਵਾਂ ਮਾਲਕ ਆ ਗਿਆ ਏ। ਹੁਣ ਦੱਸ ਤੇਰਾ ਕੀ ਇਰਾਦਾ?

ਦਿਲਗੀਰ ਸਿੰਘ ਨੇ ਪਟਵਾਰੀ ਦੀ ਗੱਲ ਵੱਲ ਧਿਆਨ ਹੀ ਨਾ ਦਿੱਤਾ। ਉਸੇ ਤਰ੍ਹਾਂ ਜ਼ਮੀਨ ਤੇ ਬੈਠਾ ਆਪਣੀਆਂ ਉਂਗਲਾਂ ਨਾਲ ਕੁਝ ਲਿਖਦਾ ਰਿਹਾ। ਤਾਏ ਨੇ ਉਹਦੇ ਲਿਖੇ ਹੋਏ ਲਫਜ਼ ਪੜ੍ਹੇ।

ਗੱਡੀ ਆਈ ਏ ਖੁਦਾਈ ਵਾਲੀ,<br>
ਉੱਠ ਵਿਦਿਆ ਕਰ ਬਾਲੋ, ਸਾਡੀ ਰਾਤ ਜੁਦਾਈ ਵਾਲੀ।''

ਪਟਵਾਰੀ ਚਲਾ ਗਿਆ ਤਾਂ ਦਿਲਗੀਰ ਸਿੰਘ ਉੱਠ ਕੇ ਤਾਏ ਕੋਲ ਆ ਗਿਆ। ਹੁਣ ਉਹ ਦੋਵੇਂ ਇਕ ਦੂਜੇ ਨੂੰ ਵੇਖ ਰਹੇ ਸਨ। ਦੋਵਾਂ ਦੀਆਂ ਅੱਖਾਂ ਵਿਚ ਬਥੇਰਾ ਕੁਝ ਸੀ। ਪਰ ਉਹ ਨਫ਼ਰਤ ਨਹੀਂ ਸੀ, ਜੀਹਦੇ ਤੂਫ਼ਾਨ ਖੜ੍ਹੇ ਕੀਤੇ ਗਏ ਸਨ। ਓਸੇ ਨਫ਼ਰਤ ਨੇ ਉਹਨਾਂ ਦੋਵਾਂ ਨੂੰ ਉਜਾੜ ਛੱਡਿਆ ਸੀ। ਬੜੀ ਹੈਰਾਨੀ ਨਾਲ ਉਹ ਇੱਕ ਦੂਜੇ ਕੋਲੋਂ ਅੱਖਾਂ ਦੀ ਜ਼ੁਬਾਨੀ ਪੁੱਛ ਰਹੇ ਸਨ। 'ਕਿਵੇਂ, ਕਿੰਝ, ਕਿਹਦੀ ਕਰਨੀ? ਉਹ ਦੋਵੇਂ ਇੱਕ ਹੁਸ਼ਿਆਰਪੁਰ ਦਾ, ਇੱਕ ਸ਼ੇਖ਼ੂਪੁਰੇ ਦਾ। ਇੱਕ ਦੂਜੇ ਦੇ ਸਾਹਮਣੇ ਆਣ ਖਲੋਤੇ। ਵੇਲੇ ਨੇ ਕੀ ਕੀਤਾ? ਸ਼ਾਇਦ ਈ ਦੁਨੀਆਂ ਵਿਚ ਕਦੇ ਇਸ ਤਰ੍ਹਾਂ ਦੀ ਹੋਈ ਹੋਵੇ। ਉਹਨਾਂ ਦੀ ਚੁੱਪ ਦੇ ਅਰਥ ਬੇਹਿਸਾਬ ਸਨ, ਪਰ ਐਨੇ ਲਫਜ਼ ਕਿੱਥੋਂ ਆਉਂਦੇ।ਖ਼ੀਰ ਉਹਨਾਂ ਵਿਚੋਂ ਇੱਕ ਬੋਲਿਆ, "ਜਿਹਦਾ ਨਾਂ ਦਿਲਗੀਰ ਸਿਆਂ ਸੀ। ਤੈਨੂੰ ਏਥੇ ਛੇ ਕਿੱਲੇ ਮਿਲੇ ਹੋਏ ਨੇ। ਹੈ ਨਾ। ਉਂਝ ਇਹ ਸਾਰਾ ਮੁਰੱਬਾ ਈ ਮੇਰਾ ਏ। ਨਾਲ ਵਾਲਾ ਵੀ ਮੇਰਾ ਏ। ਸਾਰੇ ਪਿੰਡ ਵਿਚ ਇਹ ਦੋ ਮੁਰੱਬੇ ਇੱਕ ਨੰਬਰ ਨੇ। ਮੈਂ ਆਪ ਕਮਾਏ ਨੇ, ਮੈਂ ਨਿੱਕਾ ਜਿਹਾ ਹੁੰਦਾ ਸਾਂ ਜਦੋਂ ਆਪਣੇ ਮਾਂ ਅਤੇ ਬਾਪੂ ਨਾਲ ਏਥੇ ਆਇਆ। ਇਹ ਜ਼ਮੀਨਾਂ ਉਜਾੜ ਸਨ, ਅਸਾਂ ਆਬਾਦ ਕੀਤੀਆਂ। ਇਹ ਸਾਰੀ ਮਿੱਟੀ ਮੈਂ ਆਪ ਕਮਾਈ ਏ। ਮੈਂ।'' ਉਹਨੇ ਬਾਹਾਂ ਖਿਲਾਰ ਕੇ ਜਿਵੇਂ ਸਾਰੀ ਧਰਤੀ ਨੂੰ ਆਪਣੇ ਕਲਾਵੇ ਵਿਚ ਲੈਣਾ ਚਾਹਿਆ। ਫਿਰ ਦੋਵੇਂ ਮੁੱਠੀ ਭਰ ਕੇ ਮਿੱਟੀ ਉਹਨੇ ਆਪਣੇ ਖੁੱਲੇ ਗਲਮੇਂ ਅੰਦਰ ਸਾਰੇ ਪਿੰਡੇ ਉੱਤੇ ਧੂੜ ਲਈ। ਮਿੱਟੀ ਭਰੇ ਹੱਥ ਉਹਨੇ ਆਪਣੇ ਵਾਲਾਂ ਨਾਲ ਸਾਫ਼ ਕਰ ਲਏ।

"ਇਹ ਸਾਰੀ ਫਸਲ'' ਉਹਨੇ ਗੰਨੇ ਅਤੇ ਕਪਾਹ ਨਾਲ ਭਰੇ ਖੇਤਾਂ ਵੱਲ ਇਸ਼ਾਰਾ ਕੀਤਾ "ਇਹ ਸਭ ਮੇਰੇ ਹੱਥਾਂ ਦੀ ਬੀਜੀ ਹੋਈ ਏ।'' ਦੂਜੇ ਪਾਸੇ ਮੂੰਜੀ ਦੀਆਂ ਪੈਲੀਆਂ, ਬਾਸਮਤੀ ਦੇ ਖ਼ੁਸ਼ਬੂਦਾਰ ਗੁੱਛਿਆਂ ਨਾਲ ਲੱਦੀਆਂ ਖੜ੍ਹੀਆਂ ਸਨ। ਮੂੰਜੀ ਦੀ ਫਸਲ ਹਾਲੀਂ ਗਿੱਠ-ਗਿੱਠ ਉੱਚੀ ਹੋਈ ਹੋਣੀ ਏ। ਬਰਸਾਤ ਦੀਆਂ ਫੁਹਾਰਾਂ ਵਿਚ ਨਹਾ ਕੇ ਉਹਨਾਂ ਦੀ ਖ਼ੂਬਸੂਰਤ ਹਰਿਆਲੀ ਨਿਖਰ ਰਹੀ ਸੀ। ਅਚਨਚੇਤੀ ਲਹੂ ਵਰ੍ਹਨ ਲੱਗਾ। ਆਂਧੀਆਂ ਗ਼ਮ ਕੀ ਐਸੀ ਚਲੀ....... ਉਹ ਗ਼ਮ ਦੀ ਦੁਨੀਆਂ ਵਿਚ ਗਵਾਚਣ ਲੱਗਾ ਸੀ ਕਿ ਤਾਏ ਨੇ ਸਵਾਲ ਕਰ ਦਿੱਤਾ "ਕੀ ਏਥੇ ਵੀ ਉਸੇ ਤਰ੍ਹਾਂ ਵੱਢ ਟੁੱਕ ਹੋਈ?'' ਤਾਏ ਨੇ ਆਪਣੀ ਵੱਢੀ ਹੋਈ ਬਾਂਹ ਤੇ ਹੱਥ ਰੱਖਿਆ।

"ਹਾਂ, ਬੇਲੀਆ ਏਥੇ ਵੀ ਸਭ ਕੁਝ ਹੋਇਆ। ਕਹਿਰ ਦੀ ਹਨ੍ਹੇਰੀ ਝੁੱਲ ਗਈ, ਸਭ ਕੁਝ ਉੱਡ-ਪੁੱਡ ਗਿਆ। ਮੇਰੇ ਦੋ ਭਰਾ ਸਨ, ਜਵਾਨ ਭੈਣ ਤੇ ਭਰਜਾਈ, ਹੋਰ ਮੇਰਾ..... ਦਿਲਗੀਰ ਦੀ ਆਵਾਜ਼ ਬੈਠ ਗਈ। ਗਲ ਵਿਚ ਬੇਹਿਸਾਬ ਹਉਕੇ ਫਸ ਗਏ ਸਨ। ਉਹਨੇ ਕੌੜੇ ਅੱਥਰੂ ਘੁੱਟ ਭਰਕੇ ਪੀਤੇ। ਫਿਰ ਘੁੰਮ ਕੇ ਦੂਜੇ ਪਾਸੇ ਮੂੰਹ ਕਰਕੇ ਆਪ ਆਪਣੀਆਂ ਅੱਖਾਂ ਪੂੰਝ ਲਈਆਂ। 'ਉਹ ਵੇਖ' ਉਹਨੇ ਇੱਕ ਉੱਚੀ ਜਿਹੀ ਥਾਂ ਵੱਲ ਇਸ਼ਾਰਾ ਕੀਤਾ। ਉਸ ਥਾਂ ਕਈ ਨਿੱਕੀਆਂ-ਨਿੱਕੀਆਂ ਟਾਹਲੀਆਂ ਬੀਜੀਆਂ ਗਈਆਂ ਸਨ। "ਮੇਰੇ ਟੱਬਰ ਦੇ ਜੀਅ ਓਥੇ ਹੀ ਦੱਬੇ ਗਏ ਨੇ। ਮੈਂ ਉਹਨਾਂ ਦੇ ਹੱਡ ਅੱਗ ਦੇ ਹਵਾਲੇ ਨਹੀਂ ਕਰ ਸਕਿਆ। ਏਥੇ ਮਿੱਟੀ ਵਿਚ ਲੁਕੋ ਦਿੱਤੇ ਨੇ। ਹੁਣ ਮੈਂ ਆਪ ਵੀ ਏਥੇ ਹੀ ਆਂ। ਆਪਣੇ ਖੇਤ ਵਿਚ ਪਨਾਹਗੀਰ ਹੋਇਆ ਬੈਠਾ ਹਾਂ। ਮੇਰਾ ਕੋਈ ਨਹੀਂ। ਤੇਰੇ ਵਾਂਗ ਉਹਨਾਂ ਨੂੰ ਵੀ ਕਿਸ ਹੋਰ ਦੀ ਜ਼ਮੀਨ ਤੇ, "ਗੁਜ਼ਾਰਾ ਯੂਨਿਟ'' ਮਿਲ ਗਿਆ ਹੋਵੇ। ਥੋੜ੍ਹੇ ਬਹੁਤੇ ਰਿਸ਼ਤੇਦਾਰ ਖਬਰੇ ਕਾਫਲਿਆਂ ਨਾਲ ਰਲਕੇ ਹਿੰਦੁਸਤਾਨ ਚਲੇ ਗਏ ਹੋਣਗੇ।''

ਪਤਾ ਨਹੀਂ ਕਿਹੜੇ ਵੇਲੇ ਤਾਏ ਨੇ ਦਿਲਗੀਰ ਸਿੰਘ ਦੀ ਬਾਂਹ ਫੜ ਲਈ। ਦੁੱਖ ਸੁੱਖ ਦੀਆਂ ਗੱਲਾਂ ਟੁਰ ਪਈਆਂ। ਉਹ ਦੋਵੇਂ ਕਿਸਾਨ ਸਨ। ਗੱਲਾਂ ਕਰਦੇ-ਕਰਦੇ ਉਹਨਾਂ ਦੇ ਹੱਥ ਕਪਾਹ ਦੀਆਂ ਫੁੱਟੀਆਂ ਚੁਗਣ ਲੱਗ ਪਏ। ਖਿੜ-ਖਿੜ ਹੱਸਦੀ ਕਪਾਹ ਕਿਸੇ ਚੁਗਣ ਵਾਲੇ ਹੱਥਾਂ ਦਾ ਇੰਤਜ਼ਾਰ ਕਰਦੀ ਉਦਾਸ ਜਿਹੀ ਹੋ ਗਈ ਸੀ। ਫੁੱਟੀ ਚੁਗਦਾ ਦਿਲਗੀਰ ਗੱਲਾਂ ਕਰੀ ਗਿਆ।

"ਮੇਰੀ ਕਪਾਹ ਵਰਗਾ ਫੁੱਲ ਇੱਥੇ ਕਿਸੇ ਖੇਤ ਵਿਚ ਨਹੀਂ ਖਿੜਦਾ। ਮੇਰੇ ਗੰਨਿਆਂ ਜਿੱਡੇ ਉੱਚੇ ਗੰਨੇ ਕਿਸੇ ਵੀ ਕਮਾਦੀ ਵਿਚ ਨਹੀਂ ਉਗਦੇ। ਮੇਰੇ ਚੌਲਾਂ ਦੀ ਖੁਸ਼ਬੂ ਰਾਵੀਓਂ ਪਾਰ ਜਾਂਦੀ ਏ। ਜਦ ਵੀ ਕਿਸੇ ਘਰ ਪ੍ਰਾਹੁਣਾ ਆਉਂਦਾ ਹੈ।''

ਇੱਕ ਪਲ ਵਾਸਤੇ ਵੇਲੇ ਦੇ ਪਰਿੰਦੇ ਨੂੰ ਉਡਾਣ ਭਰੀ, ਮੇਰੇ ਚੌਲ, ਮੇਰੇ ਖੇਤ, ਮੇਰਾ ਘਰ.... ਫੇਰ ਪੰਛੀ ਮੁੜ ਗਿਆ। ਉਹਦੇ ਖੰਭ ਕੱਟੇ ਗਏ ਸਨ। ਦਿਲਗੀਰ ਉਦਾਸ ਹੋ ਗਿਆ। ਇੱਕ ਭੋਲਾ ਕਿਸਾਨ ਲੁੱਟਿਆ, ਉਜੜਿਆ, ਜਖ਼ਮੀ, ਇੱਕ ਦਿਹਾਤੀ ਬੰਦਾ, ਸਿਆਸਤ ਵਾਲਿਆਂ ਦਾ ਸ਼ਿਕਾਰ, ਮਜ਼ਹਬ ਵਾਲਿਆਂ ਦਾ ਸ਼ਿਕਾਰ। ਚੁੱਪ ਦੇ ਦੋ ਪਲ ਲੰਘ ਗਏ। "ਚੰਗਾ ਹੋਇਆ ਚੌਧਰੀ ਤੂੰ ਏਥੇ ਆ ਗਿਆਂ ਏਂ।'' ਉਹ ਬੜੇ ਰਸਾਣ ਨਾਲ ਬੋਲਿਆ, "ਇਹ ਜ਼ਮੀਨ ਸੋਨਾ ਏ। ਤੂੰ ਸਾਰਾ ਮੁਰੱਬਾ ਆਪਣੇ ਨਾਂ ਪਵਾ ਲਈਂ। ਮੇਰੀ ਥਾਂ ਤੂੰ ਹਲ ਵਾਹੀਂ। ਪਰ ਵੇਖੀਂ ਓਸ ਥਾਂ ਦਾ ਧਿਆਨ ਰੱਖੀਂ। ਜਿੱਥੇ ਮੈਂ ਨਵੀਆਂ ਟਾਹਲੀਆਂ ਲਾਈਆਂ ਨੇ, ਉਹਨਾਂ ਥੱਲੇ ਮੇਰੀ ਅਮਾਨਤ ਏ।''

ਫਿਰ ਉਹਨੇ ਤਾਏ ਦਾ ਹੱਥ ਫੜ ਲਿਆ "ਮੈਂ ਵੀ ਪਨਾਹੀਂ, ਤੂੰ ਵੀ ਪਨਾਹੀਂ। ਸਾਡੇ ਵਿਚ ਫ਼ਰਕ ਕੀ ਏ? ਪਰ ਅੱਜ ਸਾਡੀ ਦੋਹਾਂ ਦੀ ਸੱਜਣੀ ਰੁੱਸ ਗਈ ਏ। ਅਸੀਂ ਬੇਠਿਕਾਣੇ ਹੋ ਗਏ ਐਂ।'' ਉਹ ਦੋਵੇਂ ਧਰਤੀ ਦੇ ਪੁੱਤਰ ਬੈਠੇ ਰੋਂਦੇ ਰਹੇ।

ਤਾਏ ਨੇ ਰੋਟੀ ਲੱਸੀ ਖ਼ਾਤਰ ਦਿਲਗੀਰ ਨੂੰ ਆਖਿਆ, ਪਰ ਉਹ ਮੰਨਿਆ ਨਹੀਂ। "ਓਥੇ ਪਿੰਡ ਵਿਚ ਹੁਣ ਮੇਰਾ ਕੀ ਏ। ਮੁੜ ਕਦੇ ਆਖੀਂ ਵੀ ਨਾ। ਨਹੀਂ ਤਾਂ ਮੇਰਾ ਸਾਹ ਨਿਕਲ ਜਾਊ।'' ਫਿਰ ਉਹ ਗੀਤ ਜੋੜ ਕੇ ਲਿਖਣ ਲੱਗ ਪਿਆ

"ਸੁਫਨਿਆਂ ਦੇ ਹਵਾਲੇ, ਸੁਫਨਿਆਂ ਦੇ ਹਵਾਲੇ<br>
ਮੇਰਾ ਪਿੰਡ, ਮੇਰਾ ਦਿਲ, ਸਾਡੀ ਰਾਤ ਜੁਦਾਈ ਵਾਲੀ<br>
ਵਿਦਿਆ ਕਰ ਬਾਲੋ।''

ਕਈ ਦਿਨ ਇਸੇ ਤਰ੍ਹਾਂ ਗੱਲਾਂ ਹੋਈਆਂ। ਹੁਣ ਉਹਨਾਂ ਦੀ ਦੋਸਤੀ ਜਨਮ-ਜਨਮ ਪੱਕੀ ਸੀ। ਦਿਲ ਦੀ ਧਰਤੀ ਵਿਚ, ਦਰਦਾਂ ਦੀ ਸਾਂਝ ਨੇ ਜੜ੍ਹ ਫੜ ਲਈ ਸੀ ਨਾ। ਕਿੰਨੇ ਹੀ ਦਿਨ ਤਾਏ ਨੇ ਰੋਟੀ ਲੱਸੀ ਲਿਆ ਕੇ ਦਿਲਗੀਰ ਨੂੰ ਖਵਾਇਆ ਪਿਆਇਆ। ਉਹ ਤਾਂ ਜਿਵੇਂ ਕਾਮਾ ਈ ਬਣ ਗਿਆ ਸੀ। ਸਾਰਾ ਦਿਨ ਖੇਤਾਂ ਉੱਤੇ ਕੰਮ ਕਰੀ ਜਾਂਦਾ। ਕਪਾਹ ਦੀ ਫੁੱਟੀ-ਫੁੱਟੀ ਚੁਗ ਕੇ ਢੇਰੀਆਂ ਲਾਉਂਦਾ।੧ਓਬਜ਼ੀ ਨੂੰ ਗੋਡੀ ਦਿੰਦਾ। ਨਰਮ-ਨਰਮ, ਤੋਰੀਆਂ ਘੀਏ ਤੋੜ ਕੇ ਰੱਖ ਲੈਂਦਾ। ਪਾਣੀ ਦੀਆਂ ਆਡਾਂ, ਖਾਲੇ ਠੀਕ ਕਰਦਾ। ਜਦੋਂ ਥੱਕ ਜਾਂਦਾ ਤਾਂ ਉਹ ਆਪਣਾ ਠੀਕਰੀ ਦਾ ਕਲਮ ਫੜ ਕੇ ਜ਼ਮੀਨ ਤੇ ਲਿਖਣ ਲੱਗ ਪੈਂਦਾ। ਨਾਲ ਨਾਲ ਗਾਉਂਦਾ।ੂਬਦੇ ਸੂਰਜ ਨੂੰ ਵੇਖਦਾ ਰਹਿੰਦਾ। ਫਿਰ ਜਦੋਂ ਰਾਤ ਪੈ ਜਾਂਦੀ, ਤਾਂ ਉਥੇ ਹੀ ਪੈ ਕੇ ਸੌਂ ਜਾਂਦਾ। ਖੇਤ ਦੇ ਇੱਕ ਪਾਸੇ ਬੰਨੇ ਨਾਲ, ਪੁਰਾਣੀ ਟਾਹਲੀ ਥੱਲੇ, ਉਹਨੇ ਥਾਂ ਨੀਵੀਂ ਕਰਕੇ ਪਰਾਲੀ ਵਿਛਾਈ ਹੋਈ ਸੀ। ਉਹੋ ਉਹਦਾ ਬਿਸਤਰਾ ਸੀ, ਉਹੋ ਰਜਾਈ ਇਸ ਤਰ੍ਹਾਂ ਦੇ ਹਾਲਾਤ ਵਿਚ ਉਹ ਇੰਝ ਰਹਿੰਦਾ ਪਿਆ ਸੀ, ਜਿਵੇਂ ਜਨਮ ਜਨਮ ਤੋਂ ਇਸੇ ਤਰ੍ਹਾਂ ਰਹਿੰਦਾ ਪਿਆ ਹੋਵੇ। ਜਿਵੇਂ ਜਨਮ ਤੋਂ ਬੇ-ਘਰਾਂ, ਬੇ-ਵਤਨਾ ਹੋਵੇ। ਉਹ ਸਿੱਖ ਸੀ, ਪਰ ਮਜ਼ਹਬ ਉਹਦਾ ਮਾਮਲਾ ਨਹੀਂ ਸੀ। ਉਹ ਤਾਂ ਆਪਣੀ ਪਿਆਰ ਦੀ ਧਰਤੀ ਨਾਲ ਬੰਨਿਆ ਹੋਇਆ ਸੀ। ਇਸੇ ਤਰ੍ਹਾਂ ਤਾਇਆ ਵੀ ਸੀ। ਫਿਰ ਵੀ ਤਾਏ ਨੇ ਉਹਨੂੰ ਮਸ਼ਵਰਾ ਦਿੱਤਾ। ਉਹ ਕੇਸ ਕਟਾ ਕੇ, ਨਾਂ ਬਦਲ ਕੇ ਇੱਥੇ ਹੀ ਰਹੇ ਆਰਾਮ ਨਾਲ। "ਨਹੀਂ'' ਉਹਨੇ ਜਵਾਬ ਦਿੱਤਾ। "ਇਹ ਤਾਂ ਦੂਜੀ ਵਾਰੀ ਜਨਮ ਲੈਣ ਦੇ ਬਰਾਬਰ ਦੀ ਗੱਲ ਹੋਈ। ਦੂਜੀ ਵਾਰੀ ਜਨਮ ਹੁੰਦਾ ਏ, ਪਰ ਬੰਦੇ ਦੀ ਮਰਜ਼ੀ ਨਾਲ ਨਹੀਂ। ਇਸ ਤਰ੍ਹਾਂ ਤਾਂ ਨਾਂ ਦੇ ਨਾਲ ਮੈਨੂੰ ਮਾਂ ਵੀ ਬਦਲਣੀ ਪਵੇਗੀ, ਇੰਝ ਵੀ ਕਦੇ ਹੋਇਆ। ਇੱਕ ਆਦਮੀ ਦੀਆਂ ਦੋ-ਦੋ ਮਾਵਾਂ ਹੋਣ। ਜਾਨਵਰ ਦੀਆਂ ਵੀ ਦੋ ਨਹੀਂ ਹੁੰਦੀਆਂ।''

ਪਰ ਤਾਏ ਦੀਆਂ ਫ਼ਿਕਰਾਂ ਕੁਝ ਹੋਰ ਸਨ। ਲੋਕਾਂ ਨੇ ਇਤਰਾਜ਼ ਕਰਨੇ ਸ਼ੁਰੂ ਕਰ ਦਿੱਤੇ ਸਨ। ਸਿੱਖ ਇੱਥੇ ਕਿਉਂ ਰਹਿੰਦਾ ਏ? ਉਹਨੂੰ ਜਾਣਾ ਚਾਹੀਦਾ ਏ।'' ਸੱਚੀ ਗੱਲ ਤਾਂ ਇਹ ਏ ਪਈ ਤਾਇਆ ਦਿਲੋਂ ਨਹੀਂ ਸੀ ਚਾਹੁੰਦਾ ਕਿ ਦਿਲਗੀਰ ਜਾਵੇ। ਉਹ ਪਿੱਛੇ ਪੰਜ ਭਰਾ ਮਰਵਾ ਕੇ ਆਇਆ ਸੀ। ਉਹਦਾ ਦਿਲ ਕਰਦਾ ਸੀ ਦਿਲਗੀਰ ਦੀ ਜੂਨ ਉਹਨਾਂ ਵਿਚੋਂ ਕਿਸੇ ਇੱਕ ਵਰਗੀ ਹੋ ਜਾਵੇ। ਉਹਨੂੰ ਦੂਜੀ ਬਾਂਹ ਮਿਲ ਜਾਵੇ। ਉਹਨੂੰ ਚੰਗਾ ਵੀ ਲੱਗਾ ਸੀ।

ਇੱਕ ਦਿਨ ਦੁਪਹਿਰਾਂ ਵੇਲੇ ਲੱਸੀ ਦਾ ਛੰਨਾ ਖਾਲੀ ਕਰਕੇ ਉਹਨੇ ਤਾਏ ਕੋਲੋਂ ਪੁੱਛਿਆ, "ਸੱਚ ਦੱਸੀਂ ਚੌਧਰੀ, ਇਹ ਕਿਹੜੀ ਮੱਝ ਦੀ ਲੱਸੀ ਏ?''

"ਬੂਰੀ ਦੀ'' ਤਾਏ ਨੇ ਦੱਸਿਆ।

"ਬੂਰੀ ਪੰਜ ਕਲਿਆਣੀ ਦੀ?''

"ਆਹੋ''

"ਉਹਦੀ ਇੱਕ ਅੱਖ ਬਲੌਰੀ ਏ?''

"ਆਹੋ''

"ਉਹਦੇ ਮੱਥੇ ਫੁੱਲ ਏ?''

"ਆਹੋ, ਪਰ ਤੂੰ ਕਾਹਦੇ ਲਈ ਪੁੱਛੀ ਜਾਨਾ ਏ?''

"ਸਹੁੰ ਰੱਬ ਦੀ ਚੌਧਰੀ, ਇਹ ਆਪਣੀ ਮੱਝ ਏ। ਮੇਰੀ ਭਾਬੋ ਦੇ ਦਾਜ ਵਿਚ, ਝਾਂਜਰਾਂ ਪਾ ਕੇ ਆਈ ਸੀ। ਬੜੀ ਨਰੋਈ ਲੱਸੀ ਏ ਇਹਦੀ।''

ਫਿਰ ਉਹਨੇ ਆਪਣੇ ਦਿਲ ਦੀ ਗੱਲ ਦੱਸੀ, ਸਗੋਂ ਫਰਮਾਇਸ਼ ਕੀਤੀ।

"ਚੌਧਰੀ ਬੂਰੀ ਦੀ ਖਿਦਮਤ ਕੀਤੀ ਨੂੰ ਬਹੁਤ ਦਿਨ ਹੋ ਗਏ ਨੇ। ਕਿਸੇ ਦਿਨ ਮੁਰੱਬੇ ਲਿਆ ਨਾ। ਮੈਂ ਉਸੇ ਤਰ੍ਹਾਂ ਮਲ-ਮਲ ਕੇ ਨੁਹਾਵਾਂਗਾ ਉਹਨੂੰ। ਤਾਏ ਨੇ ਫਰਮਾਇਸ਼ ਪੂਰੀ ਕਰ ਦਿੱਤੀ ਤਾਂ ਅਜਬ ਤਮਾਸ਼ਾ ਲੱਗਾ। ਬੂਰੀ ਦੂਰੋਂ ਅੜਿੰਗਣ ਲੱਗ ਪਈ। ਉਹਨੂੰ ਦਿਲਗੀਰ ਦੀ ਖੁਸ਼ਬੂ ਆ ਗਈ ਸੀ। ਦਿਲਗੀਰ ਨੇ ਮੱਝ ਦੀ ਆਵਾਜ਼ ਸੁਣੀ ਤਾਂ ਪਾਗਲਾਂ ਵਾਂਗ ਨੱਸਿਆ। ਉਹਦੇ ਗਲ ਵਿਚ ਬਾਹਾਂ ਪਾ ਕੇ ਸਿਰ ਮੱਥਾ ਚੁੰਮਿਆ। ਇੰਝ ਜਿਵੇਂ ਉਹਦਾ ਕੋਈ ਭੈਣ-ਭਰਾ ਮਿਲ ਗਿਆ ਹੋਵੇ। ਦੋਵੇਂ ਰੋਣ ਲੱਗ ਪਏ। ਤਾਇਆ ਵੀ ਦਿਲਗੀਰ ਨੂੰ, ਧਾਹਾਂ ਮਾਰ ਕੇ ਰੋਏ ਤਾਂ ਬੂਰੀ ਉਹਨਾਂ ਦੋਹਾਂ ਦੇ ਸਿਰ ਮੂੰਹ ਚੱਟ ਕੇ ਤਸੱਲੀ ਦਿੰਦੀ ਰਹੀ। ਓਸ ਦਿਨ ਦਿਲਗੀਰ ਨੇ ਬੜੇ ਚਾਅ ਨਾਲ ਬੂਰੀ ਨੂੰ ਨਹਾਇਆ। ਮਲ-ਮਲ ਕੇ ਮੈਲ ਲਾਹੁੰਦਾ, ਉਹਦੇ ਨਾਲ ਗੱਲਾਂ ਵੀ ਕਰਦਾ ਰਿਹਾ। ਬੂਰੀ ਦਾ ਪਿੰਡਾ ਲਿਸ਼ਕਣ ਲੱਗ ਪਿਆ ਤਾਂ ਦਿਲਗੀਰ ਨੂੰ ਇੰਝ ਤਸੱਲੀ ਹੋਈ ਜਿਵੇਂ ਮਾਂ ਨੂੰ ਆਪਣਾ ਬਾਲ ਸਾਫ-ਸੁਥਰਾ ਕਰਕੇ ਹੁੰਦੀ ਏ।

ਫਿਰ ਉਹਨੇ ਪੁਰਾਣੀਆਂ ਗੱਲਾਂ ਯਾਦ ਕੀਤੀਆਂ। ਉਹ ਦਿਨ ਜਦੋਂ ਬੂਰੀ ਉਹਨਾਂ ਦੇ ਘਰ ਆਈ ਸੀ। ਭਾਬੀ ਦੀ ਡੋਲੀ ਦੇ ਮਗਰ-ਮਗਰ ਸੱਜੀ, ਸ਼ਿੰਗਾਰੀ ਹੋਈ। ਸਿਰ ਤੇ ਸੁੱਚੇ ਰੇਸ਼ਮ ਦਾ ਫੁੰਮਣਾਂ ਵਾਲਾ ਸਿਹਰਾ, ਪੈਰੀਂ ਚਾਂਦੀ ਦੀਆਂ ਝਾਂਜਰਾਂ, ਗਲ ਵਿਚ ਲਾਲ ਪੀਲੇ ਰੰਗ ਦਾ ਅੱਟਾ। ਲੋਕੀ ਖੜ੍ਹੇ ਹੋ ਕੇ ਵੇਖਦੇ ਸਨ। ਕੇਹੀ ਮੱਝ ਦਿੱਤੀ ਏ ਦਾਜ ਵਿਚ।

ਫਿਰ ਉਹਨੇ ਬੜੀ ਮਾਅਰਫਤ ਵਾਲੀ ਗੱਲ ਕੀਤੀ। ਕਹਿਣ ਲੱਗਾ, "ਇਹ ਮੱਝ ਸਿੱਖਾਂ ਦੀ ਮੱਝ ਸੀ, ਹੁਣ ਮੁਸਲਮਾਨਾਂ ਦੀ ਹੋ ਗਈ ਏ। ਇਹ ਲੱਸੀ ਦਾ ਸਵਾਦ ਉਹੋ ਹੀ ਹੈ। ਇਹਨੇ ਤਾਂ ਆਪਣਾ ਮਜ਼ਹਬ ਨਹੀਂ ਬਦਲਿਆ। ਬੂਰੀ ਤਾਂ ਬੂਰੀ ਏ। ਉਹਨੂੰ ਜੋ ਵੀ ਆਪਣੇ ਕਿੱਲੇ ਨਾਲ ਬੰਨ੍ਹ ਲਵੇ।

ਤਾਇਆ ਆਪ ਵੀ ਇਸੇ ਤਰ੍ਹਾਂ ਸੋਚਦਾ ਸੀ ਪਰ ਦਿਲਗੀਰ ਨੂੰ ਦੱਸ ਨਹੀਂ ਸਕਿਆ। ਬੰਦੇ ਨੇ ਬੰਦੇ ਨੂੰ ਕਿਸ ਤਰ੍ਹਾਂ ਦਾ ਜਨੌਰ ਬਣਾ ਛੱਡਿਆ ਏ। ਕਦੇ ਕਿੱਲੇ ਬੰਨ੍ਹ ਦਿੰਦਾ ਏ, ਕਦੇ ਪਰਾਂ ਹਿੱਕ ਦਿੰਦਾ ਏ।

ਦਿਲਗੀਰ ਦਾ ਦਿਲ ਹਰ ਵੇਲੇ ਦਲੀਲਾਂ ਵਿਚ ਪਿਆ ਰਹਿੰਦਾ। ਅੱਜ ਭਾਵੇਂ ਉਹ ਜਨੌਰ ਦੀ ਜੂਨੇ ਜੀ ਰਿਹਾ ਸੀ। ਇਨਸਾਨਾਂ ਦੀ ਦੁਨੀਆਂ ਵਿਚ ਉਹਦੀ ਕੋਈ ਥਾਂ ਨਹੀਂ ਸੀ ਰਹੀ। ਉਹ ਥਾਂ ਮੰਗਣ ਲਈ ਉਹਨੂੰ ਗਰੰਥ ਸਿਰ ਤੇ ਚੁੱਕ ਕੇ ਬਾਰਡਰ ਪਾਰ ਕਰਨਾ ਪੈਂਦਾ ਸੀ, ਪਰ ਜੇ ਉਹ 'ਸ਼ਾਰਟ-ਕੱਟ' ਕਰਦਾ ਤਾਂ ਰਾਵੀ ਦੇ ਪਾਣੀ ਪਾਰ ਕਰਦੇ ਈ ਦੂਜੇ ਕੰਢੇ ਉਹਨੂੰ ਜ਼ਿੰਦਗੀ ਦਾ ਪ੍ਰਵਾਨਾ ਮਿਲ ਜਾਂਦਾ। ਪਰ ਹਾਲੇਂ ਉਹ ਦਿਲ ਦੀ ਲੜਾਈ ਲੜੀ ਜਾ ਰਿਹਾ ਸੀ। ਜਿੰਨੇ ਦਿਨ ਵੀ ਆਪਣੀ ਧਰਤੀ, ਆਪਣਾ ਪਿੰਡ ਇੱਕ-ਮੁੱਕ ਰਵੇ, ਓਨੇ ਦਿਨ ਆਪਣੇ। ਹੁਣ ਤਾਏ ਦੇ ਆਵਣ ਨਾਲ ਉਹਦੇ ਵਜੂਦ ਦਾ ਉਖੜਿਆ ਬੂਟਾ ਮੁੜ ਜੀਵਨ ਧਰਤੀ ਵਿਚ ਆਪਣੀ ਥਾਂ ਬਨਾਵਣ ਲੱਗ ਪਿਆ ਸੀ। ਤਾਏ ਦੇ ਨਿਆਣੇ ਵੇਖਦਾ ਤਾਂ ਉਹਦੇ ਵਿਚ ਨਹੀਂ ਜਾਨ ਪੈ ਜਾਂਦੀ। ਦੋਵਾਂ ਨੂੰ ਆਪਣੇ ਮੋਢਿਆਂ ਤੇ ਬਿਠਾ ਕੇ ਉਹ ਊਠ ਵਾਂਗ ਖੇਤਾਂ ਵਿਚ ਨੱਸਿਆ ਫਿਰਦਾ ਰਹਿੰਦਾ। ਮੈਨੂੰ ਚਾਚਾ ਕਹਿ ਕੇ ਹਾਕ ਮਾਰੋ। ਮੈਂ ਤੁਹਾਡੇ ਲਈ ਵਧੀਆ ਗੰਨੇ ਭੰਨ ਕੇ ਲਿਆਵਾਂਗਾ।'' ਫਿਰ ਉਹ ਗੰਨੇ ਛਾਂਟਣ ਕਮਾਦੀ ਵਿਚ ਉਤਰ ਜਾਂਦਾ। ਫਿਰ ਇੱਕ ਦਿਨ ਕੁਝ ਲੋਕੀ ਉਹਨੂੰ ਮਾਰਨ ਲਈ ਆਏ। ਉਹਨੇ ਗੰਨੇ ਮਾਰ-ਮਾਰ ਕੇ ਉਹਨਾਂ ਦੀਆਂ ਲਾਠੀਆਂ ਤਾਂ ਰਖਾ ਲਈਆਂ, ਪਰ ਉਦਾਸ ਬੜਾ ਹੋਇਆ। ਮੈਂ ਇਥੇ ਨਹੀਂ ਰਹਿ ਸਕਦਾ। ਇਸ ਗੱਲ ਦਾ ਯਕੀਨ ਉਹਨੂੰ ਹੋਣ ਲੱਗਾ ਸੀ। ਹੁਣ ਉਹ ਕਿਸੇ ਸ਼ੈਅ ਦਾ ਮਾਲਕ ਨਹੀਂ ਸੀ। ਫਿਰ ਵੀ ਕਿਸੇ ਕਾਂ ਚਿੜੀ ਵਾਂਗ ਆਪਣੀ ਟਾਹਲੀ ਤੇ ਰਹਿ ਕਿਉਂ ਨਹੀਂ ਸਕਦਾ? ਇਹ ਬੰਦਾ ਹੋਣਾ ਵੀ ਕੇਡਾ ਪਾਪ ਏ। ਆਹੋ ਬੰਦਾ ਹੋਣਾ। ਕਿਉਂ ਜੇ ਇੱਕ ਮਜ਼ਹਬ ਵਾਲੇ ਵੀ ਤਾਂ ਇੱਕ ਦੂਜੇ ਦੇ ਗਾਟੇ ਕੱਟ ਰਹੇ ਸਨ। ਉਹਨੇ ਅੱਖੀਂ ਵੇਖ ਲਿਆ ਸੀ।

ਇਸੇ ਕਰਕੇ ਇੱਕ ਦਿਨ ਤਾਏ ਨੂੰ ਦੱਸਿਆ ਕਿ ਪਟਵਾਰੀ ਦੀ ਨੀਅਤ ਠੀਕ ਨਹੀਂ ਲੱਗਦੀ। ਉਹ ਇਸ ਜ਼ਮੀਨ ਉੱਤੇ ਕਿਸੇ ਹੋਰ ਦਾ ਕਬਜ਼ਾ ਕਰਾਉਣਾ ਚਾਹੁੰਦਾ ਏ। ਵੱਢੀ ਖਾ ਲਈ ਹੋਣੀ ਏ। ਇੰਝ ਉਹ ਕਿਸੇ ਸਰਕਾਰੀ ਅਹਿਲਕਾਰ ਨੂੰ ਵੀ ਨਾਲ ਲਈ ਫਿਰਦਾ ਏ। ਇਸ ਮੁਰੱਬੇ ਉੱਤੇ ਸਰਕਾਰੀ ਅਹਿਲਕਾਰ ਦੀ ਵੀ ਨਜ਼ਰ ਲੱਗਦੀ ਏ। ਪਟਵਾਰੀ ਜ਼ਰੂਰ ਇਹ ਜ਼ਮੀਨ ਉਹਦੇ ਨਾਂ ਕਰ ਦੇਵੇਗਾ। ਤਾਏ ਨੂੰ ਬੇਵਸ ਪਨਾਹੀ ਸਮਝਕੇ ਕੋਈ ਹਲਕੀ ਜ਼ਮੀਨ ਦੇ ਦੇਵੇਗਾ। ਪਿੱਛੋਂ ਹੋਇਆ ਵੀ ਇਸੇ ਤਰ੍ਹਾਂ। ਪਰ ਇਸ ਤੋਂ ਪਹਿਲਾਂ ਜੋ ਹੋਇਆ, ਉਹ ਇਸ ਤਰ੍ਹਾਂ ਸੀ ਕਿ ਪਟਵਾਰੀ ਨੇ, ਦਿਲਗੀਰ ਸਿੰਘ ਨੂੰ ਆਪਣੇ ਘਰ ਸੱਦਿਆ, ਉਹ ਗਿਆ ਨਹੀਂ। ਫਿਰ ਆਪ ਆ ਕੇ ਉਹਨੇ ਧਮਕੀ ਦਿੱਤੀ ਪਈ ਇਹ ਮੁਰੱਬਾ ਛੱਡ ਕੇ ਆਪੇ ਚਲਾ ਜਾਵੇ ਨਹੀਂ ਤਾਂ .....

ਦਿਲਗੀਰ ਨੇ ਪਟਵਾਰੀ ਨੂੰ ਜੋ ਜਵਾਬ ਦਿੱਤਾ, ਉਹ ਬੱਸ ਐਨਾ ਕੁ ਹੀ ਸੀ। "ਜੇ ਮੈਂ ਜਾਣ ਵਾਲਾ ਹੁੰਦਾ ਤਾਂ ਓਸੇ ਦਿਨ ਚਲਾ ਗਿਆ ਹੁੰਦਾ। ਮੈਨੂੰ ਵੇਲੇ ਨੇ ਫੜ ਕੇ ਏਥੇ ਕੈਦ ਕੀਤਾ ਹੋਇਆ ਹੈ। ਜਿਸ ਦਿਨ ਛੱਡ ਦਿੱਤਾ। ਮੈਂ ਜਹਾਨ ਤੋਂ ਹੀ ਚਲਿਆ ਜਾਵਾਂਗਾ।'' ਦੋ ਚਾਰ ਦਿਨ ਚੁੱਪ ਕਰਕੇ ਲੰਘ ਗਏ। ਇੱਕ ਦਿਨ ਸਵੇਰ ਨੂੰ ਦਿਲਗੀਰ ਜਾਗਿਆ ਈ ਨਾ। ਆਪਣੀ ਆਦਤ ਦੇ ਵਿਰੁੱਧ ਉਹ ਦਿਨ ਚੜ੍ਹੇ ਤਾਈਂ ਪਰਾਲੀ ਵਿਚ ਹੀ ਪਿਆ ਰਿਹਾ। ਰੋਜ਼ ਤਾਂ ਉਹ ਤੜਕੇ ਉੱਠ ਕੇ ਕੰਮ ਕਰਨ ਲੱਗ ਜਾਂਦਾ ਸੀ। ਨਰਮ ਦੁਪਹਿਰੇ ਜਦੋਂ ਤਾਇਆ ਉਹਦੇ ਲਈ ਲੱਸੀ ਲੈ ਕੇ ਆਇਆ ਤਾਂ ਪਰਾਲੀ ਉਹਦੇ ਮੂੰਹ ਤੋਂ ਪਰ੍ਹਾ ਕੀਤੀ। ਉਹਦਾ ਪਿੰਡਾ ਠੰਢਾ ਸੀ। ਉਹਦੇ ਬੁੱਲ੍ਹ ਨੀਲੇ ਕੱਚ। ਉਹਦੀ ਪੁੜਪੁੜੀ ਉੱਤੇ ਗੁੰਮ ਜਿਹਾ ਜ਼ਖ਼ਮ ਸੀ। ਉਹਨੂੰ ਡੰਗ ਲਿਆ ਸੀ .... ਕਾਲੇ ਨਾਗ ਨੇ ... ਖਬਰੇ ਪਟਵਾਰੀ ਨੇ। ਕੋਈ ਵੀ ਨਹੀਂ ਜਾਣਦਾ। ਤਾਏ ਨੇ ਆਪਣੇ ਅੱਥਰੂਆਂ ਨਾਲ ਉਹਦਾ ਮੂੰਹ ਧੋਤਾ। ਫਿਰ ਟੋਇਆ ਕੱਢ ਕੇ ਦੱਬ ਦਿੱਤਾ। ਉਥੇ ਉਸੇ ਖੇਤ ਵਿਚ। ਫਿਰ ਉਹਦੀ ਕਬਰ ਤੇ ਇੱਕ ਨਵੀਂ ਟਾਹਲੀ ਲਾ ਦਿੱਤੀ। ਉਹ ਨਿਸ਼ਾਨੀ ਹੁਣ ਜਵਾਨ ਹੋ ਚੁੱਕੀ ਏ। ਤਾਏ ਨੇ ਮੈਨੂੰ ਸਾਰੀ ਕਹਾਣੀ ਸੁਣਾਉਂਦੇ ਹੋਏ ਦੱਸਿਆ ਸੀ। ਬੱਸ ਤਾਏ ਨੂੰ ਪਤਾ ਸੀ ਉਹ ਟਾਹਲੀ ਕਿਹੜੀ ਏ। ਉਹਨਾਂ ਟਾਲੀਆਂ ਦਾ ਵੀ ਕੇਵਲ ਤਾਏ ਨੂੰ ਹੀ ਪਤਾ ਸੀ, ਜੋ ਦਿਲਗੀਰ ਨੇ ਇਕ ਖ਼ਾਸ ਥਾਂ ਤੇ ਬੀਜੀਆਂ ਸਨ। ਤਾਏ ਨੇ ਉਹਨਾਂ ਦੀ ਚੰਗੀ ਤਰ੍ਹਾਂ ਦੇਖਭਾਲ ਕੀਤੀ। ਇਹਨਾਂ ਟਾਹਲੀਆਂ ਦੀ ਖਾਤਰ ਉਹਨੇ ਆਪਣੀ ਬਹੁਤੀ ਜ਼ਮੀਨ ਛੱਡ ਕੇ ਇਥੇ ਥੋੜ੍ਹੀ ਜ਼ਮੀਨ ਲੈਣੀ ਕਬੂਲ ਕੀਤੀ ਸੀ। ਇਸ ਗੱਲ ਦਾ ਮੈਨੂੰ ਹੀ ਪਤਾ ਸੀ। ਹੁਣ ਹੋਰ ਕਿਸੇ ਨੂੰ ਨਹੀਂ। ਹੁਣ ਸਾਰੀਆਂ ਟਾਹਲੀਆਂ ਜਵਾਨ ਹੋ ਚੁੱਕੀਆਂ। ਉਂਝ ਤੇ ਹੋਰ ਬਥੇਰੀਆਂ ਟਾਹਲੀਆਂ, ਜੋ ਏਸ ਜ਼ਮੀਨ ਵਿਚ ਥਾਂ-ਥਾਂ ਉੱਗੀਆਂ ਖੜ੍ਹੀਆਂ, ਮੇਰੇ ਤਾਏ ਦੇ ਦਿਲ ਵਿਚ ਜਿੱਥੇ ਸਨ, ਉਹਨਾਂ ਸਾਰੀਆਂ ਉੱਤੇ ਵੇਲੇ ਨੇ ਆਪਣੀਆਂ ਟਾਹਲੀਆਂ ਬੀਜ ਦਿੱਤੀਆਂ। ਇਹ ਗੱਲ ਵੀ ਤਾਏ ਆਪੇ ਹੀ ਕਹੀ ਸੀ, "ਵੇਲਾ ਆਪ ਵੀ ਟਾਹਲੀਆਂ ਬੀਜ ਦਿੰਦਾ ਏ।'' ਫਿਰ ਵੀ ਦੁੱਖਾਂ ਦੀਆਂ ਹੱਡੀਆਂ ਮਿੱਟੀ ਵਿਚ ਲੁਕੀਆਂ ਰਹਿ ਜਾਂਦੀਆਂ ਨੇ। ਲਫ਼ਜ਼ਾਂ ਦੇ ਕੱਪੜੇ ਪਾ ਕੇ ਜਦੋਂ ਦਿਲਗੀਰ ਦੀ ਕਹਾਣੀ ਇਥੋਂ ਤੋੜੀ ਪਹੁੰਚੀ ਤਾਂ ਮੇਰਾ ਤਾਇਆ ਆਪਣੀਆਂ ਬੁੱਢੀਆਂ ਅੱਖਾਂ ਮੀਟ ਕੇ ਅੰਦਰ-ਅੰਦਰ ਈ ਘੁੱਟ ਅੱਥਰੂ ਪੀ ਗਿਆ। "ਕੁਝ ਨਹੀਂ ਲਾਲੀ। ਇਹ ਦੁਨੀਆਂ ਕੁਝ ਨਹੀਂ। ਇਹਦੀ ਖੁਸ਼ੀ ਚੰਗੀ ਨਹੀਂ, ਨਾ ਇਹਦਾ ਦੁੱਖ ਭਲਾ।'' ਇਹ ਲਫ਼ਜ਼ ਤਾਏ ਨੇ ਕਹਾਣੀ ਦੇ ਅੰਤ ਵਿਚ ਆਖੇ। ਉਹੋ ਲਫ਼ਜ਼ ਤਾਂ ਮਹੰਤ ਹੋ ਗਏ, ਪਰ ਇਹ ਕਹਾਣੀ ਅੰਤ ਦੀ ਕਹਾਣੀ ਬਿਲਕੁਲ ਨਹੀਂ।

**ਲਿੱਪੀ ਪਰਿਵਰਤਨ- ਹਰਭਜਨ ਸਿੰਘ ਹੁੰਦਲ**

## ਪ੍ਰਮਾਣੂ ਕਰਾਰ 'ਤੇ ਹਿਲੇਰੀ ਦਾ ਸਮਰਥਨ ਦਿਵਾਉਣ ਦੇ ਬਾਅਦ ਭਾਰਤ ਨੇ ਸੰਤ ਸਿੰਘ ਚਟਵਾਲ ਨੂੰ ਸਨਮਾਨਿਤ ਕੀਤਾ

**ਵਾਸ਼ਿੰਗਟਨ–** ਇਕ ਵਿਵਾਦ ਵਾਲੀ ਪੁਸਤਕ ਵਿਚ ਦੋਸ਼ ਲਗਾਇਆ ਗਿਆ ਹੈ ਕਿ 2008 ਵਿਚ ਇਤਿਹਾਸਕ ਅਮਰੀਕਾ-ਭਾਰਤ ਪ੍ਰਮਾਣੂ ਕਰਾਰ ਲਈ ਹਿਲੇਰੀ ਕਲਿੰਟਨ ਦਾ ਸਮਰਥਨ ਦਿਵਾਉਣ 'ਤੇ ਉਸ ਸਮੇਂ ਦੀ ਭਾਰਤ ਸਰਕਾਰ ਨੇ ਹੋਟਲ ਕਾਰੋਬਾਰੀ ਸੰਤ ਸਿੰਘ ਚਟਵਾਲ ਨੂੰ ਪਦਮਭੂਸ਼ਨ ਸਨਮਾਨ ਨਾਲ ਨਵਾਜਿਆ ਸੀ। 'ਕਲਿੰਟਨ ਕੈਸ਼' ਨਾਮੀ ਇਹ ਪੁਸਤਕ ਪੀਟਰ ਸ਼ਵੇਜ਼ਰ ਨੇ ਲਿਖੀ ਹੈ। ਇਸ ਵਿਚ ਇਹ ਦੋਸ਼ ਵੀ ਲਗਾਇਆ ਗਿਆ ਹੈ ਕਿ ਪ੍ਰਮਾਣੂ ਕਰਾਰ ਲਈ ਕੁਝ ਭਾਰਤੀ ਨੇਤਾਵਾਂ ਅਤੇ ਸੰਗਠਨਾਂ ਦੇ ਡੋਨੇਸ਼ਨ ਹਿਲੇਰੀ ਦਾ ਸਮਰਥਨ ਹਾਸਲ ਕਰਨ ਵਿਚ ਅਹਿਮ ਰਹੇ।

## ਦਾਜ ਦੀ ਬਲੀ ਚੜ੍ਹੀ ਇਕ ਹੋਰ ਵਿਆਹੁਤਾ, ਜ਼ਿੰਦਾ ਸਾੜਿਆ

**ਸਮਸਤੀਪੁਰ–** ਬਿਹਾਰ 'ਚ ਸਮਸਤੀਪੁਰ ਜ਼ਿਲੇ ਦੇ ਵਾਰਿਸਨਗਰ ਥਾਣੇ ਦੇ ਸਤਮਲਪੁਰ ਪਿੰਡ 'ਚ ਮੰਗਲਵਾਰ ਨੂੰ ਦਾਜ ਲਈ ਇਕ 27 ਸਾਲਾ ਔਰਤ ਨੂੰ ਜ਼ਿੰਦਾ ਸਾੜ ਕੇ ਮਾਰ ਦਿੱਤਾ ਗਿਆ ਹੈ।

ਪੁਲਸ ਸੂਤਰਾਂ ਨੇ ਦੱਸਿਆ ਕਿ ਜ਼ਿਲੇ ਦੇ ਸਤਮਲਪੁਰ ਵਾਸੀ ਅਨਿਲ ਸਾਹ ਦੀ ਪਤਨੀ ਪ੍ਰਮਿਲਾ ਦੇਵੀ ਨੂੰ ਸੁਹਰੇ ਪਰਿਵਾਰ ਵਾਲਿਆਂ ਵੱਲੋਂ ਦਾਜ ਨੂੰ ਲੈ ਕੇ ਤੰਗ ਕੀਤਾ ਜਾਂਦਾ ਸੀ।

ਇਸੇ ਨੂੰ ਲੈ ਕੇ ਮੰਗਲਵਾਰ ਨੂੰ ਔਰਤ ਨੂੰ ਜ਼ਿੰਦਾ ਸਾੜ ਕੇ ਮਾਰ ਦਿੱਤਾ ਗਿਆ। ਮ੍ਰਿਤਕ ਔਰਤ ਦੇ ਪਿਤਾ ਰਾਮ ਨਾਥ ਸਾਹ ਨੇ ਕਤਲ ਦੀ ਸ਼ਿਕਾਇਤ ਦਰਜ ਕਰਵਾਈ ਹੈ।

# 'ਬੱਚਿਆਂ ਦੇ ਵਿਕਾਸ 'ਚ ਮਾਤਾ ਪਿਤਾ ਦੀ ਜਵਾਬਦੇਹੀ'



ਪ੍ਰੋ: ਐਚ.ਐਲ.ਕਪੂਰ
01- 916- 587-4002

ਬਹੁਤ ਹੀ ਪ੍ਰਸਿੱਧ ਬਾਲ ਮਨੋਵਿਗਿਆਨਕ ਡਾਕਟਰ ਉਨੀਲ ਨੇ ਬਾਲ ਸਮੱਸਿਆਵਾਂ ਦਾ ਵਰਣਨ ਕਰਦੇ ਹੋਏ ਆਪਣੀ ਪੁਸਤਕ 'ਚ ਇਕ ਘਟਨਾ ਦਾ ਜ਼ਿਕਰ ਕੀਤਾ ਹੈ। ਉਹ ਲਿਖਦੇ ਹਨ- "ਇਕ ਦਿਨ ਮੇਰੀ ਕਲੀਨਿਕ 'ਤੇ ਇਕ ਬੱਚੇ ਨੂੰ ਲਿਆਂਦਾ ਗਿਆ। ਉਸ ਦੇ ਪਿਤਾ ਨੇ ਕਿਹਾ ਕਿ ਇਸ ਨੂੰ ਚੋਰੀ ਕਰਨ ਦੀ ਆਦਤ ਪੈ ਗਈ ਹੈ ਤੇ ਅਸੀਂ ਤਾਂ ਆਪਣਾ ਪੂਰਾ ਜ਼ੋਰ ਲਗਾ ਦਿੱਤਾ ਹੈ ਕਿ ਇਸ ਦੀ ਇਹ ਆਦਤ ਦੂਰ ਹੋ ਜਾਵੇ ਪਰ ਹੁਣ ਤਾਂ ਤੁਸੀਂ ਹੀ ਇਸ ਦੀ ਇਹ ਆਦਤ ਛੁਡਵਾ ਸਕਦੇ ਹੋ।" ਡਾ: ਉਨੀਲ ਨੇ ਬੱਚੇ ਦਾ ਅਧਿਐਨ ਕਰਨ ਲਈ ਉਸ ਨੂੰ ਆਪਣੇ ਪਾਸ ਰੱਖ ਲਿਆ। ਉਹਨਾਂ ਨੂੰ ਪਤਾ ਲੱਗਾ ਕਿ ਬੱਚੇ ਦੀ ਉਮਰ 13 ਸਾਲ ਹੈ। ਉਸ ਦੇ ਪਿਤਾ ਨੇ ਜਾਣ-ਬੁੱਝ ਕੇ ਬੱਚੇ ਦੀ, ਰੇਲ ਦਾ ਸਫ਼ਰ ਕਰਨ ਸਮੇਂ ਅੱਧੀ ਟਿਕਟ ਲੈ ਕੇ ਰੇਲਵੇ ਵਿਭਾਗ ਨਾਲ ਚੋਰੀ ਕੀਤੀ ਹੈ। ਜਦੋਂ ਉਸ ਦੀ ਉਮਰ ਪੁੱਛੀ ਗਈ ਤਾਂ ਉਸ ਦੇ ਪਿਤਾ ਨੇ ਉਸ ਦੀ ਉਮਰ ਘੱਟ ਦੱਸੀ। ਪਿਤਾ ਦੀ ਇਸ ਹਰਕਤ ਨੂੰ ਬੱਚੇ ਨੇ ਬੜੀ ਗੰਭੀਰਤਾ ਨਾਲ ਲਿਆ ਤੇ ਪੁੱਛਿਆ ਤਾਂ ਪਿਤਾ ਨੇ ਐਵੇਂ ਹੀ ਇਸ ਨੂੰ ਹਲਕਾ ਜਿਹਾ ਜਵਾਬ ਦੇ ਕੇ ਗੱਲ ਨੂੰ ਸਮਾਪਤ ਕਰ ਦਿੱਤਾ। ਬੱਚੇ ਦੇ ਮਨ 'ਚ ਇਸ ਉਤਰ ਪ੍ਰਤੀ ਦਵੰਦ ਚਲਦਾ ਰਿਹਾ ਤੇ ਉਸ ਨੇ ਇਹ ਸੋਚਿਆ ਕਿ ਉਸ ਦੇ ਪਿਤਾ ਨੇ ਇਕ ਤਾਂ ਸਰਕਾਰੀ ਚੋਰੀ ਕੀਤੀ ਹੈ ਤੇ ਦੂਸਰਾ ਇਸ ਚੋਰੀ ਨੂੰ ਗਲਤ ਨਹੀਂ ਮੰਨਿਆ। ਇਸ ਘਟਨਾ ਤੋਂ ਹੀ ਉਸ ਬੱਚੇ ਦੀ ਚੋਰੀ ਕਰਨ ਦੀ ਆਦਤ ਸ਼ੁਰੂ ਹੁੰਦੀ ਹੈ, ਕਿਉਂਕਿ ਉਸ ਦੇ ਵਿਕਾਸ ਕਰ ਰਹੇ ਬਾਲਕ ਮਨ ਨੇ ਉਸ ਨੂੰ ਕਦੀ ਵੀ ਨੈਤਿਕ-ਅਨੈਤਿਕ ਸੋਚਣ ਲਈ ਮਜਬੂਰ ਨਹੀਂ ਕੀਤਾ।

ਡਾ: ਉਨੀਲ ਅੱਗੇ ਲਿਖਦੇ ਹਨ ਕਿ ਜਿਹੜਾ ਬਾਪ ਆਪ ਗਲਤ ਕੰਮ ਕਰਦਾ ਹੈ, ਉਹ ਆਪਣੇ ਬੱਚਿਆਂ ਤੋਂ ਕਿਵੇਂ ਇਹ ਉਮੀਦ ਰੱਖ ਸਕਦਾ ਹੈ ਕਿ ਉਸ ਦੇ ਬੱਚੇ ਚੋਰੀ ਦੀ ਆਦਤ ਛੱਡ ਦੇਣਗੇ। ਡਾ: ਉਨੀਲ ਨੇ ਆਪਣੀ ਕਲੀਨਿਕ 'ਤੇ ਬਾਪ-ਬੇਟੇ ਦੋਹਾਂ ਦਾ ਇਕ-ਸਾਥ ਇਕੱਠਿਆਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਕੀਤਾ। ਬਾਪ ਨੇ ਉਤਨੀ ਕੀਮਤ ਦਾ ਹੀ ਫਿਰ ਰੇਲਵੇ ਦਾ ਟਿਕਟ ਖਰੀਦਿਆ ਤੇ ਉਸ ਨੂੰ ਪਾੜ ਦਿੱਤਾ। ਉਸ ਦੇ ਬੱਚੇ ਨੇ ਇਸ ਟਿਕਟ ਪਾੜਨ ਦਾ ਮਹੱਤਵ ਸਮਝਿਆ ਤੇ ਚੋਰੀ ਦੀ ਆਦਤ ਛੱਡ ਦਿੱਤੀ।

ਅਸੀਂ ਜੇਕਰ ਆਪਣੇ ਰੋਜ਼ਾਨਾ ਜੀਵਨ 'ਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਅਸੀਂ ਜਾਣ-ਬੁੱਝ ਕੇ ਹੀ ਜਾਂ ਅਣਜਾਣਪੁਣੇ 'ਚ ਹੀ ਆਪਣੇ ਬੱਚਿਆਂ ਨੂੰ ਝੂਠ ਬੋਲਣ ਦੀ ਸਿੱਖਿਆ ਦਿੰਦੇ ਹਾਂ। ਇਸ ਤਰ੍ਹਾਂ ਦੀ ਘਟਨਾ ਤਾਂ ਅਕਸਰ ਅਸੀਂ ਇਕ ਚੁਟਕਲੇ ਦੇ ਰੂਪ 'ਚ ਅਕਸਰ ਆਪਣੇ ਘਰਾਂ ਵਿਚ ਜ਼ਰੂਰ ਦੇਖਦੇ ਹੀ ਹਾਂ ਕਿ ਕਈ ਵਾਰੀ ਮਾਤਾ-ਪਿਤਾ ਘਰ 'ਚ ਹੁੰਦਿਆਂ ਹੋਇਆਂ ਵੀ ਆਪਣੇ ਬੱਚਿਆਂ ਨੂੰ ਕਹਿ ਦਿੰਦੇ ਹਨ ਕਿ - "ਬੇਟਾ ਜੇਕਰ 'ਸੁਰਿੰਦਰ' ਆ ਕੇ ਸਾਡਾ ਪੁੱਛੇ ਤਾਂ ਕਹਿ ਦੇਣਾ ਕਿ ਅਸੀਂ ਘਰ 'ਚ ਨਹੀਂ ਹਾਂ।" ਬੱਸ ਇੱਥੋਂ ਹੀ ਬੱਚੇ ਦੇ ਮਨ ਵਿਚ ਭੈੜੇ ਸੰਸਕਾਰ ਜੜ੍ਹ ਜਮਾਉਣੀ ਸ਼ੁਰੂ ਕਰ ਦਿੰਦੇ ਹਨ। ਸੱਚ ਬੋਲਣਾ ਇਕ ਅਜਿਹਾ ਚੰਗਾ ਗੁਣ ਹੈ ਅਗਰ ਮਾਤਾ-ਪਿਤਾ ਹੀ ਇਸ ਦੀ ਅਵੱਗਿਆ ਕਰਨੀ ਸ਼ੁਰੂ ਕਰ ਦੇਣਗੇ ਤਾਂ ਬੱਚਾ ਕਦੋਂ ਇਸ ਦਾ ਮਹੱਤਵ ਸਮਝੇਗਾ? ਕਦੀ ਕਦੀ ਅਸੀਂ ਦੂਸਰਿਆਂ ਨੂੰ ਤਾਂ ਝੂਠ ਬੋਲਦੇ ਹੀ ਹਾਂ ਤੇ ਕਈ ਵਾਰ ਅਸੀਂ ਆਪਣੇ ਬੱਚਿਆਂ ਨੂੰ ਵੀ ਝੂਠ ਬੋਲਦੇ, ਅਸੀਂ ਉਹਨਾਂ ਨਾਲ ਝੂਠੇ ਵਾਅਦੇ ਕਰਦੇ ਹਾਂ ਤੇ ਇਸ ਤਰ੍ਹਾਂ ਅਸੀਂ ਉਹਨਾਂ ਦੇ ਮਨ ਅੰਦਰ ਇਹ ਗੱਲ ਬਿਠਾਅ ਦਿੰਦੇ ਹਾਂ ਕਿ ਸੱਚ ਬੋਲਣ ਦਾ ਕੋਈ ਮਹੱਤਵ ਨਹੀਂ ਹੈ।

ਬੱਚਿਆਂ ਨੂੰ ਸੱਤਿਆਵਾਨ ਬਣਾਉਣ ਲਈ, ਉਹਨਾਂ ਨੂੰ ਇਹ ਵਿਸ਼ਵਾਸ ਦਿਵਾਉਣਾ ਹੋਵੇਗਾ ਕਿ ਸੱਚ ਬੋਲਣ 'ਚ, ਇਮਾਨਦਾਰੀ ਵਰਤਣ 'ਚ, ਸਦਾਚਾਰੀ ਰਹਿਣ'ਚ ਕਿਸੇ ਪ੍ਰਕਾਰ ਦੀ ਕੁਟਿਲਤਾ ਤੇ ਹੁਸ਼ਿਆਰੀ ਨਹੀਂ ਵਰਤਣੀ ਪੈਂਦੀ, ਜਦੋਂ ਕਿ ਝੂਠ ਬੋਲਣ ਵਾਲਾ ਇਨਸਾਨ, ਝੂਠ ਬੋਲਣ ਨੂੰ ਛੁਪਾਉਣ ਲਈ, ਕਈ ਝੂਠ ਬੋਲ ਜਾਂਦਾ ਹੈ ਤੇ ਉਹ ਠੱਗ, ਚੋਰ ਤੇ ਬੇਈਮਾਨ ਬਣਦਾ ਹੈ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਸਾਨੂੰ ਬੱਚਿਆਂ ਨੂੰ ਬਚਪਨ ਤੋਂ ਹੀ ਸੱਚ ਬੋਲਣ ਦੀ ਆਦਤ ਪਾਉਣੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਲਈ ਕੀ ਕੀਤਾ ਜਾਵੇ? ਪਹਿਲੀ ਗੱਲ ਤਾਂ ਇਹ ਜ਼ਰੂਰੀ ਹੈ ਕਿ ਮਾਤਾ-ਪਿਤਾ ਆਪ ਸੱਚ ਬੋਲਣ। ਝੂਠੇ ਮਾਂ-ਬਾਪ ਆਪਣੇ ਬੱਚਿਆਂ 'ਚ ਕਦੀ ਵੀ ਸੱਚ ਬੋਲਣ ਪ੍ਰਤੀ ਵਿਸ਼ਵਾਸ ਪੈਦਾ ਨਹੀਂ ਕਰ ਸਕਦੇ। ਮਹਾਤਮਾ ਗਾਂਧੀ ਜੀ ਨੇ ਸੱਚ ਬੋਲਣ ਦਾ ਪਾਠ ਆਪਣੇ ਪਿਤਾ ਜੀ ਤੋਂ ਹੀ ਪੜ੍ਹਿਆ ਸੀ। ਉਹਨਾਂ ਦੇ ਪਿਤਾ ਜੀ ਰਾਜਕੋਟ ਰਿਆਸਤ 'ਚ ਇਕ ਉੱਚ ਅਧਿਕਾਰੀ ਸਨ, ਪ੍ਰੰਤੂ ਸੱਚ ਬੋਲਣ ਬਦਲੇ, ਉਹਨਾਂ ਨੂੰ ਰਾਜੇ ਦੇ ਜ਼ੁਲਮ ਦਾ ਸ਼ਿਕਾਰ ਹੋਣਾ ਪਿਆ ਤੇ ਉਹਨਾਂ ਨੂੰ ਜੇਲ੍ਹ ਭੇਜ ਦਿੱਤਾ। ਥੋੜ੍ਹੇ ਦਿਨਾਂ ਬਾਅਦ ਉਹਨਾਂ ਨੂੰ ਛੱਡ ਦਿੱਤਾ ਗਿਆ, ਪ੍ਰੰਤੂ ਸੱਚ ਬੋਲਣ ਦੀ ਉਹਨਾਂ ਦੀ ਆਦਤ ਦੀ ਦੂਰ-ਦੂਰ ਤੱਕ ਚਰਚਾ ਹੋਈ। ਮਾਤਾ-ਪਿਤਾ ਦੀ ਸੱਚ ਬੋਲਣ ਦੀ ਆਦਤ ਨੇ ਬਾਲਕ ਮੋਹਨਦਾਸ ਦੇ ਮਨ 'ਚ ਅਜਿਹੀ ਨਿਸ਼ਠਾ ਪੈਦਾ ਕੀਤੀ ਤੇ ਉਹਨਾਂ ਨੇ ਇਸ ਨੂੰ ਆਪਣੀ ਜ਼ਿੰਦਗੀ ਦੀ ਆਦਤ ਹੀ ਬਣਾ ਲਿਆ। ਉਹਨਾਂ ਦੇ ਵਿਦਿਆਰਥੀ ਕਾਲ ਸਮੇਂ, ਜਦੋਂ ਸਕੂਲ 'ਚ ਇਕ ਵਾਰ ਜ਼ਿਲ੍ਹਾ ਸਿੱਖਿਆ ਅਧਿਕਾਰੀ ਸਕੂਲ ਦਾ ਮੁਆਇਨਾ ਕਰਨ ਆਏ ਤਾਂ ਉਹਨਾਂ ਦੀ ਜਮਾਤ ਨੂੰ ਕੋਈ ਪ੍ਰਸ਼ਨ ਪੁੱਛਿਆ ਗਿਆ ਤਾਂ ਮਹਾਤਮਾ ਗਾਂਧੀ ਦਾ ਉਸ ਪ੍ਰਸ਼ਨ ਦਾ ਉਤਰ ਗਲਤ ਸੀ ਤੇ ਬਾਕੀ ਸਾਰੀ ਜਮਾਤ ਦਾ ਉਤਰ ਠੀਕ ਸੀ। ਉਹਨਾਂ ਦੇ ਅਧਿਆਪਕ ਨੇ ਗਾਂਧੀ ਜੀ ਨੂੰ ਪ੍ਰਸ਼ਨ ਦਾ ਠੀਕ ਉਤਰ ਦੱਸ ਦਿੱਤਾ ਤੇ ਆਪਣੇ ਗਲਤ ਉਤਰ ਨੂੰ ਦਰੁਸਤ ਕਰਨ ਲਈ ਕਿਹਾ, ਪਰ ਮਹਾਤਮਾ ਗਾਂਧੀ ਜੀ ਨੇ ਅਧਿਆਪਕ ਦਾ ਕਹਿਣਾ ਨਹੀਂ ਮੰਨਿਆ ਕਿਉਂਕਿ ਉਹ ਸਮਝਦੇ ਸਨ ਕਿ ਅਧਿਆਪਕ ਉਹਨਾਂ ਤੋਂ ਇਹ ਚੋਰੀ ਕਰਵਾ ਰਿਹਾ ਹੈ।

ਦੂਸਰੀ ਜ਼ਰੂਰਤ ਇਹ ਹੈ ਕਿ ਬੱਚੇ ਨੂੰ ਘਰ ਤੇ ਬਾਹਰ ਦਾ ਅਜਿਹਾ ਵਾਤਾਵਰਣ ਮਿਲੇ ਕਿ ਉਹ ਇਸ ਨੂੰ ਜੀਵਨ ਦੀ ਨੀਤੀ ਮੰਨਣ ਲੱਗ ਪਏ। ਦੂਸਰੇ ਸ਼ਬਦਾਂ 'ਚ ਇਸ ਨੂੰ ਸਤਸੰਗ ਵੀ ਕਹਿ ਸਕਦੇ ਹਾਂ। ਬੱਚੇ ਨੂੰ ਆਦਰਸ਼ ਵਿਅਕਤੀਆਂ ਤਥਾ ਉਹਨਾਂ ਦੀਆਂ ਲਿਖੀਆਂ ਗਈਆਂ ਪੁਸਤਕਾਂ ਦੇ ਸੰਪਰਕ 'ਚ ਰੱਖਿਆ ਜਾਵੇ। ਉਹਨਾਂ ਨੂੰ ਬਚਪਨ ਤੋਂ ਹੀ ਮਹਾਨ ਤੇ ਸਤਿਆਵਾਨ ਮਹਾਂਪੁਰਸ਼ਾਂ ਦੀਆਂ ਕਹਾਣੀਆਂ ਤੇ ਕਥਾਵਾਂ ਆਦਿ ਸੁਣਾ ਕੇ ਮਦਾਲਸਾ ਤੇ ਵਿਨੋਬਾ ਦੀ ਮਾਂ ਦੀ ਤਰ੍ਹਾਂ ਹਰ ਮਾਤਾ ਆਪਣੀ ਸੰਤਾਨ 'ਚ ਸੰਸਕਾਰ ਭਰ ਸਕਦੀਆਂ ਹਨ। ਬੱਚਿਆਂ ਦੇ ਸੰਗੀ-ਸਾਥੀ ਇਸ ਤਰ੍ਹਾਂ ਦੇ ਹੋਣ ਜਿਸ ਤਰ੍ਹਾਂ ਦੇ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਬਣਾਉਣਾ ਚਾਹੁੰਦੇ ਹਨ। ਫੈਸ਼ਨ-ਪ੍ਰਸਤ, ਫਜ਼ੂਲ-ਖਰਚ, ਗੱਲ-ਗੱਲ ਤੇ ਬਹਾਨੇ ਬਣਾਉਣ ਵਾਲੇ ਬੱਚਿਆਂ ਦੇ ਸੰਗ ਰਹਿਣ ਹੀ ਨਾ ਦਿੱਤਾ ਜਾਵੇ।

ਬੱਚੇ ਦੂਜਿਆਂ ਦੇ ਡਰ ਦੇ ਕਾਰਨ ਝੂਠ ਬੋਲਦੇ ਹਨ। ਉਹਨਾਂ ਨੂੰ ਇਹ ਸਮਝਾਇਆ ਜਾਵੇ ਕਿ ਗਲਤੀਆਂ ਤਾਂ ਹਰ ਇਨਸਾਨ ਤੋਂ ਹੋ ਜਾਂਦੀਆਂ ਹਨ। ਇਸ ਤਰ੍ਹਾਂ ਉਹਨਾਂ ਨੂੰ, ਉਹਨਾਂ ਦੀ ਕੋਈ ਪੁਰਾਣੀ ਗਲਤੀ ਦੀ ਘਟਨਾ ਸੁਣਾਈ ਜਾ ਸਕਦੀ ਹੈ। ਉਹਨਾਂ ਨੂੰ ਇਹ ਲੱਗੇਗਾ ਕਿ ਸਾਡੇ ਕੋਲੋਂ, ਕੋਈ ਜਿਹੜੀ ਵੀ ਗਲਤੀ ਹੋਈ ਹੈ, ਉਹ ਅਸੁਭਾਵਿਕ ਨਹੀਂ ਹੈ। ਮਾਤਾ-ਪਿਤਾ ਅਗਰ ਬੱਚਿਆਂ ਨੂੰ ਡਰ ਰਹਿਤ ਕਰਕੇ ਪ੍ਰੇਰਿਤ ਕਰਨਗੇ ਤਾਂ ਉਹਨਾਂ ਦੇ ਮਨ 'ਚ ਸੱਚ ਬੋਲਣ ਤੇ ਚੰਗੇ ਸੰਸਕਾਰਾਂ ਦੀ ਸਹੀ ਮਾਅਨਿਆਂ 'ਚ ਵਿਸ਼ਵਾਸ ਦੀ ਭਾਵਨਾ ਪੈਦਾ ਹੋਵੇਗੀ।

ਸੱਚ ਬੋਲਣਾ ਇਕੱਲਾ ਹੀ ਕਾਫੀ ਨਹੀਂ ਹੈ। ਇਹ ਵੀ ਬੱਚਿਆਂ ਨੂੰ ਦੱਸਿਆ ਜਾਵੇ ਕਿ ਸੱਚ ਵੀ ਮੰਨਣਯੋਗ ਹੋਵੇ। ਅਗਰ ਸੱਚ ਮੰਨਣਯੋਗ ਨਹੀਂ ਹੋਵੇਗਾ ਤਾਂ ਇਹ ਬੜਾ ਵੱਡਾ ਵਿਰੋਧ ਖੜ੍ਹਾ ਕਰ ਦੇਵੇਗਾ। ਇਸ ਲਈ ਮਹਾਂਪੁਰਸ਼ਾਂ ਨੇ ਸੱਚ ਬੋਲਣ ਨੂੰ ਸਭ ਤੋਂ ਉੱਤਮ ਗੁਣ ਮੰਨਿਆ ਹੈ। ਸੱਚ ਬੋਲਣ ਨਾਲ ਹੀ ਇਨਸਾਨ ਬੁਲੰਦੀਆਂ 'ਤੇ ਪਹੁੰਚ ਜਾਂਦਾ ਹੈ। ਇਸ ਨਾਲ ਹੀ ਇਨਸਾਨ ਦੀ ਸ਼ੋਭਾ ਵਧਦੀ ਹੈ। ਇਸ ਲਈ ਮਨੁੱਖ 'ਚ ਜਿੰਨੀ ਵੀ ਜ਼ਿਆਦਾ ਸ਼ਾਲੀਨਤਾ ਹੋਵੇਗੀ, ਉਨਾ ਹੀ ਜ਼ਿਆਦਾ ਸੰਸਕਾਰੀ ਤੇ ਉੱਚੇ ਆਚਰਣ ਦਾ ਮਾਲਕ ਹੋਵੇਗਾ। ਮਹਾਤਮਾ ਗਾਂਧੀ ਜੀ ਸਾਰੀ ਉਮਰ ਸੱਚ ਬੋਲਣ ਤੇ ਅਹਿੰਸਾ ਦਾ ਪ੍ਰਚਾਰ ਕਰਦੇ ਰਹੇ। ਸੱਚ ਬੋਲਣ ਤੇ ਉਹ ਖੁਦ ਦ੍ਰਿੜ੍ਹ ਰਹੇ ਤੇ ਦੂਸਰਿਆਂ ਨਾਲ ਹਮੇਸ਼ਾ ਚੰਗਾ ਵਿਵਹਾਰ ਕਰਨ 'ਚ ਉਹ ਬੜਾ ਹੀ ਮੁਲਾਇਮ ਰਹੇ। ਉਹ ਆਪਣੀ ਗੱਲ ਇਸ ਤਰੀਕੇ ਨਾਲ ਕਰਦੇ ਸਨ ਕਿ ਉਹ ਸੁਣਨ ਵਾਲੇ ਨੂੰ ਜ਼ਰਾ ਵੀ ਕੌੜੀ ਨਾ ਲੱਗੇ। ਮਿੱਠੇ ਬੋਲਣ ਨਾਲ ਭੀ ਆਪਣੇ ਵਿਰੋਧੀਆਂ ਨੂੰ, ਆਪਣੇ ਮਿੱਤਰ ਬਣਾਇਆ ਜਾ ਸਕਦਾ ਹੈ। ਚੰਗੇ ਵਿਵਹਾਰ ਤੇ ਸ਼ਾਲੀਨਤਾ ਦਾ ਜੇਕਰ ਬੱਚਿਆਂ ਨੂੰ ਸੱਚ ਬੋਲਣ ਦੇ ਨਾਲ-ਨਾਲ ਅਭਿਆਸ ਕਰਾਇਆ ਜਾਵੇ ਤਾਂ ਕੋਈ ਕਾਰਨ ਨਹੀਂ ਹੋਵੇਗਾ ਕਿ ਸਾਡਾ ਸਮਾਜ ਸੱਭਿਅਤ, ਸੰਸਕਾਰੀ ਤੇ ਇਮਾਨਦਾਰ ਨਾ ਬਣ ਸਕੇ। ਇਸ ਤਰੀਕੇ ਨਾਲ ਹੀ ਸਾਡਾ ਸਮਾਜ ਇਕ ਚੰਗਾ ਸਮਾਜ ਬਣਾ ਸਕਣਾ ਸੰਭਵ ਹੋ ਸਕੇਗਾ।

ਮਾਤਾ-ਪਿਤਾ ਆਪਣਾ ਕਰਤੱਵ ਸਮਝਣ ਤੇ ਉਸ ਨੂੰ ਚੰਗੀ ਤਰ੍ਹਾਂ ਨਿਭਾਉਣ:-

ਮਨੁੱਖੀ ਜੀਵਨ 'ਚ ਅਨੇਕਾਂ ਕਰਤਵਾਂ ਦੇ ਨਾਲ-ਨਾਲ ਸੰਤਾਨ ਪੈਦਾ ਕਰਨਾ ਤੇ ਉਸ ਦੀ ਚੰਗੇ ਤਰੀਕੇ ਨਾਲ ਪਾਲਣਾ-ਪੋਸ਼ਣਾ ਕਰਨਾ ਵੀ ਇਕ ਬਹੁਤ ਹੀ ਮਹੱਤਵਪੂਰਨ ਕਰਤਵ ਹੈ। ਇਸ ਨੂੰ ਐਵੇਂ ਹੀ ਇਕ ਹਲਕੇ ਤਰੀਕੇ ਨਾਲ ਲੈਣਾ ਠੀਕ ਨਹੀਂ ਹੈ।

ਜਿਸ ਇਨਸਾਨ ਨੂੰ ਇਸ ਬਹੁਤ ਹੀ ਮਹੱਤਵਪੂਰਨ ਵਿਸ਼ੇ ਦਾ ਗਿਆਨ ਨਾ ਹੋਵੇ, ਉਸ ਇਨਸਾਨ ਨੂੰ ਇਸ ਤੋਂ ਉਨਾ ਚਿਰ ਦੂਰ ਹੀ ਰਹਿਣਾ ਚਾਹੀਦਾ ਹੈ। ਜਦੋਂ ਤੱਕ ਉਸ ਨੂੰ ਇਸ ਦਾ ਪੂਰਾ ਗਿਆਨ ਨਾ ਹੋ ਜਾਵੇ। ਸੰਤਾਨ ਦੇ ਚੰਗੇ ਹੋਣ ਜਾਂ ਨਾ ਹੋਣ ਨਾਲ ਹੀ ਪਰਿਵਾਰ, ਸਮਾਜ ਤੇ ਸੰਸਾਰ ਦਾ ਕਲਿਆਣ ਜਾਂ ਪਤਨ ਨਿਰਭਰ ਕਰਦਾ ਹੈ।

ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਇਹ ਇਕ ਬਹੁਤ ਹੀ ਕਠਿਨ ਵਿਸ਼ਾ ਹੈ ਕਿ ਲੋਕ ਆਪਣੇ ਖਾਣ-ਪੀਣ ਪਹਿਨਣ ਤੇ ਤਰ੍ਹਾਂ-ਤਰ੍ਹਾਂ ਦੇ ਮਨੋਰੰਜਨ ਵੱਲ ਬਹੁਤ ਧਿਆਨ ਦਿੰਦੇ ਹਨ ਪਰ ਇਸ ਦੇ ਮੁਕਾਬਲੇ 'ਚ ਉਹ ਆਪਣੇ ਪਰਿਵਾਰ 'ਤੇ ਸੰਤਾਨ ਵੱਲ ਬਹੁਤ ਘੱਟ ਧਿਆਨ ਦਿੰਦੇ ਹਨ ਜਦੋਂ ਕਿ ਹੋਰ ਸਧਾਰਨ ਗੱਲਾਂ ਨਾਲੋਂ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਤੇ ਉਹਨਾਂ ਦਾ ਚੰਗਾ ਵਿਕਾਸ ਕਰਨਾ, ਬਹੁਤ ਹੀ ਮਹੱਤਵਪੂਰਨ ਵਿਸ਼ਾ ਹੈ। ਜਿਸ ਕਰਤਵ ਨਾਲ ਪਰਿਵਾਰਕ ਸ਼ਾਂਤੀ, ਸਮਾਜ ਤੇ ਸੰਸਾਰ ਦਾ ਕਲਿਆਣ ਨਿਰਭਰ ਕਰਦਾ ਹੋਵੇ, ਉਸ ਵਿਸ਼ੇ ਨੂੰ ਐਵੇਂ ਹੀ 'ਰੱਬ ਦੇ ਭਰੋਸੇ' ਛੱਡ ਰੱਖਣਾ ਠੀਕ ਨਹੀਂ ਹੈ। ਇਹ ਠੀਕ ਨਹੀਂ ਹੈ ਕਿ ਅਜਿਹੀ ਗਲਤੀ ਸਿਰਫ ਸਮਾਜ ਦੇ ਸਧਾਰਨ ਤੇ ਅਨਪੜ੍ਹ ਲੋਕ ਹੀ ਕਰਦੇ ਹਨ, ਸਗੋਂ ਇਹ ਵੀ ਦੇਖਿਆ ਗਿਆ ਹੈ ਕਿ ਇਸ ਗਲਤੀ ਦੇ ਭਾਗੀਦਾਰ, ਉਹ ਲੋਕ ਵੀ ਹਨ, ਜਿਹੜੇ ਕਿ ਖੁਦ ਬੜੇ ਪੜ੍ਹੇ-ਲਿਖੇ ਸਿੱਖਿਅਤ ਤੇ ਸਮਾਜ ਦੇ ਚੰਗੇ ਮੰਨੇ-ਪ੍ਰਮੰਨੇ ਲੋਕ ਵੀ ਹੁੰਦੇ ਹਨ।

ਭਾਰਤ ਦੇਸ਼ ਦੇ ਵਿਸ਼ੇ 'ਚ ਇਹ ਖਾਸ ਤੌਰ ਤੇ ਦੇਖਿਆ ਗਿਆ ਹੈ ਕਿ ਇੱਥੋਂ ਦੇ ਲੋਕ ਜ਼ਿਆਦਾਤਰ ਸੰਤਾਨ ਦੀ ਉਤਪੱਤੀ ਤੋਂ ਲੈ ਕੇ ਉਸ ਦੇ ਪਾਲਣ-ਪੋਸ਼ਣ ਤੱਕ 'ਰੱਬ ਦੇ ਸਹਾਰੇ' 'ਤੇ ਉਹਨਾਂ ਦੀ ਕਿਸਮਤ ਦੇ ਸਹਾਰੇ 'ਤੇ ਹੀ ਨਿਰਭਰ ਕਰਦੇ ਹਨ। ਉਹਨਾਂ ਦਾ ਆਪਣੀ ਸੰਤਾਨ ਦੇ ਚੰਗੇ ਵਿਕਾਸ ਪ੍ਰਤੀ ਬਹੁਤ ਘੱਟ ਗਿਆਨ ਹੁੰਦਾ ਹੈ। ਜਿਹੜੇ ਮਾਤਾ-ਪਿਤਾ ਆਪਣੇ ਬੱਚਿਆਂ ਦੀ ਕਿਸੇ ਕਿਸਮ ਦੀ ਸਰੀਰਕ ਤੇ ਨੈਤਿਕ ਸਿੱਖਿਆ ਪ੍ਰਾਪਤ ਕੀਤੇ ਬਿਨਾਂ ਹੀ ਸੰਤਾਨ ਉਤਪਤੀ ਦੀ ਮਹੱਤਵਪੂਰਨ ਜ਼ਿੰਮੇਵਾਰੀ ਚੁੱਕ ਲੈਂਦੇ ਹਨ, ਉਹਨਾਂ ਦੇ ਇਸ ਹੌਸਲੇ ਪ੍ਰਤੀ ਬੜੀ ਹੈਰਾਨੀ ਤੇ ਅਫਸੋਸ ਹੁੰਦਾ ਹੈ। ਜਿਹਨਾਂ ਨੂੰ ਸੰਤਾਨ ਦੇ ਪੈਦਾ ਹੋਣ ਤੋਂ ਪਹਿਲਾਂ ਦੀ ਤਿਆਰੀ, ਉਹਨਾਂ ਦੇ ਪਾਲਣ-ਪੋਸ਼ਣ ਦੀ ਉਚਿਤ ਵਿਧੀ ਤੇ ਉਹਨਾਂ ਦਾ ਜੀਵਨ ਸਾਰਥਕ ਤੇ ਲਾਭਕਾਰੀ ਦਿਸ਼ਾ 'ਚ ਲਿਜਾ ਸਕਣ ਦਾ ਗਿਆਨ ਨਹੀਂ ਹੁੰਦਾ, ਉਹ ਕਿਹੜੇ ਭਰੋਸੇ ਤੇ ਕਿਹੜੇ ਅਧਿਕਾਰ ਨਾਲ ਸੰਤਾਨ 'ਤੇ ਸੰਤਾਨ ਪੈਦਾ ਕਰਦੇ ਚਲੇ ਜਾਂਦੇ ਹਨ, ਇਹ ਗੱਲ ਕੁਝ ਸਮਝ ਤੋਂ ਬਾਹਰ ਹੈ।

ਇਸ ਸਚਾਈ ਤੋਂ ਕੌਣ ਇਨਕਾਰ ਕਰ ਸਕਦਾ ਹੈ ਬੱਚੇ ਪੈਦਾ ਕਰਨਾ ਤੇ ਉਹਨਾਂ ਦੀ ਪਾਲਣਾ-ਪੋਸ਼ਣਾ ਕਰਨ ਦੇ ਤਰੀਕਿਆਂ 'ਤੇ ਹੀ ਉਹਨਾਂ ਦਾ ਜੀਣਾ-ਮਰਨਾ ਅਤੇ ਉਹਨਾਂ ਦਾ ਨੈਤਿਕ ਪਾਰ-ਉਤਾਰਾ ਕਰਨਾ ਤੇ ਗਿਰਾਵਟ ਕਰਨਾ ਨਿਰਭਰ ਕਰਦਾ ਹੈ। ਪ੍ਰੰਤੂ ਜਿਹੜੇ ਲੋਕ ਮਾਤਾ-ਪਿਤਾ ਬਣ ਚੁੱਕੇ ਹਨ ਜਾਂ ਕੁਝ ਸਮੇਂ ਬਾਅਦ ਬਣਨ ਵਾਲੇ ਹਨ, ਉਹ ਇਸ ਵਿਸ਼ੇ ਦਾ ਜ਼ਰਾ ਵੀ ਗਿਆਨ ਪ੍ਰਾਪਤ ਕਰਨ ਲਈ ਉਤਸੁਕ ਨਹੀਂ ਹੁੰਦੇ ਅਤੇ ਨਾ ਹੀ ਉਹਨਾਂ ਨੂੰ ਇਸ ਵਿਸ਼ੇ 'ਚ ਕੋਈ ਸਿੱਖਿਆ ਦੇਣ ਦਾ ਪ੍ਰਬੰਧ ਹੈ। ਸਮਾਜ ਦੀ ਵਿਵਸਥਾ, ਉਸ ਦੀ ਸ਼ਾਂਤੀ ਤੇ ਉਨਤੀ, ਉਸ ਦੇ ਨਾਗਰਿਕਾਂ 'ਤੇ ਨਿਰਭਰ ਕਰਦੀ ਹੈ ਤੇ ਨਾਗਰਿਕਾਂ ਦਾ ਚਰਿੱਤਰ-ਨਿਰਮਾਣ ਬਾਲ ਅਵਸਥਾ 'ਚ ਹੋਏ, ਉਹਨਾਂ ਦੇ ਪਾਲਣ-ਪੋਸ਼ਣ ਦੀ ਵਿਧੀ ਤੇ ਨਿਰਭਰ ਕਰਦਾ ਹੈ, ਜਿਸ ਦਾ ਠੀਕ-ਠੀਕ ਨਿਰਵਾਹ ਉਦੋਂ ਤੱਕ ਹੋ ਹੀ ਨਹੀਂ ਸਕਦਾ ਜਦੋਂ ਤੱਕ ਕਿ ਮਾਤਾ-ਪਿਤਾ ਇਸ ਸਬੰਧੀ 'ਚ ਉਚਿਤ ਗਿਆਨ ਪ੍ਰਾਪਤ ਨਹੀਂ ਕਰ ਲੈਂਦੇ।

ਸੰਤਾਨ ਦਾ ਹੋਣਾ ਹੀ ਇਕ ਮਾਤਰ ਸੁਭਾਗ ਦਾ ਵਿਸ਼ਾ ਨਹੀਂ ਹੈ? ਸੁਭਾਗ ਦਾ ਵਿਸ਼ਾ ਤਾਂ ਇਹ ਹੈ ਕਿ ਉਹਨਾਂ ਦੀ ਸੰਤਾਨ ਦਾ ਚੰਗਾ ਵਿਕਾਸ ਹੋਵੇ ਤੇ ਉਹ ਇਕ ਚੰਗੇ ਨਾਗਰਿਕ ਬਣ ਸਕਣ। ਜੇਕਰ ਚੰਗੇ ਭਾਗਾਂ 'ਚ ਸੰਤਾਨ ਦੀ ਸੰਖਿਆ ਵਧਾਉਣਾ ਹੀ ਹੁੰਦਾ ਹੈ ਤਾਂ ਸੰਸਾਰ ਵਿਚ ਜਿਹਨਾਂ ਦੇ ਬੱਚਿਆਂ, ਭਾਵ ਸੰਤਾਨ ਦੀ ਸੰਖਿਆ ਜ਼ਿਆਦਾ ਹੈ, ਉਹ ਮਾਤਾ-ਪਿਤਾ ਹੀ ਸੁਖੀ ਤੇ ਸੰਤੁਸ਼ਟ ਹੁੰਦੇ, ਪ੍ਰੰਤੂ ਅਸਲੀਅਤ ਦਰ ਅਸਲ ਇਸ ਦੇ ਉਲਟ ਹੈ। ਕਿਸੇ ਵੀ ਜ਼ਿਆਦਾ ਸੰਖਿਆ ਵਾਲੇ ਪਰਿਵਾਰ ਦੇ ਨਜ਼ਦੀਕ ਤਥਾ ਉਸ ਦੇ ਸੰਪਰਕ 'ਚ ਆ ਕੇ ਇਸ ਸਚਾਈ ਨੂੰ ਸਾਕਾਰ ਰੂਪ 'ਚ ਸਪਸ਼ਟ ਦੇਖਿਆ ਤੇ ਮਹਿਸੂਸ ਕੀਤਾ ਜਾ ਸਕਦਾ ਹੈ।

ਬੜੀ ਮੁਸ਼ਕਿਲ ਨਾਲ ਹੀ ਅਜਿਹੇ ਪਰਿਵਾਰ ਸੁਖੀ ਤੇ ਸੰਤੁਸ਼ਟ ਨਜ਼ਰ ਆਉਣਗੇ, ਨਹੀਂ ਤਾਂ ਜ਼ਿਆਦਾ ਕਲੇਸ਼, ਲੜਾਈ ਝਗੜਾ ਤੇ ਪਰਿਵਾਰ ਲਈ ਜ਼ਰੂਰਤਾਂ ਦੀ ਘਾਟ ਨਾਲ ਪੀੜਤ ਪਰਿਵਾਰ ਹੀ ਦਿਖਾਈ ਦੇਣਗੇ। ਸੰਤਾਨ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੀ ਵਿਵਸਥਾ ਦੀ ਘਾਟ ਤੇ ਉਹਨਾਂ ਦੀ ਉਚਿਤ ਸਿੱਖਿਆ ਤੇ ਪਾਲਣ-ਪੋਸ਼ਣ ਦੀ ਵਿਧੀ ਦੀ ਅਗਿਆਨਤਾ ਦੇ ਕਾਰਨ, ਸੰਤਾਨ ਲੋਕਾਂ ਦੇ ਲਈ ਇਕ ਸੰਤਾਪ ਬਣੀ ਹੋਈ ਹੈ। ਜ਼ਿਆਦਾ ਸੰਖਿਆ 'ਚ ਸੰਤਾਨ ਤੇ ਉਸ ਦੇ ਵਿਕਾਸ ਲਈ ਅਗਿਆਨਤਾ ਅਤੇ ਇਸ ਦੇ ਹੱਲ ਸਬੰਧੀ ਕੋਈ ਠੋਸ ਸਿੱਖਿਆ ਦਾ ਨਾ ਹੋਣਾ, ਦੋਵੇਂ ਮਿਲਕੇ ਇਕ ਚੰਗੇ ਸੁਭਾਗ ਨੂੰ ਦੁਰਭਾਗ 'ਚ ਬਦਲ ਦਿੰਦੀ ਹੈ, ਜਿਸ ਨਾਲ ਆਪਣੇ ਜੀਵਨ 'ਚ ਨਿਪਟ ਸਕਣਾ, ਇਕ ਅਸੰਭਵ ਜਿਹੀ ਗੱਲ ਹੈ।

# ਕੇਂਦਰੀ ਮੰਤਰੀਆਂ ਵਿੱਚੋਂ ਹਰਸਿਮਰਤ ਕੋਲ ਸਭ ਤੋਂ ਵੱਧ ਗਹਿਣੇ

**ਬਠਿੰਡਾ-** ਕੇਂਦਰੀ ਵਜ਼ੀਰ ਹਰਸਿਮਰਤ ਕੌਰ ਬਾਦਲ ਦੀ ਗਹਿਣਿਆਂ ਦੇ ਮਾਮਲੇ ਵਿੱਚ ਪੂਰੀ ਵਜ਼ਾਰਤ 'ਚੋਂ ਝੰਡੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 26 ਮੈਂਬਰੀ ਕੈਬਨਿਟ 'ਚੋਂ ਸਭ ਤੋਂ ਵੱਧ ਗਹਿਣੇ ਕੇਂਦਰੀ ਮੰਤਰੀ ਬੀਬਾ ਬਾਦਲ ਕੋਲ ਹਨ। ਜਾਇਦਾਦ ਦੇ ਮਾਮਲੇ ਵਿੱਚ ਕੇਂਦਰੀ ਮੰਤਰੀ ਦਾ ਕੈਬਨਿਟ ਵਿਚੋਂ ਦੂਸਰਾ ਨੰਬਰ ਹੈ। ਪ੍ਰਧਾਨ ਮੰਤਰੀ ਦਫ਼ਤਰ ਕੋਲ ਕੇਂਦਰੀ ਵਜ਼ੀਰਾਂ ਵੱਲੋਂ ਨਸ਼ਰ ਕੀਤੇ ਸੰਪਤੀ ਦੇ ਵੇਰਵਿਆਂ ਅਨੁਸਾਰ ਕੈਬਨਿਟ ਵਿੱਚ ਸ਼ਾਮਲ ਪੰਜ ਮਹਿਲਾ ਵਜ਼ੀਰਾਂ ਕੋਲ ਕੁੱਲ 7.41 ਕਰੋੜ ਦੇ ਗਹਿਣੇ ਹਨ। ਇਕੱਲੀ ਮਹਿਲਾ ਵਜ਼ੀਰ ਬੀਬਾ ਬਾਦਲ ਕੋਲ 5.40 ਕਰੋੜ ਦੀ ਗਹਿਣੇ ਹਨ ਜਦਕਿ ਬਾਕੀ ਚਾਰ ਮਹਿਲਾ ਵਜ਼ੀਰਾਂ ਕੋਲ ਸਿਰਫ 2.01 ਕਰੋੜ ਰੁਪਏ ਦੇ ਗਹਿਣੇ ਹਨ। ਹਰਸਿਮਰਤ ਕੌਰ ਬਾਦਲ ਜਦੋਂ ਸਾਲ 2009 ਵਿੱਚ ਸੰਸਦ ਮੈਂਬਰ ਬਣੇ ਸਨ, ਤਾਂ ਉਦੋਂ ਉਨ੍ਹਾਂ ਕੋਲ 1.94 ਕਰੋੜ ਰੁਪਏ ਦੇ ਗਹਿਣੇ ਸਨ। ਗਹਿਣਿਆਂ ਦੇ ਮਾਮਲੇ ਵਿੱਚ ਦੂਸਰਾ ਨੰਬਰ ਕੇਂਦਰੀ ਮਹਿਲਾ ਤੇ ਬਾਲ ਵਿਕਾਸ ਮੰਤਰੀ ਮੇਨਕਾ ਗਾਂਧੀ ਦਾ ਹੈ, ਜਿਨ੍ਹਾਂ ਕੋਲ 1.47 ਕਰੋੜ ਰੁਪਏ ਦੇ ਗਹਿਣੇ ਹਨ। ਮੇਨਕਾ ਗਾਂਧੀ ਕੋਲ ਕੁੱਲ ਜਾਇਦਾਦ 37.66 ਕਰੋੜ ਰੁਪਏ ਦੀ ਹੈ। ਕੇਂਦਰੀ ਮਾਨਵ ਸਰੋਤ ਵਿਕਾਸ ਮੰਤਰੀ ਸਮ੍ਰਿਤੀ ਇਰਾਨੀ ਕੋਲ 19.85 ਲੱਖ ਰੁਪਏ ਦੇ ਗਹਿਣੇ ਹਨ ਜਦਕਿ ਉਸ ਕੋਲ ਕੁੱਲ ਸੰਪਤੀ 9.30 ਕਰੋੜ ਰੁਪਏ ਦੀ ਹੈ। ਕੇਂ ਮੰਤਰੀ ਸੁਸ਼ਮਾ ਸਵਰਾਜ ਕੋਲ ਸਿਰਫ਼ 8.36 ਲੱਖ ਰੁਪਏ ਦੇ ਹੀ ਗਹਿਣੇ ਹਨ ਜਦਕਿ ਉਨ੍ਹਾਂ ਕੋਲ ਕੁੱਲ ਸੰਪਤੀ 12.19 ਕਰੋੜ ਰੁਪਏ ਦੀ ਹੈ। ਡਾ. ਨਜਮਾ ਹੈਪਤੁੱਲਾ ਕੋਲ 21 ਲੱਖ ਰੁਪਏ ਦੇ ਗਹਿਣੇ ਹਨ ਅਤੇ ਕਿ ਕੁੱਲ ਸੰਪਤੀ 26.69 ਕਰੋੜ ਰੁਪਏ ਦੀ ਹੈ। ਵਿਰੋਧੀ ਧਿਰ 'ਚੋਂ ਸੋਨੀਆ ਗਾਂਧੀ ਦੀ ਗਹਿਣਿਆਂ ਦੀ ਕੀਮਤ ਤੇ ਨਜ਼ਰ ਮਾਰੀਏ ਤਾਂ ਉਨ੍ਹਾਂ ਕੋਲ ਇਸ ਵੇਲੇ 62.26 ਲੱਖ ਰੁਪਏ ਦੇ ਗਹਿਣੇ ਹਨ ਅਤੇ ਸਾਲ 2009 ਵਿੱਚ ਉਨ੍ਹਾਂ ਕੋਲ 29.37 ਲੱਖ ਰੁਪਏ ਦੇ ਗਹਿਣੇ ਸਨ।

ਵੇਰਵਿਆਂ ਅਨੁਸਾਰ ਕੇਂਦਰੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਚੌਧਰੀ ਬਿਰੇਂਦਰ ਸਿੰਘ ਕੋਲ 24.30 ਲੱਖ ਰੁਪਏ ਦੇ ਗਹਿਣੇ ਹਨ ਜਦਕਿ ਉਨ੍ਹਾਂ ਕੋਲ 9.72 ਕਰੋੜ ਰੁਪਏ ਦੀ ਕੁੱਲ ਸੰਪਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਸਿਰਫ਼ 1.20 ਲੱਖ ਰੁਪਏ ਦੀ ਗਹਿਣੇ ਹਨ ਅਤੇ ਉਹ ਕੁੱਲ 1.26 ਕਰੋੜ ਰੁਪਏ ਦੀ ਸੰਪਤੀ ਦੇ ਮਾਲਕ ਹਨ। ਪ੍ਰਧਾਨ ਮੰਤਰੀ ਨੇ ਆਪਣੀ ਪਤਨੀ ਵਾਲੇ ਕਾਲਮ ਵਿੱਚ ਸੰਪਤੀ ਦੇ ਵੇਰਵਿਆਂ ਵਾਰੇ ਕੋਈ ਜਾਣਕਾਰੀ ਨਹੀਂ ਲਿਖੀ ਹੈ। ਕੇਂਦਰੀ ਵਜ਼ਾਰਤ ਵਿੱਚ ਸਭ ਤੋਂ ਜ਼ਿਆਦਾ ਸੰਪਤੀ ਵਿੱਤ ਮੰਤਰੀ ਅਰੁਣ ਜੇਤਲੀ ਕੋਲ ਹੈ, ਜੋ 113 ਕਰੋੜ ਰੁਪਏ ਦੇ ਕਰੀਬ ਬਣਦੀ ਹੈ। ਦੂਸਰਾ ਨੰਬਰ ਹਰਸਿਮਰਤ ਕੌਰ ਬਾਦਲ ਦਾ ਹੈ, ਜਿਨ੍ਹਾਂ ਕੋਲ ਕੁੱਲ ਸੰਪਤੀ 108 ਕਰੋੜ ਰੁਪਏ ਦੇ ਕਰੀਬ ਹੈ। ਗ੍ਰਹਿ ਮੰਤਰੀ ਰਾਜਨਾਥ ਸਿੰਘ ਕੋਲ 1.56 ਕਰੋੜ ਰੁਪਏ ਦੀ ਸੰਪਤੀ ਹੈ ਜਿਸ 'ਚੋਂ 4.80 ਲੱਖ ਰੁਪਏ ਦੇ ਗਹਿਣੇ ਹਨ।

# ਬਾਦਲਾਂ ਦੀਆਂ ਬੱਸਾਂ ਰੁਕਣ ਕਾਰਨ ਹੁਣ ਵਧਣ ਲੱਗਿਆ ਹੈ ਸਰਕਾਰੀ ਬੱਸਾਂ ਦਾ ਮੁਨਾਫ਼ਾ

**ਮਾਨਸਾ-** ਬਾਦਲਾਂ ਵਲੋਂ ਔਰਬਿਟ ਬੱਸ ਸੇਵਾ ਮੁਲਤਵੀ ਕਰਨ ਤੋਂ ਬਾਅਦ ਭਾਵੇਂ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ) ਅਤੇ ਪੰਜਾਬ ਰੋਡਵੇਜ਼ ਦੀ ਲਗਾਤਾਰ ਤਿੰਨ ਦਿਨਾਂ ਤੋਂ ਕਮਾਈ ਵੱਧਣ ਦੇ ਵੇਰਵੇ ਸਾਹਮਣੇ ਆਉਣ ਲੱਗੇ ਹਨ, ਜਿਸ ਤੋਂ ਸਪੱਸ਼ਟ ਹੋਣ ਲੱਗਿਆ ਹੈ ਕਿ ਰਾਜ ਵਿਚ ਕਾਰਪੋਰੇਸ਼ਨ ਦਾ ਬੇੜਾ ਔਰਬਿਟ ਦੇ ੍ਭਾਰ ਨਾਲ ਹੀ ਡੁੱਬਿਆ ਹੈ। ਔਰਬਿਟ ਦੀ ਚੜ੍ਹਾਈ ਪੰਜਾਬ ਵਿਚ 2007 ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣਨ ਤੋਂ ਬਾਅਦ ਹੋਣ ਲੱਗੀ ਹੈ, ਜਦੋਂ ਕਿ ਕਾਰਪੋਰੇਸ਼ਨ ਦੇ ਖੰਭ ਵੀ ਇਸੇ ਹਕੂਮਤ ਦੇ ਸੱਤਾ ਸੰਭਾਲਣ ਤੋਂ ਬਾਅਦ ਕੁਤਰੇ ਜਾਣ ਲੱਗੇ ਸਨ। ਪੀ.ਆਰ.ਟੀ.ਸੀ ਦੇ ਸਾਬਕਾ ਡਾਇਰੈਕਟਰ ਕਰਮ ਸਿੰਘ ਚੌਹਾਨ, ਜੋ 2007 ਤੋਂ ਬਾਅਦ ਡਾਇਰੈਕਟਰ ਵੱਜੋ ਸਿਆਸੀ ਤੌਰ 'ਤੇ ਪਾਸੇ ਕੀਤੇ ਗਏ ਸਨ, ਨੇ ਦੱਸਿਆ ਕਿ ਨਵੀਂ ਹਕੂਮਤ ਵਲੋਂ ਆਪਣੇ ਹਿੱਤ ਪੂਰਨ ਲਈ, ਜੋ ਫੰਡ ਕਾਰਪੋਰੇਸ਼ਨ ਨੂੰ ਮੁਹੱਈਆ ਕਰਵਾਇਆ ਜਾਣਾ ਸੀ, ਉਹ ਨਹੀਂ ਕੀਤਾ ਗਿਆ ਸੀ, ਜਿਸ ਕਾਰਨ ਔਰਬਿਟ ਉਪਰ ਉਠਦੀ ਗਈ ਅਤੇ ਸਰਕਾਰੀ ਲਾਰੀਆਂ ਥੱਲੇ ਹੁੰਦੀਆਂ ਗਈਆਂ।

ਉਨ੍ਹਾਂ ਵਲੋਂ ਦਿੱਤੇ ਗਏ ਵੇਰਵਿਆਂ ਤੋਂ ਪਤਾ ਲੱਗਿਆ ਹੈ ਕਿ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ ਸਰਕਾਰੀ ਬੱਸਾਂ ਦੀ ਲਗਾਤਾਰ ਗਿਣਤੀ ਘਟਣ ਤੋਂ ਬਾਅਦ ਅਤੇ ਆਵਾਜਾਈ ਖੇਤਰ ਵਿਚ ਪੰਜਾਬ ਸਰਕਾਰ ਵਲੋਂ ਨਿੱਜੀ ਖੇਤਰ ਦਾ ਹਿੱਸਾ ਵਧਾਉਣ ਦੀ ਨੀਤੀ ਕਰਕੇ, ਰਾਜ ਦੇ ਪੇਂਡੂ ਖੇਤਰਾਂ 'ਚੋ ਸਰਕਾਰੀ ਬੱਸਾਂ ਦੀ ਸੇਵਾ ਲਗਭਗ ਖਤਮ ਹੋ ਗਈ ਅਤੇ ਇਹ ਸੇਵਾ ਸਿਰਫ ਮੁੱਖ ਰੂਟਾਂ ਅਤੇ ਸ਼ਹਿਰਾਂ ਤੱਕ ਹੀ ਸੀਮਿਤ ਹੋਕੇ ਰਹਿ ਗਈ ਹੈ। ਪਿੰਡਾਂ ਨਾਲ ਜੁੜੇ ਹੋਏ ਸ਼ਹਿਰੀ ਰੂਟਾਂ ਨੂੰ ਟਰਾਂਸਪੋਰਟਰਾਂ ਨੇ ਸ਼ਹਿਰਾਂ ਤੋਂ ਸ਼ਹਿਰਾਂ ਤੱਕ ਕਰਵਾ ਲਿਆ। ਜਥੇਦਾਰਾਂ ਦੇ ਰਾਜ ਵਿਚ ਅਜਿਹੇ ਰੂਟ ਵੱਧ ਸ਼ਹਿਰਾਂ ਨਾਲ ਜੋੜੇ ਗਏ, ਹਾਲਾਂਕਿ ਜਥੇਦਾਰ ਖੁਦ ਰਿਹਾਇਸ਼ਾਂ ਪੱਖੋ ਪਿੰਡਾਂ ਨਾਲ ਜੁੜੇ ਹੋਏ ਸਨ। ਪੇਂਡੂ ਰੂਟਾਂ ਨੂੰ ਸ਼ਹਿਰਾਂ ਨਾਲ ਜੋੜਨ ਦੇ ਮਾਮਲੇ ਵਿਚ ਭਾਵੇਂ ਪੀ.ਆਰ.ਟੀ.ਸੀ ਨੇ ਪਹਿਲ ਕੀਤੀ, ਪਰ ਬਾਅਦ ਵਿਚ ਕਾਰਪੋਰੇਸ਼ਨ ਦੀਆਂ ਬੱਸਾਂ ਘਟਣ ਕਰਕੇ ਦਿਹਾਤੀ ਖੇਤਰ ਦਾ ਪੱਕੇ ਤੌਰ 'ਤੇ ਵੱਡੀਆਂ ਬੱਸਾਂ ਵਲੋਂ ਭੋਗ ਪਾਇਆ ਗਿਆ ਅਤੇ ਪੇਂਡੂ ਖੇਤਰ ਦੇ ਰੂਟ ਸਿਰਫ ਮਿੰਨੀ ਬੱਸਾਂ ਆਸਰੇ ਰਹਿ ਗਏ। ਪ੍ਰਾਪਤ ਵੇਰਵਿਆਂ ਤੋਂ ਪਤਾ ਲੱਗਿਆ ਹੈ ਕਿ ਅੱਜ ਕੱਲ ਪੇਂਡੂ ਖੇਤਰਾਂ ਦੀ ਸਾਰੀ ਸੇਵਾ ਪੰਜਾਬ ਸਰਕਾਰ ਵਲੋਂ, ਔਰਬਿਟ ਦੀ ਥਾਂ ਛੋਟੇ ਪ੍ਰਾਈਵੇਟ ਬੱਸ ਮਾਲਕਾਂ ਦੇ ਰਹਿਮੋ-ਕਰਮ ਉਤੇ ਛੱਡ ਦਿੱਤੀ ਗਈ ਹੈ।

# ਆਲੀਆ ਭੱਟ ਦੇ ਨਿਸ਼ਾਨੇ ਉਤੇ ਹੈ 'ਉੜਤਾ ਪੰਜਾਬ'



ਕਰੀਨਾ ਕਪੂਰ ਨੂੰ ਆਪਣਾ ਆਦਰਸ਼ ਮੰਨਣ ਵਾਲੀ ਫ਼ਿਲਮਕਾਰ ਮਹੇਸ਼ ਭੱਟ ਅਤੇ ਸੋਨੀ ਰਜ਼ਦਾਨ ਦੀ ਲਾਡਲੀ ਆਲੀਆ ਭੱਟ ਅੱਜ ਬਾਲੀਵੁੱਡ ਵਿਚ ਸਿਖਰਾਂ ਨੂੰ ਛੂਹ ਰਹੀ ਹੈ। ਅੱਜ ਕੱਲ੍ਹ ਉਹ ਸ਼ਾਹਿਦ ਕਪੂਰ ਅਤੇ ਕਰੀਨਾ ਕਪੂਰ ਨਾਲ ਆ ਰਹੀ ਆਪਣੀ ਨਵੀਂ ਫ਼ਿਲਮ 'ਉੜਤਾ ਪੰਜਾਬ' ਨੂੰ ਲੈ ਕੇ ਕਾਫ਼ੀ ਉਤਸ਼ਾਹਿਤ ਹੈ। ਇਸ ਫ਼ਿਲਮ ਵਿੱਚ ਉਹ ਹਾਕੀ ਖਿਡਾਰਨ ਦਾ ਕਿਰਦਾਰ ਨਿਭਾ ਰਹੀ ਹੈ, ਜਿਸ ਲਈ ਉਹ ਰੋਜ਼ਾਨਾ ਦੋ ਘੰਟੇ ਹਾਕੀ ਦਾ ਅਭਿਆਸ ਕਰਨ ਦੇ ਨਾਲ ਹਾਕੀ ਮਾਹਿਰਾਂ ਤੋਂ ਵੀ ਟਰੇਨਿੰਗ ਲੈ ਰਹੀ ਹੈ। ਗੱਲ ਕੀ, ਆਲੀਆ ਆਪਣੀ ਚਹੇਤੀ ਕਰੀਨਾ ਕਪੂਰ ਅੱਗੇ ਕਿਸੇ ਵੀ ਤਰ੍ਹਾਂ ਘੱਟ ਨਹੀਂ ਦਿਖਣਾ ਚਾਹੁੰਦੀ। ਉਂਜ ਵੀ 'ਜਬ ਵੂਈ ਮੈਟ' ਤੋਂ ਬਾਅਦ ਪਹਿਲੀ ਵਾਰ ਸ਼ਾਹਿਦ ਅਤੇ ਕਰੀਨਾ ਕਿਸੇ ਫ਼ਿਲਮ 'ਚ ਇਕੱਠੇ ਨਜ਼ਰ ਆਉਣ ਵਾਲੇ ਹਨ ਅਤੇ 'ਜਬ ਵੂਈ ਮੈਟ' ਦੀ ਸਫ਼ਲਤਾ ਅਤੇ ਜੋੜੀ ਨੂੰ ਦਰਸ਼ਕਾਂ ਵੱਲੋਂ ਮਿਲੇ ਹੁੰਗਾਰੇ ਤੋਂ ਆਲੀਆ ਵੀ ਚੰਗੀ ਤਰ੍ਹਾਂ ਵਾਕਿਫ਼ ਹੈ।

15 ਮਾਰਚ 1993 ਨੂੰ ਜੰਮੀ ਆਲੀਆ ਨੇ ਬਹੁਤ ਛੋਟੀ ਉਮਰ ਵਿੱਚ ਬਾਲੀਵੁੱਡ 'ਚ ਵੱਖਰਾ ਮੁਕਾਮ ਹਾਸਲ ਕਰ ਲਿਆ ਹੈ। ਬੇਸ਼ੱਕ, ਇਸ ਵਿੱਚ ਪਿਤਾ ਫ਼ਿਲਮਕਾਰ ਮਹੇਸ਼ ਭੱਟ ਦਾ ਵੀ ਯੋਗਦਾਨ ਕਿਹਾ ਜਾ ਸਕਦਾ ਹੈ, ਪਰ ਆਲੀਆ ਇਮਤਿਆਜ਼ ਅਲੀ ਦੀ ਫ਼ਿਲਮ 'ਹਾਈਵੇ' ਵਿਚਲਾ ਕਿਰਦਾਰ ਨਿਭਾ ਕੇ ਆਪਣੇ ਹੁਨਰ ਤੇ ਅਦਾਕਾਰੀ ਦਾ ਲੋਹਾ ਮੰਨਵਾ ਚੁੱਕੀ ਹੈ। ਇਸ ਫ਼ਿਲਮ ਲਈ ਉਹ ਪ੍ਰਸ਼ੰਸਕਾਂ ਅਤੇ ਆਲੋਚਕਾਂ, ਦੋਵਾਂ ਦੀ ਪ੍ਰਸ਼ੰਸਾ ਖੱਟਣ 'ਚ ਕਾਮਯਾਬ ਰਹੀ ਸੀ। ਐਨਾ ਹੀ ਨਹੀਂ ਉਸ ਨੇ ਆਪਣੇ ਸਮੇਂ ਦੀਆਂ ਸਾਰੀਆਂ ਨਾਇਕਾਵਾਂ ਨੂੰ ਪਛਾੜਦੇ ਹੋਏ ਫ਼ਿਲਮਫੇਅਰ ਕ੍ਰਿਟਕਸ ਐਵਾਰਡ ਫਾਰ ਬੈਸਟ ਐਕਟ੍ਰੈਸ ਵੀ ਜਿੱਤਿਆ ਅਤੇ ਫ਼ਿਲਮਫੇਅਰ ਦੇ ਸਰਬੋਤਮ ਅਦਾਕਾਰਾ ਐਵਾਰਡ ਲਈ ਵੀ ਨਾਮਜ਼ਦ ਹੋਈ।

ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਛੋਟੀ ਜਿਹੀ ਉਮਰ 'ਚ ਐ-ਨੀਆਂ ਪ੍ਰਾਪਤੀਆਂ ਕਰਨ ਅਤੇ ਬਾਲੀਵੁੱਡ 'ਚ ਆਪਣਾ ਨਾਂ ਬਣਾਉਣ ਵਾਲੀ ਆਲੀਆ ਭੱਟ ਨੇ 1999 ਵਿੱਚ ਅਕਸ਼ੈ ਕੁਮਾਰ ਅਤੇ ਪ੍ਰੀਤੀ ਜ਼ਿੰਟਾ ਦੀ ਅਦਾਕਾਰੀ ਨਾਲ ਸਜੀ ਫ਼ਿਲਮ 'ਸੰਘਰਸ਼' ਵਿੱਚ ਪ੍ਰੀਤੀ ਦੇ ਬਚਪਨ ਦਾ ਕਿਰਦਾਰ ਨਿਭਾਇਆ ਸੀ। ਉਂਜ ਉਸ ਨੇ ਆਪਣੀ ਫ਼ਿਲਮੀ ਪਾਰੀ ਦੀ ਸ਼ੁਰੂਆਤ ਸਿਧਾਰਥ ਮਲਹੋਤਰਾ ਅਤੇ ਵਰੁਣ ਧਵਨ ਨਾਲ ਕਰਨ ਜੌਹਰ ਦੀ ਰੋਮਾਂਟਿਕ ਕਾਮੇਡੀ 'ਸਟੂਡੈਂਟ ਆਫ਼ ਦਾ ਯੀਅਰ' ਨਾਲ ਕੀਤੀ ਸੀ। ਆਲੀਆ ਚੇਤਨ ਭਗਤ ਦੇ ਨਾਵਲ 'ਤੇ ਆਧਾਰਿਤ ਫ਼ਿਲਮ 'ਟੂ ਸਟੇਟਸ' ਵਿੱਚ ਅਰਜੁਨ ਕਪੂਰ ਨਾਲ ਵੀ ਕੰਮ ਕਰ ਚੁੱਕੀ ਹੈ। ਉਹ ਵਰੁਣ ਧਵਨ ਨਾਲ 'ਹੰਪਟੀ ਸ਼ਰਮਾ ਕੀ ਦੁਲਹਨੀਆ ਵੀ ਕਰ ਚੁੱਕੀ ਹੈ। ਐਨਾ ਹੀ ਨਹੀਂ, ਉਹ ਆਪਣੀ ਫ਼ਿਲਮ 'ਚ ਦੋ ਗੀਤ ਵੀ ਗਾ ਚੁੱਕੀ ਹੈ।

ਜੇ ਆਲੀਆ ਦੇ ਨਿੱਜੀ ਜੀਵਨ ਦੀ ਗੱਲ ਕੀਤੀ ਜਾਵੇ ਤਾਂ ਉਸ ਦਾ ਨਾਂ ਹੁਣ ਤਕ ਸਿਧਾਰਥ ਮਲਹੋਤਰਾ, ਵਰੁਣ ਧਵਨ, ਅਰਜੁਨ ਕਪੂਰ ਨਾਲ ਜੁੜ ਚੁੱਕਿਆ ਹੈ, ਪਰ ਉਸ ਨੂੰ ਇਨ੍ਹਾਂ ਗੱਲਾਂ ਨਾਲ ਕੋਈ ਫ਼ਰਕ ਨਹੀਂ ਪੈਂਦਾ। ਉਸ ਨੇ ਵਰੁਣ ਨੂੰ ਹਮੇਸ਼ਾਂ ਆਪਣਾ ਵਧੀਆ ਦੋਸਤ ਦੱਸਿਆ ਹੈ।

ਆਉਣ ਵਾਲੇ ਸਮੇਂ ਵਿੱਚ ਆਲੀਆ ਫ਼ਿਲਮ 'ਸ਼ਾਨਦਾਰ' ਵਿੱਚ ਸ਼ਾਹਿਦ ਨਾਲ ਨਜ਼ਰ ਆਵੇਗੀ। 'ਸ਼ਾਨਦਾਰ' ਇੱਕ ਭਾਰਤੀ ਰੋਮਾਂਟਿਕ ਕਾਮੇਡੀ ਫ਼ਿਲਮ ਹੈ। ਇਸ ਵਿੱਚ ਪੰਕਜ ਕਪੂਰ ਅਤੇ ਸੰਜੇ ਕਪੂਰ ਦੀਆਂ ਵੀ ਅਹਿਮ ਭੂਮਿਕਾਵਾਂ ਹਨ। ਵਿਕਾਸ ਬਹਿਲ ਦੁਆਰਾ ਨਿਰਦੇਸ਼ਤ ਇਸ ਫ਼ਿਲਮ ਦੇ ਨਿਰਮਾਤਾ ਕਰਨ ਜੌਹਰ, ਅਨੁਰਾਗ ਕਸ਼ਯਪ ਅਤੇ ਵਿਕਰਮਾਦਿੱਤਿਆ ਮੋਟਵਾਨੇ ਹਨ। ਇਸ ਫ਼ਿਲਮ ਵਿੱਚ ਕਰਨ ਜੌਹਰ ਵੀ ਇੱਕ ਅਹਿਮ ਭੂਮਿਕਾ ਨਿਭਾ ਰਹੇ ਹਨ।

ਚੁਲਬੁਲੀ ਆਲੀਆ ਖ਼ੁਦ ਦੀ ਕੱਪੜਿਆਂ ਦੀ ਇੱਕ ਰੇਂਜ ਵੀ ਸ਼ੁਰੂ ਕਰ ਚੁੱਕੀ ਹੈ। ਅੱਜ ਤਕ ਬਬਲੀ ਗਰਲ ਵਜੋਂ ਜਾਣੀ ਜਾਂਦੀ ਆਲੀਆ ਇੱਕ ਖਿਡਾਰਨ ਵਜੋਂ ਆਪਣੇ ਦਰਸ਼ਕਾਂ ਦਾ ਦਿਲ ਜਿੱਤ ਪਾਵੇਗੀ ਜਾਂ ਨਹੀਂ, ਇਹ ਤਾਂ ਸਮਾਂ ਹੀ ਦੱਸੇਗਾ। ਉਂਜ, ਉਹ 'ਸ਼ਾਨਦਾਰ' ਤੇ 'ਉੜਤਾ ਪੰਜਾਬ' ਨੂੰ ਲੈ ਕੇ ਬਹੁਤ ਉਤਸ਼ਾਹਿਤ ਹੈ।

# ਯਾਦਾਂ ਵਿੱਚ ਵਸਿਆ ਯੂਬਾ ਸਿਟੀ ਦੀ ਕਲੱਬ ਵਲੋਂ ਕਰਵਾਇਆ ਗਿਆ ਵਿਸ਼ਵ ਕਬੱਡੀ ਟੂਰਨਾਮੈਂਟ

48 ਅੰਕਾਂ ਨਾਲ ਹਰਾ ਕੇ ਕਬੱਡੀ ਕੱਪ ਤੇ ਕਬਜ਼ਾ ਕੀਤਾ। ਹੋਰ ਕਬੱਡੀ ਕਲੱਬਾਂ ਦੇ ਮਸ਼ਹੂਰ ਖਿਡਾਰੀਆਂ ਨੇ ਆਪਣੀ ਖੇਡ ਦਾ ਮੁਜ਼ਾਹਰਾ ਕੀਤਾ। ਕੈਲੀਫੋਰਨੀਆਂ ਕਬੱਡੀ ਫੈਡਰੇਸ਼ਨ ਆਫ਼ ਅਮਰੀਕਾ ਦੇ ਨਿਯਮਾਂ ਮੁਤਾਬਕ ਸ:ਸੁਰਿੰਦਰ ਸਿੰਘ ਅਟਵਾਲ ਦੀ ਯੋਗ ਅਗਵਾਈ ਵਿੱਚ ਇਸ ਕਬੱਡੀ ਕੱਪ ਦੇ ਮੈਚ ਖੇਡੇ ਗਏ। ਇਸ ਖੇਡ ਮੇਲੇ ਦੌਰਾਨ ਹੋਰ ਖੇਡਾਂ ਵਾਲੀਬਾਲ, ਵੇਟਲਿਫਟਿੰਗ, ਫੁੱਟਬਾਲ ਅਤੇ ਬਾਸਕਟਬਾਲ ਦੇ ਮੈਚ ਵੀ ਕਰਵਾਏ ਗਏ। ਇਨ੍ਹਾਂ ਖੇਡਾਂ ਵਿੱਚੋਂ ਵਾਲੀਬਾਲ ਦੀ ਫਰਿਜ਼ਨੋ ਟੀਮ ਨੇ ਵਾਸ਼ਿੰਗਟਨ ਦੀ ਟੀਮ ਤੇ ਜਿੱਤ ਦਰਜ ਕੀਤੀ। ਫੁੱਟਬਾਲ ਦੀ ਯੂਬਾ ਸਿਟੀ ਦੀ ਟੀਮ ਨੇ ਫਰਿਜ਼ਨੋ ਦੀ ਟੀਮ ਨੂੰ ਹਰਾ ਕੇ ਜਿੱਤ ਦਰਜ ਕੀਤੀ। ਬਾਸਕਟਬਾਲ ਦੀ ਯੂਬਾ ਸਿਟੀ ਦੀ ਟੀਮ ਨੇ ਬੇਅ ਟੂ ਬੇਅ ਦੀ ਟੀਮ ਨੂੰ ਹਰਾਇਆ। ਖਿਡਾਰੀਆਂ ਦਾ ਮਾਨ ਸਨਮਾਨ ਕਰਨ ਲਈ ਸ : ਦੀਦਾਰ ਸਿੰਘ ਬੈਂਸ ਵਲੋਂ ਯੂਬਾ ਸਿਟੀ ਕਲੱਬ ਵਾਸਤੇ ਦਸ ਹਜ਼ਾਰ ਡਾਲਰ ਦਿੱਤੇ। ਇਸ ਦੇ ਨਾ਼ਲ ਹੀ ਉਨ੍ਹਾਂ ਕਬੱਡੀ ਖਿਡਾਰੀ ਜੌਨੀ ਗਿੱਲ ਨੂੰ ਪੰਜ ਹਜ਼ਾਰ ਡਾਲਰ ਅਤੇ ਗੋਲਡ ਮੈਡਲ ਨਾ਼ਲ ਸਨਮਾਨਤ ਕੀਤਾ। ਇਸ ਤਰ੍ਹਾਂ ਹੀ ਯੂਬਾ ਸਿਟੀ ਦੇ ਉੱਘੇ ਕਿਸਾਨ ਸਰਬਜੀਤ ਸਿੰਘ ਥਿਆੜਾ ਨੇ ਵੀ ਨਾਮਵਰ ਕਬੱਡੀ ਖਿਡਾਰੀ ਤੀਰਥ ਗਾਖਲ ਨੂੰ ਪੰਜ ਹਜ਼ਾਰ ਡਾਲਰ ਅਤੇ ਹੋਰ ਖਿਡਾਰੀਆਂ ਨੂੰ ਚਾਰ ਸੋਨੇ ਦੀਆਂ ਚੇਨੀਆਂ ਦੇ ਨਾ਼ਲ ਨਾ਼ਲ ਚਾਰ ਟੀਮਾਂ ਨੂੰ ਉਨ੍ਹਾਂ ਵਲੋਂ ਗਿਆਰਾਂ ਗਿਆਰਾਂ ਸੌ ਡਾਲਰ ਇਨਾਮ ਵਜੋਂ ਦਿੱਤੇ। ਨਕਦ ਇਨਾਮ ਦੇ ਰੂਪ ਵਿੱਚ ਹੋਰ ਰਾਸ਼ੀ ਵੀ ਇਨਾਮ ਵਜੋਂ ਦਿੱਤੀ। ਇਸ ਤਰ੍ਹਾਂ ਹੀ ਸਮਾਜ ਸੇਵਕ ਡਾ: ਬਲਵਿੰਦਰ ਸਿੰਘ ਮੱਲ੍ਹੀ ਵਲੋਂ ਵੀ 10 ਹਜ਼ਾਰ ਡਾਲਰ ਦੀ ਰਾਸ਼ੀ ਖੇਡਾਂ ਵਾਸਤੇ ਦਿੱਤੀ। ਇਸ ਟੂਰਨਾਮੈਂਟ ਵਿਚ ਬੈਸਟ ਰੇਡਰ ਸੰਦੀਪ ਲੁੱਧੜ, ਬੈਸਟ ਜਾਫੀ ਪਾਲਾ ਤੇ ਨੰਗਲ ਅੰਬੀਆਂ ਨੂੰ ਚੁਣਿਆਂ ਗਿਆ। ਇਸ ਟੂਰਨਾਂਮੈਂਟ ਵਿੱਚ ਅੰਡਰ 21 ਜਿੱਤਣ ਵਾਲੀ ਯੂਬਾ ਸਿਟੀ ਟੀਮ ਦਾ ਬੈਸਟ ਰੇਡਰ ਕਰਮਾ ਰਿਹਾ। ਇਨਾਮਾਂ ਦੀ ਛਹਿਬਰ ਵਿੱਚ ਸ਼ੱਬਾ ਥਿਆੜਾ ਵਲੋਂ ਸੁਰਿੰਦਰ ਅਟਵਾਲ ਦਾ ਸੋਨੇ ਦੀ ਚੇਨੀ ਨਾ਼ਲ ਸਨਮਾਨ ਕੀਤਾ। ਸਾਰੇ ਕਬੱਡੀ ਦੇ ਮੈਚ ਉੱਘੇ ਕਾਰੋਬਾਰੀ ਸ: ਜੌਹਨ ਸਿੰਘ ਗਿੱਲ ਅਤੇ ਫੈਡਰੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ ਦੀ ਨਿਗਰਾਨੀ ਵਿੱਚ ਕਰਵਾਏ ਗਏ। ਇਸ ਖੇਡ ਟੂਰਨਾਮੈਂਟ ਵਿਚ ਡਿਸਟਰਿਕ ਅਟਾਰਨੀ ਅਮਾਂਡਾ ਹੂਪਰ ਨੇ ਵੀ ਸ਼ਿਰਕਤ ਕੀਤੀ। ਉਹਨਾਂ ਦੇ ਨਾਲ ਸਟਰ ਕਾਉ ਦੀ ਡਿਸਟ੍ਰਿਕ ਅਟਾਰਨੀ ਪਾਲ ਪਨਵਰ ਸ਼ੈਰਿਫ, ਸਿੱਖ ਟੈਂਪਲ ਟਾਇਰਾ ਬਿਉਨਾ ਦੇ ਚੇਅਰਮੈਨ ਤੇਜਿੰਦਰ ਸਿੰਘ ਦੁਸਾਂਝ, ਜਗਦੀਪ ਸਿੰਘ ਬਾਜਵਾ, ਕੁਲਦੀਪ ਸਿੰਘ ਕਾਹਲੋਂ, ਜੋਗਿੰਦਰ ਸਿੰਘ ਦੁਲਈ, ਕਸ਼ਮੀਰ ਸਿੰਘ ਰਾਏ, ਨਿੱਝਰ ਬ੍ਰਦਰਜ਼ ਅੰਮ੍ਰਿਤਪਾਲ ਸਿੰਘ ਨਿੱਝਰ ਅਤੇ ਸੁਰਿੰਦਰਪਾਲ ਸਿੰਘ ਨਿੱਝਰ, ਗੋਲਡਨ ਸਟੇਟ ਟਰੱਕ ਇੰਕ ਦੇ ਮਾਲਕ ਧਰਮਿੰਦਰ ਸਿੰਘ, ਬਲਵੀਰ ਸੁੰਮਨ (ਸਟਾਰ ਐਕਸਪ੍ਰੈਸ ਟਰੱਕਿੰਗ ਇੰਕ), ਜਸਵਿੰਦਰ ਬੰਗਾ (ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ), ਮੇਜਰ ਸਿੰਘ ਬੈਂਸ (ਉਘੇ ਬਿਜਨਸਮੈਨ), ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ), ਧੀਰਾ ਨਿੱਝਰ, ਰਣਜੀਤ ਕੰਦੋਲਾ (ਪੱਤਰਕਾਰ) ਆਦਿ ਨੇ ਵੀ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਸ: ਗੁਰਨਾਮ ਸਿੰਘ ਪੰਮਾ, ਦੀਦਾਰ ਸਿੰਘ ਬੈਂਸ ਅਤੇ ਅਮਾਂਡਾ ਹੂਪਰ ਵਲੋਂ ਹਾਜ਼ਰ ਦਰਸ਼ਕਾਂ ਦਾ ਧੰਨਵਾਦ ਕੀਤਾ। ਇਸ ਟੂਰਨਾਮੈਂਟ ਵਿਚ ਕਬੱਡੀ ਮੈਚਾਂ ਵਿਚ ਕਮਾਲ ਦੀ ਕਮੈਂਟਰੀ ਕਰਨ ਵਾਲੇ ਸ: ਰੰਡਿਆਲਾ ਅਤੇ ਕੈਨੇਡਾ ਤੋਂ ਇਕਬਾਲ ਗਾਲਿਬ ਨੇ ਬਹੁਤ ਹੀ ਵਧੀਆ ਕਮੈਂਟਰੀ ਦੀ ਭੂਮਿਕਾ ਨਿਭਾਈ। ਸਟੇਜ ਸੰਚਾਲਨ ਸਟੇਜ ਦੀ ਮਲਿਕਾ ਵਜੋਂ ਜਾਣੀ ਜਾਂਦੀ ਮੈਡਮ ਆਸ਼ਾ ਸ਼ਰਮਾ ਨੇ ਕੀਤਾ। ਸਮਾਜ ਸੇਵਾ ਵਿੱਚ ਆਪਣਾ ਯੋਗਦਾਨ ਪਾਉਂਦਿਆਂ 13 ਹਜ਼ਾਰ ਡਾਲਰ ਸਿੱਖ ਸੇਵਾ ਸੁਸਾਇਟੀ ਵਲੋਂ ਇੱਕਤਰ ਕੀਤਾ ਗਿਆ ਜੋ ਨੇਪਾਲ ਵਿੱਚ ਭੂਚਾਲ ਪੀੜਤਾਂ ਵਾਸਤੇ ਭੇਜਿਆ ਜਾਵੇਗਾ। ਇਸ ਟੂਰਨਾਮੈਂਟ ਵਿੱਚ ਫੈਡਰੇਸ਼ਨ ਦੇ ਪ੍ਰਧਾਨ ਸ: ਸੁਰਿੰਦਰ ਸਿੰਘ ਅਟਵਾਲ ਵਲੋਂ ਸਾਰੇ ਦਰਸ਼ਕਾਂ ਦਾ ਧੰਨਵਾਦ ਕੀਤਾ ਗਿਆ।

# ਬਾਦਲ ਦੇ ਰਿਸ਼ਤੇਦਾਰਾਂ ਦੀ ਬੱਸ ਤੇ ਕੱਢਿਆ ਲੋਕਾਂ ਨੇ ਗੁੱਸਾ

ਦੇ ਨਾਲ-ਨਾਲ ਰਾਹਗੀਰਾਂ ਤੇ ਬ੍ਰਿਜਿੰਦਰਾ ਕਾਲਜ ਦੇ ਕੁਝ ਵਿਦਿਆਰਥੀਆਂ ਨੂੰ ਬੁਰੀ ਤਰ੍ਹਾਂ ਕੁੱਟਿਆ। ਪੀਐੱਸਯੂ ਦੇ ਆਗੂਆਂ ਨੇ ਮੌਕੇ ਤੋਂ ਭੱਜਣ ਦੀ ਥਾਂ ਪੁਲੀਸ ਦੇ ਲਾਠੀਚਾਰਜ਼ ਦਾ ਸਾਹਮਣਾ ਕੀਤਾ। ਦਸ ਮਿੰਟ ਦੇ ਲਾਠੀਚਾਰਜ਼ ਤੋਂ ਬਾਅਦ ਪੁਲੀਸ ਨੇ ਦੋ ਲੜਕੀਆਂ ਸਮੇਤ 14 ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲੈ ਲਿਆ। ਘਟਨਾ ਤੋਂ ਤੁਰੰਤ ਬਾਅਦ ਡੀ ਆਈ ਜੀ ਵੀ ਮੌਕੇ 'ਤੇ ਪੁੱਜ ਗਿਆ। ਪੁਲੀਸ ਨੇ ਇਸ ਮਾਮਲੇ ਵਿੱਚ 14 ਵਿਦਿਆਰਥੀਆਂ 'ਤੇ ਇਰਾਦਾ ਕਤਲ ਦਾ ਕੇਸ ਦਰਜ ਕਰ ਲਿਆ ਹੈ। ਗ੍ਰਿਫ਼ਤਾਰ ਨੌਜਵਾਨਾਂ ਵਿੱਚ ਪੀਐੱਸਯੂ ਦੀ ਆਗੂ ਹਰਦੀਪ ਕੌਰ ਕੋਟਲਾ, ਅਮਰਨਾਥ, ਕੇਸ਼ਵ, ਕੁਲਦੀਪ ਝੰਬੇਲਵਾਲੀ, ਜਗਜੀਤ ਸਿੰਘ, ਗੁਰਵਿੰਦਰ ਸਿੰਘ ਤੇ ਮੰਗਾ ਸਿੰਘ ਆਜ਼ਾਦ ਪ੍ਰਮੁੱਖ ਤੌਰ 'ਤੇ ਸ਼ਾਮਲ ਹਨ। ਪੁਲੀਸ ਨੇ ਦੀਪ ਟਰਾਂਸਪੋਰਟ ਕੰਪਨੀ ਦੀ ਬੱਸ ਨੂੰ ਥਾਣੇ ਲਾ ਦਿੱਤਾ ਹੈ।

ਐੱਸਐੱਸਪੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਹਿਰਾਸਤ ਵਿੱਚ ਲਏ ਨੌਜਵਾਨਾਂ ਵਿੱਚ ਇੱਕ ਛੇਵੀਂ ਜਮਾਤ ਦਾ ਵਿਦਿਆਰਥੀ ਵੀ ਸ਼ਾਮਲ ਹੈ। ਦੂਜੇ ਪਾਸੇ ਅਗਵਾ ਕਾਂਡ ਵਿਰੋਧੀ ਐਕਸ਼ਨ ਕਮੇਟੀ ਨੇ ਦੋਸ਼ ਲਾਇਆ ਕਿ ਪੁਲੀਸ ਨੇ ਦੀਪ ਟਰਾਂਸਪੋਰਟ ਕੰਪਨੀ ਦੇ ਮਾਲਕਾਂ ਦੇ ਦਬਾਅ ਹੇਠ ਥਾਣੇ ਵਿੱਚ ਵਿਦਿਆਰਥੀ ਆਗੂਆਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ।

ਪੀ ਐੱਸ ਯੂ ਦੇ ਸੂਬਾ ਜਨਰਲ ਸਕੱਤਰ ਰਜਿੰਦਰ ਸਿੰਘ ਤੇ ਜ਼ੋਨਲ ਸਕੱਤਰ ਗਗਨ ਸੰਗਰਾਮੀ ਨੇ ਕਿਹਾ ਕਿ ਦੀਪ ਬੱਸ ਦੇ ਕਰਿੰਦਿਆਂ ਨੇ ਵਿਦਿਆਰਥੀਆਂ ਨਾਲ ਜਾਣ ਬੁੱਝ ਕੇ ਦੁਰਵਿਹਾਰ ਕੀਤਾ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦਾ ਪ੍ਰਦਰਸ਼ਨ ਸ਼ਾਂਤਮਈ ਸੀ ਪਰ ਪੁਲੀਸ ਤੇ ਟਰਾਂਸਪੋਰਟਰਾਂ ਦੀ ਮਿਲੀਭੁਗਤ ਕਾਰਨ ਹਾਲਾਤ ਵਿਗੜ ਗਏ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨਾਲ ਜੁੜੀਆਂ ਟਰਾਂਸਪੋਰਟ ਕੰਪਨੀਆਂ ਖ਼ਿਲਾਫ਼ ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ।

# ਜਦੋਂ 12 ਭਾਜਪਾ ਮੈਂਬਰ ਸਰਕਾਰ ਖ਼ਿਲਾਫ਼ ਹੋ ਗਏ

ਆਏ। ਸ੍ਰੀ ਜੇਤਲੀ ਨੇ ਕਾਂਗਰਸ ਦੇ ਅਧੀਰ ਰੰਜਨ ਚੌਧਰੀ ਵੱਲੋਂ ਕੀਤੀ 'ਕਭੀ ਹਾਂ ਕਭੀ ਨਾ' ਦੀ ਟਿੱਪਣੀ 'ਤੇ ਇਤਰਾਜ਼ ਕੀਤਾ ਅਤੇ ਕਿਹਾ ਕਿ ਟਿੱਪਣੀ ਕਾਂਗਰਸ 'ਤੇ ਪੂਰੀ ਤਰ੍ਹਾਂ ਢੁਕਦੀ ਹੈ।

ਇਸ 'ਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਮੁਸਕਰਾ ਪਈ। ਵਿੱਤ ਮੰਤਰੀ ਨੇ ਕਿਹਾ ਕਿ ਉਹ ਇਸ ਗੱਲ 'ਤੇ ਖੁਸ਼ ਹਨ ਕਿ ਕਾਂਗਰਸ ਪ੍ਰਧਾਨ ਵੀ ਮੁਸਕਰਾ ਰਹੇ ਹਨ। ਉਨ੍ਹਾਂ ਤ੍ਰਿਣਮੂਲ ਕਾਂਗਰਸ ਦੇ ਸੌਗਾਤਾ ਰਾਏ 'ਤੇ ਵੀ ਟਿੱਪਣੀ ਕੀਤੀ ਅਤੇ ਪੱਛਮੀ ਬੰਗਾਲ ਸਰਕਾਰ ਵੱਲੋਂ ਤੰਬਾਕੂ ਪਦਾਰਥਾਂ 'ਤੇ ਲਗਜ਼ਰੀ ਟੈਕਸ ਲਾਏ ਜਾਣ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸ੍ਰੀ ਰਾਏ ਨੂੰ ਵੀ ਆਪਣੀ ਆਦਤ 'ਚ ਸੁਧਾਰ ਕਰਨਾ ਚਾਹੀਦਾ ਹੈ ਅਤੇ ਸਿਗਰਟਨੋਸ਼ੀ ਛੱਡਣੀ ਚਾਹੀਦੀ ਹੈ।

# ਅਮਰੀਕਾ ਨੇ ਪਾਕਿ ਨੂੰ 14 ਲੜਾਕੂ ਜਹਾਜ਼ ਅਤੇ 59 ਜੈੱਟ ਸੌਂਪੇ

ਵਾਸ਼ਿੰਗਟਨ- ਅਮਰੀਕਾ ਨੇ ਪਾਕਿਸਤਾਨ ਨੂੰ 14 ਲੜਾਕੂ ਜਹਾਜ਼, 59 ਫ਼ੌਜੀ ਸਿਖਲਾਈ ਜੈਟ ਅਤੇ 374 ਬਖ਼ਤਰਬੰਦ ਗੱਡੀਆਂ (ਏਪੀਸੀ) ਸੌਂਪ ਦਿੱਤੇ ਹਨ। ਇਨ੍ਹਾਂ ਦੀ ਵਰਤੋਂ ਅਮਰੀਕੀ ਫ਼ੌਜ ਵੱਲੋਂ ਅਫ਼ਗਾਨਿਸਤਾਨ ਅਤੇ ਇਰਾਕ 'ਚ ਕੀਤੀ ਜਾ ਚੁੱਕੀ ਹੈ।

ਅਮਰੀਕੀ ਕਾਂਗਰਸ ਦੀ ਅੰਦਰੂਨੀ ਰਿਪੋਰਟ ਮੁਤਾਬਕ ਵਾਧੂ ਰੱਖਿਆ ਸਾਜ਼ੋ ਸਾਮਾਨ' ਸ਼੍ਰੇਣੀ ਤਹਿਤ ਪਾਕਿਸਤਾਨ ਨੂੰ ਇਹ ਰੱਖਿਆ ਸਾਜ਼ੋ ਸਾਮਾਨ ਤਬਦੀਲ ਕੀਤਾ ਜਾ ਰਿਹਾ ਹੈ। ਅਮਰੀਕਾ ਵੱਲੋਂ ਅਫ਼ਗਾਨਿਸਤਾਨ 'ਚੋਂ ਫ਼ੌਜਾਂ ਹਟਾਉਣ ਦੀ ਪਹਿਲਕਦਮੀ ਦੇ ਮੱਦੇਨਜ਼ਰ ਇਹ ਨੀਤੀ ਅਹਿਮ ਹੈ। ਭਾਰਤ ਅਜਿਹੇ ਹਥਿਆਰ ਪਾਕਿਸਤਾਨ ਨੂੰ ਦੇਣ ਦਾ ਪਹਿਲਾਂ ਵਿਰੋਧ ਕਰਦਾ ਆਇਆ ਹੈ। ਭਾਰਤ ਦਾ ਮੰਨਣਾ ਹੈ ਕਿ ਇਸਲਾਮਾਬਾਦ ਲੜਾਕੂ ਜੈਟਾਂ ਦੀ ਵਰਤੋਂ ਉਨ੍ਹਾਂ ਵਿਰੁੱਧ ਕਰ ਸਕਦਾ ਹੈ। ਕਾਂਗਰਸ ਖੋਜ ਸੇਵਾ ਵੱਲੋਂ ਤਿਆਰ ਅੰਦਰੂਨੀ ਰਿਪੋਰਟ ਮੁਤਾਬਕ ਪਾਕਿ-ਸਤਾਨ ਨੇ 18 ਨਵੇਂ ਐਫ-16ਸੀ ਡੀ ਬਲਾਕ 52 ਲੜਾਕੂ ਫਾਲਕਨ ਲੜਾਕੂ ਜਹਾਜ਼ 1.43 ਅਰਬ ਡਾਲਰ ਦੀ ਲਾਗਤ ਨਾਲ ਖ਼ਰੀਦੇ ਹਨ।

# ਫਿਲਮ ਅਭਿਨੇਤਾ ਸਲਮਾਨ ਖ਼ਾਨ ਨੂੰ ਪੰਜ ਸਾਲ ਕੈਦ

ਉਤਰਾਅ-ਚੜ੍ਹਾਅ ਦੇਖਣ ਵਾਲੇ ਇਸ ਕੇਸ 12 ਸਾਲ ਪੁਰਾਣੇ ਕੇਸ ਦਾ ਅੱਜ ਆਖ਼ਰ ਫ਼ੈਸਲਾ ਸੁਣਾਉਂਦਿਆਂ ਸੈਸ਼ਨ ਜੱਜ ਡੀ.ਡਬਲਿਊ. ਦੇਸ਼ਪਾਂਡੇ ਨੇ ਸਲਮਾਨ ਨੂੰ ਆਈਪੀਸੀ ਦੀ ਧਾਰਾ 304 (2) ਤਹਿਤ ਦੋਸ਼ੀ ਕਰਾਰ ਦਿੰਦਿਆਂ ਪੰਜ ਸਾਲ ਕੈਦ ਬਾਮੁਸ਼ੱਕਤ ਅਤੇ 25 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ। ਇਸ ਦੇ ਨਾਲ ਹੀ ਉਸ ਨੂੰ ਫ਼ੌਰੀ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਜੱਜ ਵੱਲੋਂ ਖਚਾਖਚ ਭਰੀ ਅਦਾਲਤ ਵਿੱਚ ਫ਼ੈਸਲਾ ਸੁਣਾਏ ਜਾਣ ਦੇ ਕੁਝ ਮਿੰਟ ਬਾਅਦ ਹੀ ਸਲਮਾਨ ਦੇ ਵਕੀਲਾਂ ਨੇ ਹਾਈ ਕੋਰਟ ਵਿੱਚ ਪਹੁੰਚ ਕਰ ਕੇ ਉਸ ਲਈ 48 ਘੰਟਿਆਂ ਦੀ ਰਾਹਤ ਹਾਸਲ ਕਰ ਲਈ। ਬੰਬਈ ਹਾਈ ਕੋਰਟ ਦੇ ਜਸਟਿਸ ਏ.ਐਮ. ਥਿਪਸੇ ਨੇ ਸਲਮਾਨ ਖ਼ਾਨ ਵੱਲੋਂ ਪੇਸ਼ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਹਰੀਸ਼ ਸਾਲਵੇ ਦੀਆਂ ਦਲੀਲਾਂ ਨੂੰ ਮੰਨਦਿਆਂ ਉਸ ਨੂੰ ਅੰਤਰਿਮ ਜ਼ਮਾਨਤ ਬਖ਼ਸ਼ ਦਿੱਤੀ।

ਇਹ ਹਾਦਸਾ 28 ਸਤੰਬਰ, 2002 ਨੂੰ ਵਾਪਰਿਆ ਸੀ ਜਦੋਂ ਰਾਤ ਵੇਲੇ ਸ਼ਰਾਬ ਦੇ ਨਸ਼ੇ ਵਿੱਚ ਟੋਯੋਟਾ ਲੈਂਡ ਕਰੂਜ਼ਰ ਗੱਡੀ ਚਲਾ ਰਹੇ ਸਲਮਾਨ ਤੋਂ ਤੇਜ਼ ਰਫ਼ਤਾਰ ਗੱਡੀ ਬੇਕਾਬੂ ਹੋ ਕੇ ਮੁੰਬਈ ਦੇ ਬਾਂਦਰਾ ਇਲਾਕੇ ਵਿੱਚ ਇਕ ਬੇਕਰੀ ਨੇੜੇ ਫੁੱਟਪਾਥ ਉਤੇ ਸੁੱਤੇ ਪਏ ਲੋਕਾਂ 'ਤੇ ਚੜ੍ਹ ਗਈ ਸੀ। ਇਸ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਸੀ ਤੇ ਚਾਰ ਹੋਰ ਜ਼ਖ਼ਮੀ ਹੋਏ ਸਨ। ਸਲਮਾਨ ਇਕ ਹੋਟਲ ਤੋਂ ਨਿਕਲਿਆ ਸੀ ਅਤੇ ਹਾਦਸੇ ਤੋਂ ਬਾਅਦ ਫ਼ਰਾਰ ਹੋ ਗਿਆ ਸੀ। ਇਸੇ ਕਾਰਨ ਬਾਅਦ ਵਿਚ ਉਸ ਨੂੰ ਬਚਾਉਣ ਲਈ ਅਦਾਲਤ ਵਿੱਚ ਇਕ ਸੁਣਵਾਈ ਦੌਰਾਨ ਉਸ ਦੇ ਵਫ਼ਾਦਾਰ ਡਰਾਈਵਰ ਅਸ਼ੋਕ ਸਿੰਘ ਨੇ ਦੋਸ਼ ਆਪਣੇ ਸਿਰ ਲੈਂਦਿਆਂ ਦਾਅਵਾ ਕੀਤਾ ਸੀ ਕਿ ਹਾਦਸੇ ਵਕਤ ਗੱਡੀ ਸਲਮਾਨ ਨਹੀਂ, ਸਗੋਂ ਉਹ (ਅਸ਼ੋਕ) ਚਲਾ ਰਿਹਾ ਸੀ। ਪਰ ਅਦਾਲਤ ਨੇ ਉਸ ਦੀ ਗਵਾਹੀ ਨੂੰ ਨਹੀਂ ਮੰਨਿਆ। ਅਦਾਲਤ ਨੇ ਉਸ ਦੀ ਥਾਂ ਮੁਦਈ ਧਿਰ ਦੇ ਇਸ ਦਾਅਵੇ ਨੂੰ ਸਹੀ ਮੰਨਿਆ ਕਿ ਸਲਮਾਨ ਨਾ ਸਿਰਫ਼ ਖ਼ੁਦ ਗੱਡੀ ਚਲਾ ਰਿਹਾ ਸੀ, ਸਗੋਂ ਉਹ ਸ਼ਰਾਬੀ ਵੀ ਸੀ ਤੇ ਉਸ ਕੋਲ ਵਾਜਬ ਡਰਾਈਵਿੰਗ ਲਾਇਸੈਂਸ ਵੀ ਨਹੀਂ ਸੀ। ਫ਼ਿਲਮੀ ਪਰਦੇ ਉਤੇ ਬਹੁਤ ਹੀ ਦਬੰਗ ਤੇ ਸਖ਼ਤ ਅਕਸ ਰੱਖਣ ਵਾਲਾ ਸਲਮਾਨ ਅੱਜ ਫ਼ੈਸਲਾ ਸੁਣਾਏ ਜਾਣ ਵਕਤ ਹੰਝੂ ਕੇਰ ਰਿਹਾ ਸੀ। ਉਸ ਨੇ ਜੱਜ ਨੂੰ ਕਿਹਾ, ''ਮੈਂ ਗੱਡੀ ਨਹੀਂ ਚਲਾ ਰਿਹਾ ਸਾਂ, ਪਰ ਮੈਂ ਤੁਹਾਡੇ ਫ਼ੈਸਲੇ ਦੀ ਕਦਰ ਕਰਦਾ ਹਾਂ।''

ਇਸ ਮੌਕੇ ਅਦਾਲਤ ਵਿੱਚ ਉਸ ਨਾਲ ਉਸ ਦੇ ਭਰਾ ਅਰਬਾਜ਼ ਖ਼ਾਨ ਤੇ ਸੋਹੇਲ ਖ਼ਾਨ, ਭੈਣਾਂ ਅਰਿਪਤਾ ਤੇ ਅਲਵੀਰਾ ਅਤੇ ਬਾਡੀਗਾਰਡ ਵੀ ਹਾਜ਼ਰ ਸਨ। ਉਸ ਨੂੰ ਆਈਪੀਸੀ ਦੀਆਂ ਧਾਰਾਵਾਂ 279, 337, 338 ਅਤੇ ਬਿਨਾਂ ਲਾਇਸੈਂਸ ਤੇ ਸ਼ਰਾਬ ਪੀ ਕੇ ਗੱਡੀ ਚਲਾਉਣ ਲਈ ਹੋਰ ਵੱਖੋ-ਵੱਖ ਧਾਰਾਵਾਂ ਤਹਿਤ ਵੀ ਦੋਸ਼ੀ ਕਰਾਰ ਦਿੱਤਾ ਗਿਆ।

**ਜੱਜ ਨੇ ਕਿਹਾ, ਤੂੰ ਗੱਡੀ ਚਲਾ ਰਿਹਾ ਸੀ ਸਲਮਾਨ**

ਫ਼ੈਸਲਾ ਸੁਣਾਉਂਦਿਆਂ ਸੈਸ਼ਨ ਜੱਜ ਡੀ.ਡਬਲਿਊ. ਦੇਸ਼ਪਾਂਡੇ ਨੇ ਸਲਮਾਨ ਖ਼ਾਨ ਨੂੰ ਕਿਹਾ, ''ਤੁਹਾਡੇ ਖ਼ਿਲਾਫ਼ ਸਾਰੇ ਦੋਸ਼ ਸਾਬਤ ਹੋਏ ਹਨ... ਹੁਣ ਤੁਹਾਡਾ ਕੀ ਕਹਿਣਾ ਹੈ?'' ਉਨ੍ਹਾਂ ਕਿਹਾ, ''ਮੇਰਾ ਫ਼ੈਸਲਾ ਹੈ ਕਿ ਤੁਸੀਂ ਗੱਡੀ ਚਲਾ ਰਹੇ ਸੀ। ਤੁਸੀਂ ਸ਼ਰਾਬੀ ਸੋ।

## ਮੇਰੀ ਵੀ ਸੁਣੋ

ਪ੍ਰਿੰ: ਮਲੂਕ ਚੰਦ 'ਕਲੇਰ' ਨੇ 15 ਅਕਤੂਬਰ 1954 ਨੂੰ ਪਿਤਾ ਸ੍ਰੀ ਜਗਤ ਰਾਮ ਦੇ ਘਰ ਮਾਤਾ ਸ੍ਰੀਮਤੀ ਈਸਰੀ ਦੀ ਕੁੱਖੋਂ ਪਿੰਡ ਸਰਹਾਲੀ (ਮੰਜ਼ਕੀ) ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਵਿਖੇ ਇਕ ਸਧਾਰਨ ਪਰ ਮਿਹਨਤਕਸ਼ ਪਰਿਵਾਰ ਵਿਚ ਅੱਖ ਖੋਲ੍ਹੀ। ਪ੍ਰਾਇਮਰੀ ਤੱਕ ਦੀ ਵਿਦਿਆ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਦਸਵੀਂ ਸਰਕਾਰੀ ਹਾਈ ਸਕੂਲ ਸਮਰਾਏ-ਜੰਡਿਆਲਾ (ਮੰਜ਼ਕੀ) ਜਲੰਧਰ ਤੋਂ ਪਾਸ ਕੀਤੀ। ਗਿਆਨੀ, ਓ. ਟੀ. ਕਰਕੇ ਪੰਜਾਬੀ ਟੀਚਰ ਲੱਗ ਗਏ। ਆਪਣੀ ਪ੍ਰਾਈਵੇਟ ਤੌਰ ਤੇ ਪੜ੍ਹਾਈ ਵੀ ਜਾਰੀ ਰੱਖੀ। ਕਲੇਰ ਦੀ ਸ਼ਾਦੀ ਮਾਇਆ ਰਾਣੀ ਬਸਰਾ ਨਾਲ 10 ਅਕਤੂਬਰ 1979 ਨੂੰ ਹੋ ਗਈ। ਉਹਨਾਂ ਦੇ ਤਿੰਨ ਬੱਚੇ ਹਨ।

ਘਰੇਲੂ ਤੇ ਸਿੱਖਿਆ ਵਿਭਾਗ ਪੰਜਾਬ ਦੀਆਂ ਜ਼ਿੰਮੇਵਾਰੀਆਂ ਦੇ ਨਾਲ ਨਾਲ ਬੀ. ਏ., ਬੀ. ਐਡ ਤੇ ਐਮ. ਏ. ਪਾਸ ਕੀਤੀ। ਵਿਭਾਗੀ ਤਰੱਕੀ ਰਾਹੀਂ ਲੈਕਚਰਾਰ ਤੇ ਫਿਰ ਪ੍ਰਿੰਸੀਪਲ ਦੇ ਅਹੁਦੇ ਤੱਕ ਪਹੁੰਚੇ। ਆਪਣੇ ਬਿਤਾਏ 54 ਸਾਲ ਦਾ ਲੇਖਾ-ਜੋਖਾ ਸਵੈ-ਜੀਵਨੀ 'ਕੋਰੇ ਘੜੇ ਦਾ ਪਾਣੀ' ਪਲੇਠੀ ਪੁਸਤਕ ਵਿਚ ਕੀਤਾ। ਸਿੱਖਿਆ ਵਿਭਾਗ ਵਿਚ ਸ਼ਾਨਮੱਤੀ ਪ੍ਰਾਪਤੀਆਂ ਕਰਨ ਤੇ 15 ਅਗਸਤ 2008 ਨੂੰ ਆਜ਼ਾਦੀ ਦਿਵਸ 'ਤੇ ਮਾਣਯੋਗ ਡਿਪਟੀ ਕਮਿਸ਼ਨਰ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਸਾਲ 2008 ਵਿਚ ਸਵੈ-ਇੱਛਿਅਤ ਸੇਵਾ ਮੁਕਤ ਹੋ ਕੇ ਪਰਿਵਾਰ ਸਮੇਤ ਕੈਨੇਡਾ ਰਹਿ ਰਹੇ ਹਨ। ਇੱਥੇ ਆ ਕੇ ਰੇਡੀਓ ਇੰਡੀਆ ਵਿਚ ਬਤੌਰ ਰੇਡੀਓ ਹੋਸਟ ਸੇਵਾ ਨਿਭਾਈ। ਇਕ ਨਾਵਲ 'ਸੂਰਜ ਉਗ ਪਿਆ' ਵਿਚ 'ਮੇਰੀ ਵੀ ਸੁਣੋ!' ਕਾਲਮ ਵੀ ਲਿਖਦੇ ਹਨ। ਸਾਹਿਤ ਸਭਾਵਾਂ ਵਿਚ ਵੀ ਸ਼ਾਮਲ ਹੁੰਦੇ ਹਨ। ਪੜ੍ਹਨ ਲਿਖਣ ਦਾ ਸ਼ੌਕ ਨਿਰੰਤਰ ਜਾਰੀ ਹੈ। ਪ੍ਰਿੰਸੀਪਲ ਮਲੂਕ ਚੰਦ 'ਕਲੇਰ' ਨੇ ਆਪਣੀ ਸਮੁੱਚੀ ਜ਼ਿੰਦਗੀ ਸੰਘਰਸ਼ਮਈ ਗੁਜ਼ਾਰੀ ਹੈ। ਅਦਾਰਾ 'ਦੇਸ਼ ਦੁਆਬਾ' ਪ੍ਰਿੰ: ਕਲੇਰ ਬਾਰੇ ਜਾਣਕਾਰੀ ਲਿਖ ਕੇ ਪਾਠਕਾਂ ਦੇ ਰੂਬਰੂ ਕਰਾ ਕੇ ਮਾਣ ਮਹਿਸੂਸ ਕਰ ਰਿਹਾ ਹੈ।

– ਸੰਪਾਦਕ

# ਮਜ਼ਦੂਰ ਦਿਵਸ 'ਤੇ ਵਿਸ਼ੇਸ਼

ਪ੍ਰਿੰਸੀਪਲ ਮਲੂਕ ਚੰਦ 'ਕਲੇਰ'
ਸਰੀ, ਬੀ. ਸੀ., ਕੈਨੇਡਾ
778-321-6139



ਮੈਥੋਂ ਬਾਝ ਕਿਹੜਾ ਮਾਪਾ ਜੱਗ ਉਤੇ,
ਮੂੰਹ ਜੋ ਸਾਰੇ ਜਹਾਨ ਦਾ ਧੋ ਰਿਹਾ ਏ।
ਮੈਂ ਮਜ਼ਦੂਰ ਹੀ ਹਾਂ ਜਿਹਦਾ ਦੂਜਿਆਂ ਲਈ,
ਪਿਓ ਪੁੱਤ ਭਰਾ ਸਭ ਰੋ ਰਿਹਾ ਏ।
ਟੁੱਟ ਜਾਵੇ ਜ਼ਬਾਨ ਜੇ ਦੁੱਖ ਦੱਸਾਂ,
ਜੋ ਜੋ ਜ਼ੁਲਮ ਮੇਰੇ ਉਤੇ ਹੋ ਰਿਹਾ ਏ।
ਸੱਚੀਂ ਪੁੱਛੋ ਤਾਂ ਜ਼ਿਮੀ ਅਸਮਾਨ ਜਿਹੜਾ,
ਮੇਰੀ ਸੱਤਿਆ ਨਾਲ ਖਲੋ ਰਿਹਾ ਏ।
ਹਾਰ ਹੰਭਕੇ ਅੱਜ ਮੈਂ ਬੋਲਿਆ ਹਾਂ,
ਗੱਲਾਂ ਨਾਲ ਸੀ ਗੋਲਾਂ ਬਣਾਇਆ ਹੋਇਆ।

ਕਵਿਤਾ ਦੀਆਂ ਉਪਰੋਕਤ ਲਿਖੀਆਂ ਪਲੇਠੀਆਂ ਸੱਤਰਾਂ ਕਵਿਤਾ ਵਿਚ ਆਮ ਲੋਕਾਂ ਦੀ ਗੱਲ ਕਰਨ ਵਾਲਾ ਲੋਕ-ਕਵੀ ਗੁਰਦਾਸ ਰਾਮ 'ਆਲਮ' ਦੀ ਨਰੋਈ ਕਲਮ ਤੋਂ ਰਚੀ ਕਵਿਤਾ 'ਮਜ਼ਦੂਰ' ਵਿਚੋਂ ਲਈਆਂ ਗਈਆਂ ਹਨ, ਜੋ 'ਆਲਮ-ਕਾਵਿ' ਵਿਚ ਸ਼ਾਮਲ 'ਜੇ ਮੈਂ ਮਰ ਗਿਆ' ਕਾਵਿ ਸੰਗ੍ਰਹਿ ਵਿਚ ਦਰਜ ਹੈ।

ਹਾਰ ਹੰਭ ਕੇ ਪਹਿਲੀ ਮਈ 1886 ਈ: ਨੂੰ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਖੇ ਮਜ਼ਦੂਰਾਂ ਨੇ ਆਪਣੇ ਹੱਕਾਂ ਤੇ ਹਿੱਤਾਂ ਲਈ ਸ਼ਾਂਤਮਈ ਰੋਸ ਪ੍ਰਗਟਾਵਾ ਕੀਤਾ। ਨਿਹੱਥੇ ਮਜ਼ਦੂਰਾਂ ਉਪਰ ਅੰਨ੍ਹੇਵਾਹ ਗੋਲੀਆਂ ਦੀ ਬੁਛਾੜ ਕੀਤੀ ਗਈ। ਉਹਨਾਂ ਦਾ ਕਸੂਰ ਕੇਵਲ ਇੰਨਾ ਹੀ ਸੀ ਕਿ ਉਹ ਵੀ ਸਮਾਜ ਦੇ ਦੂਜੇ ਇਨਸਾਨਾਂ ਵਾਂਗ ਜਿਊਣਾ ਚਾਹੁੰਦੇ ਸਨ। ਮਜ਼ਦੂਰ ਵਰਗ 24 ਘੰਟਿਆਂ 'ਚੋਂ ਕੇਵਲ 8 ਘੰਟੇ ਕੰਮ ਕਰਨ ਦੀ ਮੰਗ ਹੀ ਤਾਂ ਕਰਦੇ ਸਨ।

ਜਦੋਂ ਵੀ ਆਏ ਵਰ੍ਹੇ ਇਹ ਇਤਿਹਾਸਕ 'ਮਜ਼ਦੂਰ ਦਿਹਾੜਾ' ਆਉਂਦਾ ਹੈ ਤਾਂ ਸਿਆਸੀ ਲਾਹਾ ਲੈਣ ਲਈ ਵੱਡੇ ਤੋਂ ਵੱਡੇ ਰਾਜਨੀਤਿਕ ਸਮਾਗਮ ਤਾਂ ਜ਼ਰੂਰ ਕੀਤੇ ਜਾਂਦੇ ਹਨ ਪਰ ਮਜ਼ਦੂਰਾਂ ਦੇ ਘਰਾਂ ਵਿਚ 129 ਸਾਲ ਬੀਤ ਜਾਣ ਦੇ ਬਾਵਜੂਦ ਵੀ 'ਨਾ ਚੰਦ ਪਕਾਵੇ ਰੋਟੀਆਂ ਨਾ ਤਾਰਾ ਕਰੇ ਰਸੋਅ'। ਭਾਵ ਪਰਨਾਲਾ ਉਥੇ ਦਾ ਉਥੇ ਹੀ ਹੈ।

ਪੰਜਾਬੀ ਦੇ ਨਾਮਵਰ ਕਵੀ ਪ੍ਰੀਤਮ ਸਿੰਘ 'ਸਫ਼ੀਰ' ਨੇ ਵੀ ਆਪਣੀ ਰਚੀ ਕਵਿਤਾ ''ਕਿਸੇ ਦੇ ਖ਼ੂਨ 'ਚੋਂ'' ਵਿਚ ਵੀ ਮਜ਼ਦੂਰਾਂ ਦੀ ਤਰਸਯੋਗ ਹਾਲਤ ਦਾ ਬਿਆਨ ਬਾਖ਼ੂਬੀ ਕੀਤਾ ਹੈ-

ਕਿਸੇ ਦੇ ਖ਼ੂਨ 'ਚੋਂ ਨਿਖਰਿਆ ਹੈ
ਤੇਰੀ ਪਗੜੀ ਦਾ ਸਫੈਦ ਕੰਵਲ।
ਇਸ ਦੇ ਪਿੱਛੇ ਬੱਝੀ ਹੈ
ਰੋ ਰਹੇ ਮਿਹਨਤ ਮਾਰਿਆਂ ਦੀ ਕਤਾਰ।

ਕੰਬ-ਕੰਬ ਆਕਾਸ਼ ਦੀ ਲਾਲੀ ਤੋਂ ਕੰਬ
ਇਸ ਦਾ ਰੰਗ ਉਤਰਦਾ ਹੈ
ਤੇਰੇ ਮਾਲੀ ਦੀਆਂ ਅੱਖੀਆਂ 'ਚ ਹਰ ਸ਼ਾਮ

ਸੋਚਦੇ ਨੇ ਕਦ ਪਲਟੇਗੀ ਉਸ ਦੀ ਤਕਦੀਰ?
ਤੂੰ ਕੰਬ-ਕੰਬ
ਕ੍ਰਾਂਤੀ ਹੁੰਦੀ ਹੈ ਪਈ ਆਪਣੀ ਕਰਵਟ ਲਈ ਤਿਆਰ।

### ਨਾਇਕ

ਪਰਦਾ ਉਠਦਾ ਹੈ, ਇਕ ਅੱਧਖੜ੍ਹ ਉਮਰ ਦਾ ਨਾਇਕ ਮੰਚ 'ਤੇ ਆਉਂਦਾ ਹੈ। ਕਮੀਜ਼ ਦੀਆਂ ਬਾਹਾਂ ਟੰਗੀਆਂ ਹੋਈਆਂ ਹਨ। ਕੰਮ ਦਾ ਸਮਾਂ ਨੀਅਤ ਕਰਨ ਦੀ ਮੰਗ ਕਰਦਾ ਹੈ। ਦਿਨੋ-ਦਿਨ ਕਾਸ ਵੇਲ ਵਾਂਗ ਵਧਦੀ ਮਹਿੰਗਾਈ ਵੱਲ ਇਸ਼ਾਰਾ ਕਰਦਾ ਹੈ। ਲੋਕ ਮਾਰੂ ਨੀਤੀਆਂ ਦਾ ਪਰਦਾਫਾਸ਼ ਕਰਦਾ ਹੈ। ਲੋਕ ਹਿੱਤਾਂ ਦੀ ਗੱਲ ਕਰਦਾ ਹੈ। ਕੋਈ ਹੁੰਗਾਰਾ ਨਹੀਂ ਭਰਦਾ। ਮਾਲਕ ਦੇ ਕੰਨ 'ਤੇ ਜੂੰ ਨਹੀਂ ਸਰਕਦੀ, ਚਾਰੇ ਪਾਸੇ ਸੰਨਾਟਾ ਛਾ ਜਾਂਦਾ ਹੈ। ਹਵਾ ਵੀ ਰੁਕ ਜਾਂਦੀ ਹੈ। ਨਾਇਕ ਇਕੱਲਾ-ਕਾਹਰਾ ਹੈ। ਭਰਵਾਂ ਕੱਠ-ਮੱਠ ਕਰਨ ਦੀ ਸਮਰੱਥਾ ਨਹੀਂ ਹੈ। ਮਨੋਬਲ ਜ਼ਰੂਰ ਹੈ। ਭਰਿਆ-ਪੀਤਿਆ ਘਰ ਆ ਜਾਂਦਾ ਹੈ। ਮਾਲਕ ਸਮੇਤ ਪਰਿਵਾਰ ਨਾਇਕ ਦੇ ਘਰ ਪਹੁੰਚ ਜਾਂਦਾ ਹੈ। ਪੀੜ੍ਹੀ-ਦਰ-ਪੀੜ੍ਹੀ ਦੀ ਸਾਂਝ ਦਾ ਵਾਸਤਾ ਪਾਉਂਦਾ ਹੈ। ਨਾਇਕ ਉਲਝਣ ਵਿਚ ਪਲਚ ਜਾਂਦਾ ਹੈ। ਜਾਵੇ ਜਾਂ ਨਾ ਜਾਵੇ- ਦੇ ਗੇੜ ਵਿਚ ਪੈ ਜਾਂਦਾ ਹੈ। ਸਮਾਜਿਕ ਸਾਂਝ, ਆਰਥਿਕ ਸਾਂਝ 'ਤੇ ਭਾਰੂ ਹੋ ਜਾਂਦੀ ਹੈ। ਨਾਇਕ ਅਸਲੀ ਮਸਲਾ ਹੱਲ ਕਰਨ ਤੋਂ ਬਿਨਾਂ ਹੀ ਸਿਰ ਸੁੱਟ ਕੇ ਨਾਲ ਤੁਰ ਪੈਂਦਾ ਹੈ। ਵੱਢੀ ਹਵੇਲੀ ਵਿਚ ਪਸ਼ੂਆਂ ਨੂੰ ਪਾਣੀ ਪਿਲਾਉਣ ਅਤੇ ਪੱਠੇ ਪਾਉਣ ਵਰਗੇ ਰੋਜ਼ਮਰਾ ਦੇ ਕੰਮ ਧੰਦਿਆਂ ਵਿਚ ਨਾ ਚਾਹੁੰਦਿਆਂ ਹੋਇਆਂ ਵੀ ਅੱਧੇ ਮਨ ਨਾਲ ਜੁਟ ਜਾਂਦਾ ਹੈ। ਹਵੇਲੀ 'ਚੋਂ ਖਚਰੇ ਹਾਸੇ ਦੀ 'ਵਾਜ਼ ਆਉਂਦੀ ਹੈ- 'ਹੁਣ ਫੇਰ ਆਇਆ ਊਠ ਪਹਾੜ ਦੇ ਹੇਠ।' ਨਾਇਕ ਦੇ ਦਿਮਾਗ ਵਿਚ ਕਸ਼ਮਕਸ਼ ਸ਼ੁਰੂ ਹੋ ਜਾਂਦੀ ਹੈ। ਉਹ ਡੂੰਘੀ ਸੋਚ ਵਿਚ ਪੈ ਜਾਂਦਾ ਹੈ। ਸਰੀਰ ਵਿਚ ਜੋਸ਼ ਆ ਜਾਂਦਾ ਹੈ। ਇਕ ਵਲਵਲਾ ਉਠਦਾ ਹੈ। ਜਜ਼ਬੇ ਦਾ ਰੂਪ ਧਾਰਦਾ ਹੈ। ਅੱਖ ਖੁੱਲ੍ਹਦੀ ਹੈ। ਨਾਇਕ ਦੀ ਆਤਮਾ ਉਸ ਨੂੰ ਕੁਝ ਨਾ ਕੁਝ ਜ਼ਰੂਰ ਕਰਨ ਲਈ ਵੰਗਾਰਦੀ ਹੈ। ਪੂਰੇ ਜੋਸ਼ 'ਚ ਆ ਕੇ ਬਾਲਟਾ ਗੇਟਾਂ ਵਿਚ ਵਗਾਹ ਮਾਰਦਾ ਹੈ। ਪਰਦਾ ਡਿੱਗਦਾ ਹੈ।

(ਪ੍ਰਿੰਸੀਪਲ ਮਲੂਕ ਚੰਦ ਕਲੇਰ)

ਸਮਾਜ ਦੇ ਚਾਰ ਪਾਵੇ ਹਨ। ਪਰ ਚੌਥੇ ਪਾਵੇ ਨੂੰ ਘੁਣ ਲੱਗਿਆ ਹੋਇਆ ਹੈ ਜੋ ਸਮਾਜ ਦੇ ਤਿੰਨਾਂ ਪਾਵਿਆਂ ਨੂੰ ਦੇਖਦਿਆਂ ਹੋਇਆਂ ਵੀ ਨਹੀਂ ਦਿਸਦਾ। ਨਹੀਂ ਦਿਸਦਾ, ਨਹੀਂ ਦਿੱਸਦਾ!!!

ਇਹ ਉਸ ਦਿਨ ਹੀ ਦਿਸੇਗਾ ਜਦੋਂ ਮਾਲਕ ਤੇ ਮਜ਼ਦੂਰ ਦਾ ਫਰਕ ਮਿਟੇਗਾ ਭਾਵ ਮਾਲਕ ਵੀ ਆਪਣੀ ਮਾਲਕੀ ਛੱਡ ਕੇ ਮਜ਼ਦੂਰ ਨਾਲ ਬਰਾਬਰ ਕੰਮ ਕਰੇਗਾ।

ਬਿਨਾਂ ਸ਼ੱਕ ਦੇਸ਼ ਵਿਚ ਹਰੀ ਕ੍ਰਾਂਤੀ- ਚਿੱਟੀ ਕ੍ਰਾਂਤੀ ਅਤੇ ਨੀਲੀ ਕ੍ਰਾਂਤੀ ਆਈ ਹੈ ਪਰ ਲੋੜ ਹੈ ਇਕ ਹੋਰ ਸਮਾਜਿਕ ਕ੍ਰਾਂਤੀ ਦੀ। ਤੇ ਫਿਰ ਸਮਾਜ ਦੇ ਨਕਸ਼ਾਂ ਦੀ ਨੁਹਾਰ ਆਪ ਮੁਹਾਰੇ ਬਦਲੇਗੀ।

# ਪ੍ਰਸਿੱਧ ਲੇਖਕ ਪ੍ਰਿੰਸੀਪਲ ਮਲੂਕ ਚੰਦ ਕਲੇਰ ਜੀ ਦਾ ਸਨਮਾਨ

ਪ੍ਰਿੰਸੀਪਲ ਮਲੂਕ ਚੰਦ ਕਲੇਰ ਅਤੇ ਬੀਬੀ ਮਾਇਆ ਰਾਣੀ ਕਲੇਰ ਦੀ ਪੋਤਰੀ ਜਸਿਕਾ ਕਲੇਰ ਪਿਤਾ ਮਨਦੀਪ ਕਲੇਰ ਅਤੇ ਮਾਤਾ ਹਰਜੀਤ ਕੌਰ ਕਲੇਰ ਵੱਲੋਂ ਇਹਨਾਂ ਦੇ ਨਵੇਂ ਜਨਮੇ ਸਪੁੱਤਰ ਯੁਵਰਾਜ ਕਲੇਰ ਦੇ ਜਨਮ ਦੀ ਖ਼ੁਸ਼ੀ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਵੈਨਕੂਵਰ (ਕੈਨੇਡਾ) ਵਿਖੇ 3 ਮਈ 2015 ਨੂੰ ਲੰਗਰ ਦੀ ਸੇਵਾ ਕਰਵਾਈ ਗਈ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ ਵੱਲੋਂ ਪ੍ਰਿੰਸੀਪਲ ਕਲੇਰ ਸਾਹਿਬ ਜੀ ਦਾ ਸਨਮਾਨ ਕੀਤਾ ਗਿਆ।





## ਮਦਰ ਡੇਅ ਨੂੰ ਸਮਰਪਿਤ

## ਮਾਂ ਦੀ ਯਾਦ

ਦਲਵੀਰ 'ਦਿਲ' ਨਿੱਜਰ
916-628-2210



ਮਾਂ ਦੀ ਯਾਦ
ਰਾਤ ਆਉਂਦੀ ਬਾਤ ਪਾਉਂਦੀ
ਗਰਾਂ ਦੀ ਉਏ
ਯਾਦ ਆਉਂਦੀ ਬਹੁਤ ਆਉਂਦੀ
ਮਾਂ ਦੀ ਉਏ

ਸੁਪਨੇ ਦੇ ਵਿਚ ਜਦ ਕਿਧਰੇ
ਮੈਂ ਪਿੰਡ ਜਾਵਾਂ
ਮਿੱਟੀ ਵਿਹੜੇ ਦੀ ਚੁੰਮ ਕੇ
ਮੈਂ ਮੱਥੇ ਲਾਵਾਂ
ਯਾਦ ਨਹੀਓ ਭੁੱਲਦੀ
ਬੋਹੜਾਂ ਵਾਲੀ ਛਾਂ ਦੀ ਉਏ
ਯਾਦ ਆਉਂਦੀ ਬਹੁਤ ਆਉਂਦੀ
ਮਾਂ ਦੀ ਉਏ

ਲੁੱਕਣ ਮੀਚੀ ਖੇਡਾਂ
ਪਰ ਹਾਣੀ ਹੈ ਨਹੀਂ
ਇਕੱਠੇ ਜਿਹੜੇ ਘੁੰਮਦੇ ਸੀ
ਉਹ ਢਾਣੀ ਹੈ ਨਹੀਂ
ਯਾਦ ਨਹੀਉਂ ਜਾਂਦੀ
ਉਹਨਾਂ ਦੇ ਨਾਂ ਦੀ ਉਏ
ਯਾਦ ਆਉਂਦੀ ਬਹੁਤ ਆਉਂਦੀ
ਮਾਂ ਦੀ ਉਏ

ਗੋਦੀ ਦੇ ਵਿਚ ਸਿਰ ਰੱਖ ਕੇ
ਮੈਂ ਸੌਣਾ ਚਾਹੁੰਦਾ
ਮਾਂ ਵਾਲੀ ਉਸ ਲੋਰੀ ਨੂੰ
ਦੁਹਰਾਉਣਾ ਚਾਹੁੰਦਾ
ਮਿੱਟੀ ਨਹੀਉਂ ਭੁੱਲਦੀ
ਗਰਾਂ ਦੀ ਉਏ
ਯਾਦ ਆਉਂਦੀ ਬਹੁਤ ਆਉਂਦੀ
ਮਾਂ ਦੀ ਉਏ

ਕੀ ਤੁਸੀਂ ਘਰ ਜਾਂ ਵਪਾਰਕ ਸੰਪਤੀ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ। ਤਾਂ ਅੱਜ ਹੀ ਸਾਨੂੰ ਮਿਲੋ
ਅਸੀਂ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਸਹਾਈ ਹੋ ਸਕਦੇ ਹਾਂ।



JOHN SINGH BANGA
Realtor, Lic # 01397975
916-271-5404
banga.realtor@gmail.com

TEAM JD

ELITE
REALTY SERVICES

DALVIR 'DIL' NIJJAR
Realtor, Lic # 01418648
916-628-2210
dil.realtor@gmail.com



Office: 916-681-5112
7412 Elsie Avenue, Sacramento CA 94828

# ਧੀਆਂ ਧਿਆਣੀਆਂ ਮਰ ਜਾਣੀਆਂ 'ਤੇ ਦਰਿੰਦਗੀ ਦਾ ਨੰਗਾ ਨਾਚ



ਉਜਾਗਰ ਸਿੰਘ

ਮੋਗਾ ਨੇੜੇ ਚਲਦੀ ਬੱਸ ਵਿਚੋਂ ਛੇੜ-ਛਾੜ ਦਾ ਵਿਰੋਧ ਕਰਨ ਕਰਕੇ ਪਿੰਡ 'ਲੰਢੇ ਕਾ 'ਤੋਂ 'ਕੋਠਾ ਗੁਰੂ ਕੇ 'ਆਪਣੇ ਨਾਨਕੇ ਪਿੰਡ ਜਾ ਰਹੀ ਦਲਿਤ ਨਾਬਾਲਗ ਲੜਕੀ ਅਰਸ਼ਦੀਪ ਕੌਰ ਅਤੇ ਉਸਦੀ ਮਾਂ ਛਿੰਦਰ ਕੌਰ ਨੂੰ ਬਾਘਾ ਪੁਰਾਣਾ ਨੇੜੇ ਗਿਲ ਕਲਾਂ ਪਿੰਡ ਕੋਲ ਬੱਸ ਦੇ ਕਰਿੰਦਿਆਂ ਵੱਲੋਂ ਧੱਕਾ ਦੇ ਕੇ ਚਲਦੀ ਬੱਸ ਵਿਚੋਂ ਮਾਮੂਲੀ ਝਗੜੇ ਕਰਕੇ ਬਾਹਰ ਸੁਟਣ ਦੀ ਘਟਨਾ ਨੇ ਸਮੁਚੇ ਪੰਜਾਬ ਨੂੰ ਸ਼ਰਮਸ਼ਾਰ ਕਰ ਦਿੱਤਾ ਹੈ। ਮਾਸੂਮ ਅਰਸ਼ਦੀਪ ਨੂੰ ਕੀ ਪਤਾ ਸੀ ਕਿ ਨਾਨਕੇ ਜਾਣਾ ਉਸਨੂੰ ਇਤਨਾ ਮਹਿੰਗਾ ਪਵੇਗਾ ਅਤੇ ਜ਼ਿੰਦਗੀ ਦਾ ਆਖ਼ਰੀ ਸਫ਼ਰ ਹੋਵੇਗਾ, ਜਿਸ ਕਰਕੇ ਉਸਨੂੰ ਆਪਣੀ ਜਾਨ ਤੋਂ ਵੀ ਹੱਥ ਧੋਣੇ ਪੈਣਗੇ। ਅਜਿਹਾ ਦਰਿੰਦਗੀ ਦਾ ਨੰਗਾ ਨਾਚ ਪਹਿਲਾਂ ਪੰਜਾਬ ਵਿਚ ਕਦੀਂ ਵੀ ਨਹੀਂ ਹੋਇਆ। ਧੀਆਂ ਧਿਆਣੀਆਂ ਮਰ ਜਾਣੀਆਂ ਕਿਧਰ ਨੂੰ ਜਾਣ ਜਿਹੜੀਆਂ ਪੰਜਾਬ ਵਿਚ ਕਿਤੇ ਵੀ ਸੁਰੱਖਿਅਤ ਨਹੀਂ, ਘਰ, ਨੌਕਰੀ 'ਤੇ ਨਾ ਬਾਹਰ। ਉਹ ਆਦਮੀ ਨੂੰ ਜਨਮ ਦੇਣ ਦਾ ਸੰਤਾਪ ਆਦਮੀ ਹੱਥੋਂ ਹੀ ਭੁਗਤ ਰਹੀਆਂ ਹਨ। ਸੰਸਾਰ ਨੂੰ ਸਿਰਜਣਹਾਰੀਆਂ ਦਾ ਸੰਸਾਰ ਹੀ ਦੁਸ਼ਮਣ ਬਣ ਗਿਆ ਹੈ। ਪਤਾ ਚਲਿਆ ਹੈ ਕਿ ਇਹ ਔਰਬਿਟ ਕੰਪਨੀ ਦੀ ਪੀ.ਬੀ.ਸੀ.10 ਸੀ.ਪੀ.1813 ਨੰਬਰ ਦੀ ਬੱਸ ਰਾਜ ਪ੍ਰਬੰਧ ਚਲਾ ਰਹੀ ਪੰਜਾਬ ਸਰਕਾਰ ਦੇ ਮਾਲਕ ਬਾਦਲ ਪਰਿਵਾਰ ਦੀ ਕੰਪਨੀ ਦੀ ਹੈ। ਪੰਜਾਬ ਦੇ ਉਪ ਮੁਖ ਮੰਤਰੀ ਸੁਖਬੀਰ ਸਿੰਘ ਬਾਦਲ ਜੋ ਗ੍ਰਹਿ ਵਿਭਾਗ ਦੇ ਮੰਤਰੀ ਵੀ ਹਨ ਅਤੇ ਉਨ੍ਹਾਂ ਦੀ ਪਤਨੀ ਕੇਂਦਰੀ ਫੂਡ ਪ੍ਰਾਸੈਸਿੰਗ ਵਿਭਾਗ ਦੇ ਮੰਤਰੀ ਹਰਸਿਮਰਤ ਕੌਰ ਬਾਦਲ ਇਸ ਕੰਪਨੀ ਦੇ ਮਾਲਕ ਹਨ। ਇਸ ਘਟਨਾ ਤੋਂ ਸਾਬਤ ਹੋ ਗਿਆ ਹੈ ਕਿ ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨ ਵਾਲੇ ਆਗੂ ਅਰਥਾਤ ਵਾੜ ਹੀ ਖੇਤ ਨੂੰ ਖਾਣ ਲੱਗ ਪਈ ਹੈ, ਇਸ ਲਈ ਖੇਤੀ ਰੂਪੀ ਪਰਜਾ ਦਾ ਉਜਾੜਾ ਸਰਕਾਰ ਆਪ ਹੀ ਕਰ ਰਹੀ ਹੈ। ਹੁਣ ਕਲਯੁਗ ਆ ਗਿਆ ਹੈ ਅਤੇ ਪੰਜਾਬ ਵਿਚ ਪੰਜਾਬ ਦੀਆਂ ਧੀਆਂ ਭੈਣਾ ਦੀ ਇੱਜ਼ਤ ਦਾ ਰੱਬ ਹੀ ਰਾਖਾ ਹੈ। ਰਾਜ ਚਲਾ ਰਹੀ ਪਾਰਟੀ ਦੇ ਆਗੂਆਂ ਵੱਲੋਂ ਇਸ ਤੋਂ ਪਹਿਲਾਂ ਵੀ ਪੰਜਾਬ ਦੀਆਂ ਧੀਆਂ ਨਾਲ ਜ਼ੋਰਜ਼ਬਰਦਸਤੀ ਦੀਆਂ ਅਨੇਕਾਂ ਘਟਨਾਵਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹੀਆਂ ਹਨ। ਇਸ ਲੜਕੀ ਦੇ ਪਿਤਾ ਸੁਖਦੇਵ ਸਿੰਘ ਜਿਸ ਨੂੰ ਰੌਣਕੀ ਦੇ ਨਾਂ ਨਾਲ ਪਿੰਡ ਵਿਚ ਜਾਣਿਆਂ ਜਾਂਦਾ ਹੈ, ਗ਼ਰੀਬ ਦਲਿਤ ਪਰਿਵਾਰ ਹੈ, ਦਿਹਾੜੀ ਦੱਪਾ ਕਰਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰ ਰਿਹਾ ਸੀ। ਸੁਖਦੇਵ ਸਿੰਘ ਨੂੰ ਰਸੂਖਵਾਨ ਲੋਕ ਧਮਕੀਆਂ ਦੇ ਰਹੇ ਸਨ ਕਿ ਜੇ ਉਸ ਨੇ ਰਿਪੋਰਟ ਲਿਖਾਈ ਤਾਂ ਇਸ ਦੇ ਨਤੀਜੇ ਭੁਗਤਣੇ ਪੈਣਗੇ। ਇਹ ਵੀ ਪਤਾ ਲੱਗਾ ਹੈ ਕਿ ਗ਼ਰੀਬ ਸੁਖਦੇਵ ਸਿੰਘ ਤੋਂ ਕੋਰੇ ਕਾਗਜ਼ਾਂ ਤੇ ਸਮਝੌਤੇ ਲਈ ਦਸਤਖਤ ਕਰਵਾ ਲਏ ਹਨ। ਘਟਨਾ ਤੋਂ 24 ਘੰਟੇ ਬਾਅਦ ਮੀਡੀਆ ਦੇ ਦਬਾਅ ਕਰਕੇ ਐਫ਼. ਆਈ. ਆਰ.ਲਿਖੀ ਗਈ। ਲੜਕੀ ਦੀ ਕੀਮਤ 20 ਲੱਖ ਰੁਪਿਆ ਅਤੇ ਨੌਕਰੀ ਦੇ ਰੂਪ ਵਿਚ ਦੇਣ ਦੀ ਪੇਸ਼ਕਸ਼ ਕੀਤੀ ਗਈ ਹੈ। ਪਰਿਵਾਰ ਤੇ ਸਮਝੌਤੇ ਲਈ ਦਬਾਅ ਪਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਦਾ ਇੱਕ ਮੰਤਰੀ ਸਮਝੌਤੇ ਲਈ ਵਿਚੋਲਗੀ ਕਰ ਰਿਹਾ ਹੈ, ਜਿਸ ਦਾ ਰਿਸ਼ਤੇਦਾਰ ਪਹਿਲਾਂ ਹੀ ਮੋਗਾ ਸੈਕਸ ਸਕੈਂਡਲ ਵਿਚ ਫਸਿਆ ਹੋਇਆ ਹੈ। ਇਸ ਤੋਂ ਪਹਿਲਾਂ ਵੀ ਪੰਜਾਬ ਸਰਕਾਰ ਅਜਿਹੇ ਕੇਸਾਂ ਲਾਲਚ ਦੇ ਕੇ ਪ੍ਰਭਾਵਤ ਲੋਕਾਂ ਨੂੰ ਟਿਕਾ ਲੈਂਦੀ ਰਹੀ ਹੈ। ਪੰਜਾਬ ਪੁਲਿਸ ਦੇ ਫਰੀਦਕੋਟ ਤੋਂ ਦਿਨ ਦਿਹਾੜੇ ਰਾਜ ਚਲਾ ਰਹੀ ਪਾਰਟੀ ਦੇ ਆਗੂਆਂ ਵੱਲੋਂ ਉਸਦੇ ਘਰੋਂ ਮਾਂ ਬਾਪ ਦੇ ਸਾਮ੍ਹਣੇ ਕੁਟ ਮਾਰ ਕਰਕੇ ਇੱਕ ਨਾਬਾਲਗ ਲੜਕੀ ਨੂੰ ਅਗਵਾ ਕਰਨਾ, ਛੇਹਰਟਾ ਵਿਖੇ ਆਪਣੀ ਧੀ ਦੀ ਇੱਜ਼ਤ ਬਚਾਉਣ ਲਈ ਆਏ ਪੁਲਿਸ ਅਧਿਕਾਰੀ ਦਾ ਦਿਨ ਦਿਹਾੜੇ ਗੋਲੀਆਂ ਮਾਰਕੇ ਕਤਲ ਕਰਨਾ, ਮਾਰਚ 2013 ਵਿਚ ਤਰਨਤਾਰਨ ਵਿਖੇ ਇੱਕ ਵਿਆਹ ਵਿਚ ਟੈਕਸੀ ਡਰਾਇਵਰ ਵੱਲੋਂ ਲੜਕੀ ਨੂੰ ਛੇੜਨਾ ਤੇ ਉਲਟਾ ਲੜਕੀ ਵੱਲੋਂ ਵਿਰੋਧ ਕਰਨ ਤੇ ਉਸਨੂੰ ਸ਼ਰੇਆਮ ਚਪੇੜਾਂ ਮਾਰਨੀਆਂ, ਅੰਮ੍ਰਿਤਸਰ ਕਚਹਿਰੀ ਵਿਚ ਸਿਆਸਤਦਾਨਾ ਅਤੇ ਪੁਲਿਸ ਦੇ ਤੰਗ ਕਰਨ ਕਰਕੇ ਸੈਕਸ ਸਕੈਂਡਲ ਵਿਚ ਗਵਾਹ ਵੱਲੋਂ ਆਤਮ ਹੱਤਿਆ ਕਰਨਾ, ਪਟਿਆਲਾ ਜਿਲ੍ਹੇ ਦੇ ਸ਼ਤਰਣਾ ਨੇੜੇ ਇੱਕ ਪਿੰਡ ਵਿਚ ਇੱਕ ਦਲਿਤ ਲੜਕੀ ਦੇ ਬਲਾਤਕਾਰ ਦੀ ਰਿਪੋਰਟ ਨਾ ਲਿਖਣ ਕਰਕੇ ਲੜਕੀ ਵੱਲੋਂ ਆਤਮ ਹੱਤਿਆ ਕਰਨ ਤੋਂ ਬਾਅਦ ਪਰਿਵਾਰ ਨਾਲ ਸਮਝੌਤਾ ਕਰਨ ਆਦਿ ਘਟਨਾਵਾਂ ਦੇ ਜਖ਼ਮ ਅਜੇ ਅੱਲ੍ਹੇ ਹੀ ਸਨ ਅਤੇ ਉਨ੍ਹਾਂ ਦਾ ਸਹਿਮ ਲੋਕਾਂ ਦੇ ਮਨਾਂ ਤੋਂ ਉਤਰਿਆ ਨਹੀਂ ਸੀ ਕਿ ਇਹ ਸ਼ਰਮਨਾਕ,ਦਿਲ ਨੂੰ ਦਹਿਲਾਉਣ ਅਤੇ ਵਲੂੰਧਰਨ ਵਾਲੀ ਦੁਖਦਾਇਕ ਘਟਨਾ ਦਿਨ ਦਿਹਾੜੇ ਵਾਪਰ ਗਈ । ਸੈਕਸ ਸਕੈਂਡਲ ਦੇ ਗਵਾਹ ਦੀ ਪਤਨੀ ਅਤੇ ਬੱਚੇ ਪਹਿਲਾਂ ਬਿਆਨਾ ਤੋਂ ਦਬਾਅ ਪਾ ਕੇ ਮੁਕਰਾ ਦਿੱਤੇ ਗਏ ਅਤੇ ਫਿਰ ਉਨ੍ਹਾਂ ਨੂੰ ਘਰੋਂ ਹੀ ਗਾਇਬ ਕਰ ਦਿੱਤਾ। ਜਲੰਧਰ ਵਿਖੇ ਅਕਾਲੀ ਵਿਧਾਨਕਾਰ ਦੇ ਭਤੀਜੇ ਵੱਲੋਂ ਗੁਰਕੀਤਰ ਸੇਖੋਂ ਦਾ ਕਤਲ ਕਰਕੇ ਮਾਰਨਾ ਅਤੇ ਹੁਣ ਸਰਕਾਰੀ ਅਧਿਕਾਰੀ ਦਾ ਡਿਫੈਂਸ ਵਿਟਨੈਸ ਬਣਨਾ ਸਰਕਾਰ ਦੇ ਦਾਅਵਿਆਂ ਦਾ ਪਰਦਾ ਫਾਸ਼ ਕਰਦਾ ਹੈ।

ਪੰਜਾਬ ਵਿਚ ਇਸਤਰੀਆਂ ਦੀ ਸੁਰੱਖਿਆ ਦਾ ਪਾਜ ਉਘੜ ਗਿਆ ਹੈ। ਇਹ ਠੀਕ ਹੈ ਕਿ ਬਸ ਦੇ ਮਾਲਕ ਦਾ ਇਸ ਘਟਨਾ ਨਾਲ ਕੋਈ ਸਿੱਧਾ ਸੰਬੰਧ ਨਹੀਂ ਪ੍ਰੰਤੂ ਬੱਸ ਦੇ ਕਰਿੰਦਿਆਂ ਸਿਰ ਹਕੂਮਤ ਦਾ ਫਤੂਰ ਸਿਰ ਚੜ੍ਹਕੇ ਬੋਲ ਰਿਹਾ ਸੀ,ਉਹ ਭੂਤਰੇ ਪਏ ਸਨ, ਸਿਆਸੀ ਪਾਰਟੀਆਂ ਨੇ ਮੰਦਭਾਗੀ ਘਟਨਾ ਤੇ ਵੀ ਸਿਆਸਤ ਕਰਨੀ ਸ਼ੁਰੂ ਕਰ ਦਿੱਤੀ ਹੈ। ਇਹ ਗੰਭੀਰ ਮਸਲਾ ਹੈ, ਸਾਰੀਆਂ ਸਿਆਸੀ ਪਾਰਟੀਆਂ ਨੂੰ ਮਿਲ ਕੇ ਸੰਜੀਦਗੀ ਨਾਲ ਵਿਚਾਰ ਵਟਾਂਦਰਾ ਕਰਕੇ ਕੋਈ ਸਾਰਥਕ ਕਦਮ ਚੁਕਣ ਲਈ ਉਪਰਾਲੇ ਕਰਨੇ ਚਾਹੀਦੇ ਹਨ। ਇਹ ਤਾਂ ਸ਼ਪਸ਼ਟ ਹੈ ਕਿ ਸਮੁਚੇ ਪੰਜਾਬ ਵਿਚ ਔਰਬਿਟ ਕੰਪਨੀ ਦੀਆਂ ਬੱਸਾਂ ਦੇ ਡਰਾਇਵਰਾਂ ਅਤੇ ਕੰਡਕਟਰਾਂ ਨੇ ਦਹਿਸ਼ਤ ਫੈਲਾਈ ਹੋਈ ਸੀ। ਸਵਾਰੀਆਂ ਅਤੇ ਸੜਕੀ ਆਵਾਜਾਈ ਵਾਲੇ ਲੋਕਾਂ ਨਾਲ ਉਨ੍ਹਾਂ ਵੱਲੋਂ ਰੋਜ਼ਾਨਾ ਦੁਰਵਿਵਹਾਰ ਦੀਆਂ ਘਟਨਾਵਾਂ ਆਮ ਜਿਹੀ ਗੱਲ ਹੈ ਪ੍ਰੰਤੂ ਇਸ ਘਟਨਾ ਵਿਚ ਬਾਦਲ ਪਰਿਵਾਰ ਦਾ ਉਤਨਾ ਕਸੂਰ ਨਹੀਂ, ਪ੍ਰੰਤੂ ਇਹ ਘਟਨਾ ਰਾਜ ਸਰਕਾਰ ਦੇ ਅਸਰ ਰਸੂਖ ਦੇ ਹੋਣ ਕਰਕੇ ਜ਼ਰੂਰ ਹੋਈ ਹੈ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਸਰਕਾਰ ਨੇ ਉਨ੍ਹਾਂ ਨੂੰ ਬਚਾ ਲੈਣਾ ਹੈ ਤਾਂ ਹੀ ਤਾਂ ਪਹਿਲਾਂ ਲੜਕੀ ਨੂੰ ਉਨ੍ਹਾਂ ਦੀ ਬਦਤਮੀਜ਼ੀ ਦਾ ਵਿਰੋਧ ਕਰਨ ਕਰਕੇ ਬੇਖ਼ੌਫ਼ ਹੋ ਕੇ ਥੱਲੇ ਸੁਟਿਆ ਫਿਰ ਉਸਦੀ ਮਾਂ ਨੂੰ ਬਾਹਰ ਸੁੱਟ ਦਿੱਤਾ। ਮੌਕੇ ਦਾ ਗਵਾਹ ਉਨ੍ਹਾਂ ਦਾ ਲੜਕਾ ਅਕਾਸ਼ਦੀਪ ਸਿੰਘ ਉਨ੍ਹਾਂ ਦੇ ਕਹਿਰ ਤੋਂ ਬਚ ਗਿਆ ਹੈ। ਇਹ ਬਿਮਾਰ ਮਾਨਸਿਕਤਾ ਦਾ ਕਰੂਪ ਹੈ, ਜਦੋਂ ਕਿ ਹਰ ਆਦਮੀ ਦਾ ਘੱਟੋ ਘੱਟ ਇੱਕ ਰਿਸ਼ਤਾ ਤਾਂ ਔਰਤ ਨਾਲ ਮਾਂ ਦੇ ਰੂਪ ਵਿਚ ਹੁੰਦਾ ਹੀ ਹੈ ਕਿਉਂਕਿ ਆਦਮੀ ਔਰਤ ਤੋਂ ਹੀ ਪੈਦਾ ਹੁੰਦਾ ਹੈ। ਜਦੋਂ ਆਦਮੀ ਔਰਤ ਦੀ ਅਸਮਤ ਨੂੰ ਹੱਥ ਪਾਉਂਦਾ ਹੈ ਤਾਂ ਉਹ ਆਪਣੀ ਮਾਂ ਦੀ ਅਸਮਤ ਨੂੰ ਹੱਥ ਪਾ ਰਿਹਾ ਹੁੰਦਾ ਹੈ। ਇਸ ਤੋਂ ਵੱਡੀ ਸ਼ਰਮ ਦੀ ਗੱਲ ਆਦਮੀ ਲਈ ਕੀ ਹੋ ਸਕਦੀ ਹੈ। ਇਸ ਤੋਂ ਪਹਿਲਾਂ ਵੀ 2010 ਵਿਚ ਮੋਹਾਲੀ ਵਿਖੇ 3 ਫ਼ੇਜ਼ ਵਿਚ ਔਰਬਿਟ ਕੰਪਨੀ ਦੀਆਂ ਬੱਸਾਂ ਮਾਰਕੀਟ ਵਿਚ ਖੜ੍ਹਦੀਆਂ ਸਨ, ਡਰਾਈਵਰ ਕੰਡਕਟਰਾਂ ਵੱਲੋਂ ਲੜਕੀਆਂ ਤੇ ਭੱਦੇ ਮਜ਼ਾਕ ਕਰਨ ਦੀਆਂ ਸ਼ਿਕਾਇਤਾਂ ਉਸ ਸਮੇਂ ਦੇ ਪਟਿਆਲਾ ਡਵੀਜ਼ਨ ਦੇ ਕਮਿਸ਼ਨਰ ਜਸਬੀਰ ਸਿੰਘ ਬੀਰ ਨੂੰ ਮਿਲੀਆਂ ਸਨ। ਲੋਕ ਹਾਈ ਕੋਰਟ ਵਿਚ ਵੀ ਗਏ ਸਨ , ਹਾਈ ਕੋਰਟ ਨੇ ਵੀ ਬੱਸਾਂ ਹਟਾਉਣ ਦੇ ਹੁਕਮ ਕੀਤੇ ਸਨ ਪ੍ਰੰਤੂ ਔਰਬਿਟ ਕੰਪਨੀ ਦੇ ਕੰਨਾ ਤੇ ਜੂੰ ਨਹੀਂ ਸਰਕੀ ਸੀ। ਸ਼੍ਰੀ ਬੀਰ ਨੇ ਮੁਖ ਮੰਤਰੀ ਅਤੇ ਉਪ ਮੁਖ ਮੰਤਰੀ ਨੂੰ ਉਥੇ ਬੱਸਾਂ ਨਾ ਖੜ੍ਹਾਉਣ ਦੀ ਬੇਨਤੀ ਕੀਤੀ ਸੀ, ਜਸਬੀਰ ਸਿੰਘ ਬੀਰ ਦੀ ਗੱਲ ਤਾਂ ਕੀ ਮੰਨਣੀ ਸੀ ਉਸਦੀ ਬਦਲੀ ਕਰਕੇ ਗੁਠੇ ਲਾਈਨ ਲਾ ਦਿੱਤਾ ਗਿਆ ਸੀ। ਜਸਬੀਰ ਸਿੰਘ ਬੀਰ ਨੇ ਵਿਰੋਧ ਵੱਜੋਂ ਪ੍ਰੀ ਮੈਚਿਊਰ ਰਿਟਾਇਰਮੈਂਟ ਲੈ ਲਈ ਸੀ। ਸ਼੍ਰੀ ਬੀਰ ਨੇ 13 ਅਪ੍ਰੈਲ 2010 ਨੂੰ ਅਗਾਊਂ ਸੇਵਾ ਮੁਕਤੀ ਦੀ ਅਰਜੀ ਦੇ ਦਿੱਤੀ ਸੀ, ਫਿਰ 14 ਅਪ੍ਰੈਲ ਤੋਂ ਬੱਸਾਂ ਉਥੋਂ ਹਟਾਈਆਂ ਗਈਆਂ ਸਨ।

ਇਸ ਘਟਨਾ ਤੋਂ ਬਾਦਲ ਪਰਿਵਾਰ ਇਤਨਾ ਬੁਖਲਾ ਗਿਆ ਕਿ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਜਿਸਨੇ ਲੋਕ ਸਭਾ ਦੀ ਚੋਣ ਵਿਚ ਹਲਫ਼ੀਆ ਬਿਆਨ ਵਿਚ ਔਰਬਿਟ ਟਰਾਂਸਪੋਰਟ ਵਿਚ ਆਪਣੇ ਸ਼ੇਅਰਾਂ ਦਾ ਜ਼ਿਕਰ ਕੀਤਾ ਸੀ, ਲੋਕ ਸਭਾ ਵਿਚ ਮੁਕਰ ਹੀ ਗਏ ਹਨ ਕਿ ਉਸਦਾ ਇਸ ਕੰਪਨੀ ਨਾਲ ਕੋਈ ਸੰਬੰਧ ਹੈ। ਇੱਕ ਪਾਸੇ ਤੇ ਹਰਸਿਮਰਤ ਕੌਰ ਬਾਦਲ ਸ਼ਰੋਮਣੀ ਪ੍ਰਬੰਧਕ ਕਮੇਟੀ ਦੀ ਸਹਾਇਤਾ ਨਾਲ ਧੀਆਂ ਭੈਣਾਂ ਦੀ ਰੱਖਿਆ ਲਈ 'ਨੰਨ੍ਹੀ ਛਾਂ' ਨਾਂ ਦੀ ਸੰਸਥਾ ਚਲਾਉਣ ਦਾ ਢੌਂਗ ਰਚ ਰਹੇ ਹਨ , ਜੋ ਲੜਕੀਆਂ ਦੀ ਹਿਫ਼ਾਜ਼ਤ ਦਾ ਦਾਅਵਾ ਕਰਦੀ ਹੈ। ਪ੍ਰੰਤੂ ਦੂਜੇ ਪਾਸੇ ਪੰਜਾਬ ਦੀ ਧੀ ਤੇ ਹੋਏ ਅਤਿਆਚਾਰ ਦਾ ਵਿਰੋਧ ਕਰਨ ਤੋਂ ਕੰਨੀ ਕਤਰਾਉਂਦੇ ਹਨ। ਘਾਗ ਸਿਆਸਤਦਾਨ ਪੰਜਾਬ ਦੇ ਮੁਖ ਮੰਤਰੀ ਪਰਕਾਸ਼ ਸਿੰਘ ਬਾਦਲ ਹਰਸਿਮਰਤ ਕੌਰ ਬਾਦਲ ਦੇ ਸਹੁਰਾ ਸਾਹਿਬ ਕਹਿੰਦੇ ਹਨ ਕਿ ਇਹ ਕੰਪਨੀ ਉਸਦੇ ਪਰਿਵਾਰ ਦੀ ਹੈ ਤੇ ਸੁਖਬੀਰ ਸਿੰਘ ਬਾਦਲ ਉਸਦਾ ਪ੍ਰਬੰਧ ਵੇਖਦੇ ਹਨ। ਘਟਨਾ ਸਮੇਂ ਬੱਸ ਵਿਚ ਹੋਰ ਸਵਾਰੀਆਂ ਵੀ ਮੌਜੂਦ ਸਨ ਪ੍ਰੰਤੂ ਬਾਦਲ ਪਰਿਵਾਰ ਦੀ ਬੱਸ ਹੋਣ ਕਾਰਨ ਡਰ ਦੇ ਮਾਰਿਆਂ ਕਿਸੇ ਸਵਾਰੀ ਨੇ ਵੀ ਉਸ ਪੰਜਾਬ ਦੀ ਅਬਲਾ ਧੀ ਦੀ ਇੱਜ਼ਤ ਬਚਾਉਣ ਲਈ ਹਿੰਮਤ ਨਹੀਂ ਕੀਤੀ ਕਿਉਂਕਿ ਪੁਲਿਸ ਹਮੇਸ਼ਾ ਔਰਬਿਟ ਕੰਪਨੀ ਦੇ ਮੁਲਾਜ਼ਮਾ ਦੀ ਸਹਾਇਤਾ ਤੇ ਆ ਜਾਂਦੀ ਹੈ। ਸਰਬੱਤ ਦਾ ਭਲਾ ਕਰਨ ਵਾਲੇ ਪੰਜਾਬੀ ਸੁਸਰੀ ਦੀ ਤਰ੍ਹਾਂ ਸੌਂ ਗਏ। ਉਨ੍ਹਾਂ ਦੀ ਜ਼ਮੀਰ ਮਰ ਚੁੱਕੀ ਹੈ, ਵੈਸੇ ਪੰਜਾਬੀਆਂ ਨੂੰ ਅਬਲਾਵਾਂ ਦੇ ਰਖਵਾਲਿਆਂ ਦੇ ਤੌਰ ਤੇ ਜਾਣਿਆਂ ਜਾਂਦਾ ਸੀ, ਬਸ ਵਿਚ ਬੈਠੀਆਂ ਹੋਰ ਪੰਜਾਬੀ ਸਵਾਰੀਆਂ ਦੀ ਅਣਖ਼ ਹੀ ਮਰ ਗਈ ਲਗਦੀ ਹੈ ਪ੍ਰੰਤੂ ਫਿਰ ਵੀ ਇੱਕ ਸਵਾਰੀ ਨੇ ਪੁਲਿਸ ਨੂੰ ਕੰਟਰੋਲ ਰੂਮ ਤੇ ਸੂਚਨਾ ਦਿੱਤੀ ਤਾਂ ਹੀ ਡਰਾਇਵਰ ਤੇ ਕੰਡਕਟਰ ਬੱਸ ਛੱਡ ਕੇ ਭੱਜ ਗਏ। ਲੋਕ ਸਭਾ ਵਿਚ ਲੁਧਿਆਣਾ ਤੋਂ ਲੋਕ ਸਭਾ ਦੇ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਮਸਲਾ ਉਠਾਇਆ ਅਤੇ ਮੰਗ ਕੀਤੀ ਕਿ ਦਿੱਲੀ ਵਿਚ ਇੱਕ ਲੜਕੀ ਨਾਲ ਉਬੇਰ ਕੰਪਨੀ ਦੀ ਟੈਕਸੀ ਵਿਚ ਹੋਈ ਘਟਨਾ ਤੋਂ ਬਾਅਦ ਇਸ ਕੰਪਨੀ ਦੀਆਂ ਟੈਕਸੀਆਂ ਤੇ ਪਾਬੰਦੀ ਲਾਉਣ ਦੀ ਤਰ੍ਹਾਂ ਪੰਜਾਬ ਵਿਚ ਵੀ ਔਰਬਿਟ ਕੰਪਨੀ ਤੇ ਪਾਬੰਦੀ ਲਾਈ ਜਾਵੇ, ਇਸ ਮੌਕੇ ਚੌਧਰੀ ਸੰਤੋਖ ਸਿੰਘ, ਆਮ ਆਦਮੀ ਪਾਰਟੀ ਦੇ ਡਾ.ਧਰਮਵੀਰ ਗਾਂਧੀ ਅਤੇ ਭਗਵੰਤ ਮਾਨ ਨੇ ਪੂਰਾ ਸਾਥ ਦਿੱਤਾ। ਹੈਰਾਨੀ ਦੀ ਗੱਲ ਹੈ ਕਿ ਐਨੇ ਸੰਜੀਦਾ ਵਿਸ਼ੇ ਤੇ ਮਾਣਯੋਗ ਸ਼੍ਰੀਮਤੀ ਸੁਮਿਤਰਾ ਮਹਾਜਨ ਸਪੀਕਰ ਲੋਕ ਸਭਾ ਨੇ ਇੱਕ ਔਰਤ ਹੁੰਦਿਆਂ ਵੀ ਰਵਨੀਤ ਸਿੰਘ ਬਿੱਟੂ ਵੱਲੋਂ ਪੇਸ਼ ਕੀਤਾ ਕੰਮ ਰੋਕੂ ਮਤਾ ਰੱਦ ਕਰ ਦਿੱਤਾ ਅਤੇ ਲੋਕ ਸਭਾ ਵਿਚ ਬਹਿਸ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਕੇਂਦਰ ਸਰਕਾਰ ਨੇ ਇਸ ਘਟਨਾ ਵਿਚ ਰਾਜ ਸਰਕਾਰ ਤੋਂ ਰਿਪੋਰਟ ਮੰਗਣ ਬਾਰੇ ਦੱਸ ਕੇ ਟਾਲਾ ਵੱਟ ਲਿਆ ਹੈ। ਇਸ ਤਰ੍ਹਾਂ ਲੱਗ ਰਿਹਾ ਹੈ ਕਿ ਰਾਜ ਭਾਗ ਵਿਚ ਭਾਈਵਾਲ ਹੋਣ ਕਰਕੇ ਕੇਂਦਰ ਸਰਕਾਰ ਜਾਣ ਬੁਝਕੇ ਅੱਖਾਂ ਮੀਟੀ ਬੈਠੀ ਹੈ। ਪੰਜਾਬ ਵਿਚ ਧੀਆਂ ਭੈਣਾ ਤੇ ਹੋ ਰਹੇ ਅਤਿਆਚਾਰਾਂ ਨੇ ਸਹਿਮ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਧੀਆਂ ਭੈਣਾ ਘਰੋਂ ਬਾਹਰ ਨਿਕਲਣ ਤੋਂ ਘਬਰਾਉਣ ਲੱਗ ਗਈਆਂ ਹਨ। ਪੰਜਾਬ ਵਿਚ ਤਾਲਬਾਨ ਦੀ ਤਰ੍ਹਾਂ ਡਰ ਪੈਦਾ ਹੋ ਗਿਆ ਹੈ। ਇਸ ਘਟਨਾ ਤੋਂ ਬਾਅਦ ਲਗਾਤਾਰ ਬਾਲੜੀਆਂ ਦੀਆਂ ਛੇੜਛਾੜ ਦੀਆਂ ਘਟਨਾਵਾਂ ਵੱਧ ਗਈਆਂ ਹਨ।

ਮੋਗਾ ਜਿਲ੍ਹੇ ਦੇ ਪਿੰਡ ਮਾੜੀ ਮੁਸਤਫਾ ਵਿਖੇ ਉਸੇ ਰਾਤ ਸਮੂਹਕ ਜ਼ਬਰਜਨਾਹ ਦੀ ਘਟਨਾ ਵਾਪਰ ਗਈ, ਉਪ ਮੁਖ ਮੰਤਰੀ ਦੇ ਹਲਕੇ ਜਲਾਲਾਬਾਦ ਦੇ ਪਿੰਡ ਟਿਵਾਣਾ ਵਿਖੇ ਵੀ ਇੱਕ ਵਿਆਹੀ ਔਰਤ ਨੂੰ ਅਗਵਾ ਕਰਕੇ ਸਮੂਹਿਕ ਬਲਾਤਕਾਰ ਕੀਤਾ ਗਿਆ ਹੈ, ਤਰਨਤਾਰਨ ਵਿਚ 6 ਸਾਲ ਦੀ ਬੱਚੀ ਨਾਲ ਛੇੜ ਛਾੜ ਹੋਈ, ਜਲੰਧਰ ਵਿਖੇ ਪੁਲਿਸ ਦੇ ਇੱਕ ਹੈਡ ਕਨਸਟੇਬਲ ਵੱਲੋਂ ਆਪਣੀ ਲੜਕੀ ਨਾਲ ਹੋ ਰਹੀ ਛੇੜ ਛਾੜ ਦਾ ਵਿਰੋਧ ਕਰਨ ਕਰਕੇ 2 ਮਈ 2015 ਨੂੰ ਦਿਨ ਦਿਹਾੜੇ ਉਸਨੂੰ ਬੁਰੀ ਤਰ੍ਹਾਂ ਕੁਟ ਕੇ ਜਖ਼ਮੀ ਕੀਤਾ ਗਿਆ। ਪ੍ਰੰਤੂ ਸਰਕਾਰ ਅਨੁਸਾਰ ਪੰਜਾਬ ਵਿਚ ਹਾਲਾਤ ਕਾਬੂ ਵਿਚ ਹਨ।

ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਆਪਸੀ ਸਹਿਯੋਗ ਨਾਲ ਕੋਈ ਸਾਰਥਿਕ ਉਪਰਾਲੇ ਕਰਨ ਦੇ ਯਤਨ ਕਰਨੇ ਚਾਹੀਦੇ ਹਨ। ਅਜਿਹੀ ਸੰਜੀਦਾ ਵਾਰਦਾਤ ਤੇ ਸਿਆਸਤ ਨਹੀਂ ਕਰਨੀ ਚਾਹੀਦੀ। ਪੰਜਾਬੀਆਂ ਨੂੰ ਆਪੋ ਆਪਣੇ ਲੜਕਿਆਂ ਨੂੰ ਸਿਖਿਆ ਦੇਣੀ ਚਾਹੀਦੀ ਹੈ ਕਿ ਧੀ ਭੈਣ ਸਭ ਦੀ ਸਾਂਝੀ ਹੁੰਦੀ ਹੈ ਅਤੇ ਹਰ ਆਦਮੀ ਦੇ ਬਹੁਤੇ ਰਿਸ਼ਤੇ ਔਰਤ ਨਾਲ ਹੀ ਹੁੰਦੇ ਹਨ, ਇਸ ਲਈ ਔਰਤ ਦਾ ਸਤਿਕਾਰ ਕਰਨਾ ਜ਼ਰੂਰੀ ਹੈ। ਇਸ ਦਰਿੰਦਗੀ ਦੀ ਘਟਨਾ ਨੇ ਪੰਜਾਬੀਆਂ ਦੀ ਗ਼ੈਰਤ, ਅਣਖ਼ ਅਤੇ ਬਹਾਦਰੀ ਨੂੰ ਦਾਗ਼ਦਾਰ ਕੀਤਾ ਹੈ।

ਪੰਜਾਬ ਵਿਚ ਇਸਤਰੀਆਂ ਨਾਲ ਜੋ ਵਿਵਹਾਰ ਹੋ ਰਿਹਾ ਹੈ, ਇਸਤਰੀ ਇਸ ਦੇ ਕਾਬਲ ਨਹੀਂ ਕਿਉਂਕਿ ਦੁਨੀਆਂ ਦੇ ਇਤਿਹਾਸ ਵਿਚ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਹੀ ਇਸਤਰੀ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਸੀ। ਅੱਜ ਪੰਜਾਬੀ ਆਪਣੇ ਗੁਰੂਆਂ ਦੀ ਵਿਚਾਰਧਾਰਾ ਦੇ ਵਿਰੁਧ ਕਾਰਵਾਈਆਂ ਕਰਕੇ ਆਪਣੇ ਹੀ ਗੁਰੂਆਂ ਤੋਂ ਬੇਮੁਖ ਹੋ ਰਹੇ ਹਨ। ਇਸ ਘਟਨਾ ਨੇ ਪੰਜਾਬ ਵਿਚ ਔਰਤਾਂ ਦੀ ਸੁਰੱਖਿਆ ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ।

ਅਜਿਹੀਆਂ ਘਟਨਾਵਾਂ ਨੂੰ ਰੋਕਣ ਦੀ ਜ਼ਿੰਮੇਵਾਰੀ ਇਕੱਲੀ ਸਰਕਾਰ ਜਾਂ ਪੁਲਿਸ ਦੇ ਗਲ ਪਾ ਕੇ ਅਸੀਂ ਬਰੀ ਨਹੀਂ ਹੋ ਸਕਦੇ, ਇਸ ਵਿਚ ਸਾਡੀ ਸਮਾਜ ਦੀ ਵੀ ਜ਼ਿੰਮੇਵਾਰੀ ਬਣਦੀ ਹੈ। ਸਾਨੂੰ ਆਪਣੀ ਪੀੜ੍ਹੀ ਹੇਠ ਵੀ ਸੋਟਾ ਫੇਰਨਾ ਚਾਹੀਦਾ ਹੈ। ਸਰਕਾਰ ਜਾਂ ਪੁਲਿਸ ਹਰ ਥਾਂ ਹਾਜ਼ਰ ਨਹੀਂ ਹੋ ਸਕਦੀ ਪ੍ਰੰਤੂ ਸਰਕਾਰ ਨੂੰ ਆਪਣਾ ਡਰ ਜ਼ਰੂਰ ਰੱਖਣਾ ਚਾਹੀਦਾ ਹੈ। ਜੇ ਅਜਿਹੇ ਲੋਕਾਂ ਨੂੰ ਡਰ ਹੋਵੇ ਕਿ ਸਰਕਾਰ ਸਾਡਾ ਬਚਾਅ ਨਹੀਂ ਕਰੇਗੀ ਤਾਂ ਅਜਿਹੀਆਂ ਘਟਨਾਵਾਂ ਤੋਂ ਬਚਾਅ ਹੋ ਸਕਦਾ ਹੈ। ਸਿਆਸੀ ਰੋਟੀਆਂ ਸੇਕਣ ਨਾਲ ਇਸਤਰੀਆਂ ਨੂੰ ਕੋਈ ਲਾਭ ਹੋਣ ਵਾਲਾ ਨਹੀਂ, ਜਿੰਨੀ ਦੇਰ ਸਮਾਜ ਆਪਣੀ ਮਾਨਸਿਕਤਾ ਨੂੰ ਬਦਲਦਾ ਨਹੀਂ। ਇਸਤਰੀਆਂ ਪ੍ਰਤੀ ਸਾਨੂੰ ਆਪਣੀ ਪਹੁੰਚ ਬਦਲਣੀ ਚਾਹੀਦੀ ਹੈ। ਇਸਤਰੀ ਇੱਕ ਭੈਣ, ਪਤਨੀ, ਭੂਆ, ਮਾਸੀ, ਚਾਚੀ, ਤਾਈ ਅਤੇ ਮਾਂ ਵੀ ਹੈ। ਰਿਸ਼ਤਿਆਂ ਨੂੰ ਦਾਗ਼ਦਾਰ ਤੇ ਬਦਨਾਮ ਨਹੀਂ ਕਰਨਾ ਚਾਹੀਦਾ।

ਅਜਿਹੀਆਂ ਘਟਨਾਵਾਂ ਨਾਲ ਪੰਜਾਬੀਆਂ ਦੀ ਦੁਨੀਆਂ ਵਿਚ ਬਦਨਾਮੀ ਵੀ ਹੁੰਦੀ ਹੈ। ਔਰਬਿਟ ਕੰਪਨੀ ਵੱਲੋਂ ਲੋਕਾਂ ਦੇ ਦਬਾਅ ਕਰਕੇ ਕੁਝ ਸਮੇਂ ਲਈ ਕੰਪਨੀ ਦੀਆਂ ਬੱਸਾਂ ਕਰਮਚਾਰੀਆਂ ਨੂੰ ਸਿਖਿਆ ਦੇਣ ਦੇ ਨਾਂ ਤੇ ਬੰਦ ਕਰਨ ਦਾ ਨਾਟਕ ਰਚਿਆ ਗਿਆ ਹੈ ਤਾਂ ਜੋ ਮਾਮਲਾ ਠੰਡਾ ਪੈ ਜਾਵੇ ਅਤੇ ਸਮਝੌਤਾ ਕੀਤਾ ਜਾ ਸਕੇ।

ਹੁਣ ਪੁਲਿਸ ਕਹਿ ਰਹੀ ਹੈ ਕਿ ਬੱਸ ਦੇ ਮਾਲਕ ਵਿਰੁਧ ਮੁਕੱਦਮਾ ਦਰਜ ਨਹੀਂ ਹੋ ਸਕਦਾ ਇਸ ਤੋਂ ਪਹਿਲਾਂ 2012 ਵਿਚ ਤਰਨਤਾਰਨ ਵਿਖੇ ਸ਼ਕਰੀ ਟਰਾਂਸਪੋਰਟ ਕੰਪਨੀ ਦੀ ਬੱਸ ਦੇ ਸਹਿ ਮਾਲਕ ਰੁਪਿੰਦਰਜੀਤ ਸਿੰਘ ਵਿਰੁਧ ਮੁਕੱਦਮਾ ਉਸ ਕੰਪਨੀ ਦੇ ਡਰਾਇਵਰ ਵੱਲੋ ਐਕਸੀਡੈਂਟ ਕਰਨ ਕਰਕੇ ਦਰਜ ਕਰ ਦਿੱਤਾ ਸੀ ਫਿਰ ਹੁਣ ਮੁਕੱਦਮਾ ਦਰਜ ਕਿਉਂ ਨਹੀਂ ਹੋ ਸਕਦਾ? ਉਸ ਕੰਪਨੀ ਦਾ ਮਾਲਕ ਕਾਂਗਰਸੀ ਸੀ ਤੇ ਇਸ ਕੰਪਨੀ ਦਾ ਮਾਲਕ ਰਾਜ ਦਾ ਉਪ ਮੁਖ ਮੰਤਰੀ ਹੈ। ਕਾਨੂੰਨ ਸਾਰਿਆਂ ਲਈ ਬਰਾਬਰ ਹੋਣਾ ਚਾਹੀਦਾ ਹੈ।

## ਦਿੱਲੀ ਮਹਿਲਾ ਕਮਿਸ਼ਨ ਦੀ ਮੁਖੀ ਨੇ ਲਿਖਿਆ 'ਆਪ' ਆਗੂਆਂ ਖ਼ਿਲਾਫ਼ ਪੱਤਰ

**ਨਵੀਂ ਦਿੱਲੀ–** ਦਿੱਲੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਬਰਖਾ ਸਿੰਘ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਕੁਮਾਰ ਵਿਸ਼ਵਾਸ ਤੇ ਹੋਰਾਂ ਖ਼ਿਲਾਫ਼ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ, ਦਿੱਲੀ ਦੇ ਉਪ-ਰਾਜਪਾਲ ਨਜੀਬ ਜੰਗ ਤੇ ਦਿੱਲੀ ਪੁਲੀਸ ਕਮਿਸ਼ਨਰ ਨੂੰ ਚਿੱਠੀ ਭੇਜ ਕੇ ਬੀਤੇ ਦਿਨਾਂ ਦੀਆਂ ਘਟਨਾਵਾਂ ਦੇ ਵੇਰਵੇ ਦਿੱਤੇ ਅਤੇ 'ਆਪ' ਦੇ ਸਮਰਥਕਾਂ/ ਆਗੂਆਂ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਆਮ ਆਦਮੀ ਪਾਰਟੀ ਦੇ ਆਗੂ ਕੁਮਾਰ ਵਿਸ਼ਵਾਸ ਤੇ ਇੱਕ 'ਆਪ' ਵਰਕਰ ਦੇ ਸਬੰਧਾਂ ਦੇ ਮੁੱਦੇ ਨੂੰ ਲੈ ਕੇ ਬਰਖਾ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਆਗੂਆਂ ਅਰਵਿੰਦ ਕੇਜਰੀਵਾਲ ਤੇ ਕੁਮਾਰ ਵਿਸ਼ਵਾਸ ਨੇ ਜਾਣ ਬੁੱਝ ਕੇ ਕਮਿਸ਼ਨ ਅੰਦਰ ਪਾਰਟੀ ਵਰਕਰ ਭੇਜੇ ਜਿਨ੍ਹਾਂ ਨੇ ਉਨ੍ਹਾਂ (ਬਰਖਾ ਸਿੰਘ) ਨਾਲ ਕਥਿਤ ਬਦਸਲੂਕੀ ਕੀਤੀ।

ਉਨ੍ਹਾਂ ਕਿਹਾ ਕਿ ਜੂਹੀ ਖ਼ਾਨ ਤੇ ਸੁਧਾ ਟੋਕਾਸ (ਮੈਂਬਰ ਦਿੱਲੀ ਮਹਿਲਾ ਕਮਿਸ਼ਨ), ਡਾ. ਸਨੇਹਾ ਰਾਨੀ ਵਰਮਾ (ਮਹਿਲਾ ਅਧਿਕਾਰ ਮੰਚ) ਨੇ ਕਮਿਸ਼ਨ ਦੇ ਅਹਾਤੇ ਵਿੱਚ ਬਦਸਲੂਕੀ ਕੀਤੀ ਤੇ ਹਲਕੀ ਭਾਸ਼ਾ ਵਰਤੀ। ਉਨ੍ਹਾਂ ਕਿਹਾ ਕਿ ਉਹ ਉਦੋਂ ਪ੍ਰੈਸ ਕਾਨਫਰੰਸ ਵਿੱਚ ਰੁਝੀ ਹੋਈ ਸੀ। ਬਰਖਾ ਸਿੰਘ ਨੇ ਕਿਹਾ ਕਿ ਉਪਰੋਕਤ ਔਰਤਾਂ ਨੂੰ ਬੁਲਾਇਆ ਵੀ ਨਹੀਂ ਗਿਆ ਸੀ ਅਤੇ ਇਹ ਕਮਿਸ਼ਨ ਦੇ ਨਿਯਮਾਂ ਦੇ ਵੀ ਉਲਟ ਹੈ। ਉਨ੍ਹਾਂ ਚਿੱਠੀ ਵਿੱਚ ਲਿਖਿਆ ਕਿ ਕੁਮਾਰ ਵਿਸ਼ਵਾਸ ਨੂੰ ਦੋ ਵਾਰ ਸੰਮਨ ਭੇਜ ਕੇ ਅਲੀਸ਼ਾ ਖ਼ਾਨ ਪਤਨੀ ਰਾਜੂ ਖ਼ਾਨ (ਦਿੱਲੀ ਵਾਸੀ) ਦੇ ਮਾਮਲੇ ਵਿੱਚ ਬੁਲਾਇਆ ਗਿਆ ਸੀ ਪਰ ਉਹ ਨਹੀਂ ਆਏ। ਬਰਖਾ ਸਿੰਘ ਨੇ ਕਿਹਾ ਕਿ ਅਲੀਸ਼ਾ ਖ਼ਾਨ ਵੱਲੋਂ ਕਮਿਸ਼ਨ ਨੂੰ ਦਿੱਤੀ ਗਈ ਸ਼ਿਕਾਇਤ ਵਿੱਚ ਕੁਮਾਰ ਵਿਸ਼ਵਾਸ 'ਤੇ ਕਈ ਕਥਿਤ ਦੋਸ਼ ਲਾਏ ਗਏ ਹਨ। ਜ਼ਿਕਰਯੋਗ ਹੈ ਕਿ ਕੁਮਾਰ ਵਿਸ਼ਵਾਸ ਅਲੀਸ਼ਾ ਬਾਰੇ ਸੋਸ਼ਲ ਮੀਡੀਆ ਵਿੱਚ ਆਈਆਂ ਗੱਲਾਂ ਦਾ ਪਹਿਲਾਂ ਹੀ ਖੰਡਨ ਕਰ ਚੁੱਕੇ ਹਨ।ਅਲੀਸ਼ਾ ਨੇ ਕਮਿਸ਼ਨ ਨੂੰ ਸ਼ਿਕਾਇਤ ਵਿੱਚ ਕਿਹਾ ਸੀ ਕਿ ਸੋਸ਼ਲ ਮੀਡੀਆ 'ਤੇ ਆਈਆਂ ਖ਼ਬਰਾਂ ਨੂੰ ਲੈ ਕੇ ਉਹ ਪ੍ਰੇਸ਼ਾਨ ਹੈ ਤੇ ਉਸ ਦਾ ਘਰ ਟੁੱਟਣ 'ਤੇ ਆ ਗਿਆ ਹੈ। ਪਤੀ ਨੇ ਉਸ ਨੂੰ ਛੱਡ ਦਿੱਤਾ ਹੈ ਤੇ ਅਲੀਸ਼ਾ ਖ਼ਾਨ ਨੇ ਕੁਮਾਰ ਤੋਂ ਮੰਗ ਕੀਤੀ ਸੀ ਕਿ ਉਹ ਇਸ ਮੁੱਦੇ 'ਤੇ ਸਫ਼ਾਈ ਦੇ ਕੇ ਉਸ ਦੇ ਟੁੱਟਦੇ ਘਰ ਨੂੰ ਬਚਾਵੇ।

## ਫਤਹਿ ਅਤੇ ਹਮਾਸ ਗੁਟਾਂ 'ਚ ਬੇਯਕੀਨੀ ਦਾ ਮਾਹੌਲ

**ਗਾਜ਼ਾ/ਯੋਰੋਸ਼ਲਮ–** ਫਲਸਤੀਨ 'ਚ ਹਮਾਸ ਅਤੇ ਫਤਹਿ ਜਥੇਬੰਦੀਆਂ ਵਿਚਕਾਰ ਸਮਝੌਤੇ ਦੇ ਇਕ ਸਾਲ ਬਾਅਦ ਵੀ ਦੋਹਾਂ 'ਚ ਕੋਈ ਸਾਂਝ ਨਜ਼ਰ ਨਹੀਂ ਆ ਰਹੀ। ਕਈ ਮੁਲਕਾਂ ਦੇ ਦੂਤਾਂ ਨੇ ਦੋਹਾਂ ਗੁਟਾਂ ਵਿਚਕਾਰ ਸੁਲ੍ਹਾ ਸਫ਼ਾਈ ਦੇ ਯਤਨਾਂ ਨੂੰ ਤੇਜ਼ ਕਰਨ ਲਈ ਗਾਜ਼ਾ ਦੇ ਕਈ ਚੱਕਰ ਮਾਰੇ ਹਨ ਪਰ ਉਨ੍ਹਾਂ ਨੂੰ ਇਕਜੁੱਟ ਕਰਨ 'ਚ ਨਾਕਾਮ ਰਹੇ ਹਨ। ਜ਼ਿਕਰਯੋਗ ਹੈ ਕਿ ਗਾਜ਼ਾ 'ਤੇ 2007 ਤੋਂ ਹਮਾਸ ਦਾ ਕਬਜ਼ਾ ਹੈ ਅਤੇ ਫਤਹਿ ਫਲਸਤੀਨ ਪ੍ਰਸ਼ਾਸਨ ਪੱਛਮੀ ਕੰਢੇ ਤੋਂ ਚਲਾ ਰਹੀ ਹੈ। ਫਤਹਿ ਗੁੱਟ ਵੱਧ ਧਰਮ ਨਿਰਪੱਖ ਮੰਨਿਆ ਜਾਂਦਾ ਹੈ ਅਤੇ ਉਸ ਨੂੰ ਪੱਛਮੀ ਮੁਲਕਾਂ ਦੀ ਹਮਾਇਤ ਪ੍ਰਾਪਤ ਹੈ।

ਕਰੀਬ ਇਕ ਸਾਲ ਪਹਿਲਾਂ ਹਮਾਸ ਅਤੇ ਫਤਹਿ ਨੇ ਕੌਮੀ ਸਮਝੌਤੇ 'ਤੇ ਦਸਤਖ਼ਤ ਕੀਤੇ ਸਨ ਪਰ ਹੁਣ ਦੋਵੇਂ ਪਾਰਟੀਆਂ ਫਲਸਤੀਨੀਆਂ ਨੂੰ ਦਰਪੇਸ਼ ਚੁਣੌਤੀਆਂ ਦੇ ਹੱਲ ਲਈ ਆਪਣੇ ਮਤਭੇਦਾਂ ਨੂੰ ਭੁਲਾ ਕੇ ਇਕੱਠੇ ਨਹੀਂ ਹੋ ਰਹੀਆਂ। ਫਤਹਿ ਦਾ ਮੰਨਣਾ ਹੈ ਕਿ ਹਮਾਸ ਗਾਜ਼ਾ ਪੱਟੀ ਦੇ 360 ਵਰਗ ਕਿਲੋਮੀਟਰ ਦੇ ਦਾਇਰੇ ਅੰਦਰ ਇਸਲਾਮੀ ਰਾਜ ਕਾਇਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਧਰ ਫਤਹਿ 'ਤੇ ਹਮਾਸ ਵਾਲੇ ਦੋਸ਼ ਲਾਉਂਦੇ ਹਨ ਕਿ ਉਹ ਚੋਣਾਂ ਕਰਾਉਣ ਦੇ ਇਛੁੱਕ ਨਜ਼ਰ ਨਹੀਂ ਆਉਂਦੇ ਕਿਉਂਕਿ ਉਨ੍ਹਾਂ ਨੂੰ ਖ਼ਦਸ਼ਾ ਹੈ ਕਿ ਉਹ ਹਾਰ ਜਾਣਗੇ ਅਤੇ ਹਮਾਸ ਦਾ ਪੂਰਾ ਕਬਜ਼ਾ ਹੋ ਜਾਏਗਾ।

ਦੋਵੇਂ ਪਾਰਟੀਆਂ 'ਚ ਡੂੰਘੇ ਮਤਭੇਦ ਹੋਣ ਕਰਕੇ ਇਸਰਾਈਲ ਵੀ ਵਾਰ ਵਾਰ ਇਹ ਦੁਹਰਾਉਂਦਾ ਹੈ ਕਿ ਉਹ ਕਿਸ ਧੜੇ ਨਾਲ ਗੱਲਬਾਤ ਕਰੇ ਤਾਂ ਜੋ ਫਲਸਤੀਨ ਸਮੱਸਿਆ ਦਾ ਹੱਲ ਨਿਕਲ ਸਕੇ। ਫਤਹਿ ਦੇ ਸੀਨੀਅਰ ਅਧਿਕਾਰੀ ਅਮੀਨ ਮਕਬੂਲ ਨੇ ਕਿਹਾ,''ਹਮਾਸ ਰੇੜਕਾ ਖ਼ਤਮ ਨਹੀਂ ਕਰਨਾ ਚਾਹੁੰਦਾ। ਉਨ੍ਹਾਂ ਦਾ ਆਗੂ ਕਤਰ 'ਚ ਰਹਿ ਰਿਹਾ ਹੈ ਅਤੇ ਗਾਜ਼ਾ ਬਾਰੇ ਉਸ ਦੀਆਂ ਆਪਣੀਆਂ ਹੀ ਯੋਜਨਾਵਾਂ ਹਨ।'' ਉਸ ਨੇ ਕਿਹਾ ਕਿ ਹਮਾਸ ਕਦੇ ਵੀ ਫਲਸਤੀਨੀ ਰਾਜ ਦੇ ਪੱਖ 'ਚ ਨਹੀਂ ਹੈ।

ਹਮਾਸ ਦੇ ਫਤਹਿ ਨੂੰ ਲੈ ਕੇ ਆਪਣੇ ਤਰਕ ਹਨ। ਹਮਾਸ ਦਾ ਕਹਿਣਾ ਹੈ ਕਿ ਫਲਸਤੀਨੀ ਰਾਸ਼ਟਰਪਤੀ ਮਹਿਮੂਦ ਅੱਬਾਸ ਨੇ ਵੀ ਸਮਝੌਤੇ ਲਈ ਸਰਗਰਮੀ ਨਹੀਂ ਦਿਖਾਈ। ਉਨ੍ਹਾਂ ਪੱਛਮੀ ਕੰਢੇ ਤੋਂ ਖ਼ੁਦ ਆਉਣ ਦੀ ਬਜਾਏ ਗਾਜ਼ਾ 'ਚ ਦੂਤ ਭੇਜ ਦਿੱਤੇ। ਵਿਦੇਸ਼ੀ ਸਫ਼ੀਰਾਂ ਨੇ ਵੀ ਹਾਲਾਤ 'ਤੇ ਆਪਣੀ ਨਰਾਜ਼ਗੀ ਦਿਖਾਈ ਹੈ ਅਤੇ ਦੋਵੇਂ ਧਿਰਾਂ 'ਤੇ ਸਮਝੌਤੇ ਲਈ ਅਗਾਂਹਵਧੂ ਕਦਮ ਨਾ ਚੁੱਕਣ ਦਾ ਦੋਸ਼ ਲਾਇਆ ਹੈ। ਗਾਜ਼ਾ ਦੇ ਸਿਆਸੀ ਮਾਹਿਰ ਹਾਨੀ ਹਬੀਬ ਨੂੰ ਫਲਸਤੀਨ ਦਾ ਭਵਿੱਖ ਖ਼ਤਰਨਾਕ ਜਾਪਦਾ ਹੈ।

# ਥੋੜ੍ਹੇ ਹੀ ਵਕਫ਼ੇ ਦੌਰਾਨ ਸਵਰਗਵਾਸ ਹੋਏ ਰਤਨੀ ਜੱਗੀ ਅਤੇ ਉਨ੍ਹਾਂ ਦੇ ਜੀਵਨ ਸਾਥੀ ਜੱਗੀ ਰਾਮ ਦੀ ਅੰਤਿਮ ਅਰਦਾਸ ਦੇ ਸਮਾਗਮ ਕਰਵਾਏ ਗਏ

**ਪਿਟਸਬਰਗ (ਡੀ ਡੀ ਬੀ)–** ਸੰਗ ਚਲਤ ਹੈ ਹਮ ਭੀ ਚਲਨਾ, ਦੂਰ ਗਮਨ ਸਿਰ ਊਪਰ ਮਰਨਾ॥ ਸ਼੍ਰੀ ਗੁਰੂ ਰਵਿਦਾਸ ਜੀ ਦੇ ਮਹਾਂਵਾਕ ਮੁਤਾਬਕ ਸ਼੍ਰੀ ਗੁਰੂ ਰਵਿਦਾਸ ਜੀ ਟੈਂਪਲ ਪਿਟਸਬਰਗ ਦੇ ਫਾਊਂਡਰ ਮੈਂਬਰ ਅਤੇ ਗੁਰੂ ਘਰ ਦੀ ਸੇਵਾ ਆਪਣੇ ਹੱਥੀਂ ਨਿਭਾਉਣ ਵਾਲੇ ਅਤੇ ਆਪਣੇ ਪਿੰਡ ਮਜਾਰਾ ਨੌ ਅਬਾਦ ਦੇ ਬ੍ਰਹਮ ਗਿਆਨੀ ਰਾਜਾ ਸਾਹਿਬ ਜੀ ਦੇ ਮੁਰੀਦ ਅਤੇ ਸੇਵਾਦਾਰ ਉਨ੍ਹਾਂ ਦੇ ਦਰਸ਼ਨ ਦਾ ਸੁਭਾਗ ਪ੍ਰਾਪਤ ਜੱਗੀ ਰਾਮ ਆਪਣੀ 100 ਕੁ ਸਾਲ ਸੰਸਾਰਕ ਯਾਤਰਾ ਸੰਪੂਰਨ ਕਰਦੇ ਹੋਏ 29 ਅਪ੍ਰੈਲ ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਜਿਨ੍ਹਾਂ ਦਾ ਅੰਤਿਮ ਸਸਕਾਰ ਅਤੇ ਅੰਤਿਮ ਅਰਦਾਸ 4 ਮਈ 2015 ਨੂੰ ਕਰਵਾਈ ਗਈ। ਇੱਥੇ ਇੱਕ ਗੱਲ ਹੋਰ ਦੁਖਦਾਈ ਰਹੀ ਕਿ ਉਨ੍ਹਾਂ ਦੀ ਧਰਮ ਪਤਨੀ ਰਤਨੀ ਜੱਗੀ ਵੀ ਆਪਣੀ ਸੰਸਰਕ ਯਾਤਰਾ ਪੂਰੀ ਕਰਦੇ ਹੋਏ 19 ਅਪ੍ਰੈਲ ਨੂੰ ਸਵਰਗ ਸਿਧਾਰ ਗਏ ਸਨ। ਜਿਨ੍ਹਾਂ ਦੀ ਦਾ ਅੰਤਿਮ ਸਸਕਾਰ ਅਤੇ ਅੰਤਿਮ ਅਰਦਾਸ 25 ਅਪ੍ਰੈਲ ਨੂੰ ਕਰਵਾਈ ਗਈ ਸੀ। ਉਨ੍ਹਾਂ ਨੇ ਜੀਵਨ ਭਰ ਦੇ ਸਾਥ ਦਾ ਸਬੂਤ ਦਿੰਦੇ ਹੋਏ ਵਿਛੋੜਾ ਵੀ ਲੰਬਾ ਨਹੀਂ ਕਬੂਲਿਆ। ਇਹ ਦੋਵੇਂ ਜੀਅ ਆਪਣੇ ਪਿੱਛੇ ਬਹੁਤ ਹੀ ਗੁਰਮੁੱਖ ਪਰਿਵਾਰ ਛੱਡ ਕੇ ਗਏ ਹਨ। ਜੋ ਉਨ੍ਹਾਂ ਦੀਆਂ ਸਿੱਖਿਆਵਾਂ ਤੇ ਜੀਵਨ ਜਾਂਚ ਤੇ ਪੂਰਾ ਉੱਤਰਨ ਵਾਲਾ ਹੈ। ਉਨ੍ਹਾਂ ਦੇ ਸਪੁੱਤਰ ਜੈਲਾ ਜੱਗੀ, ਚੰਚਲ ਹੀਰਾ ਅਤੇ ਕਰਨੈਲ ਹੀਰਾ ਅਤੇ ਨੂੰਹਾਂ ਨੇ ਉਨ੍ਹਾਂ ਦੀ ਸੇਵਾ ਸੰਭਾਲ ਬੜੀ ਨੇਕ ਨੀਅਤ ਨਾਲ ਕੀਤੀ। ਉਨ੍ਹਾਂ ਦੀਆਂ ਧੀਆਂ ਸ਼ਿੰਦਾ ਕੁਮਾਰੀ ਪਤਨੀ ਐਸ. ਕੁਮਾਰ, ਸੰਤੋਸ਼ ਕੁਮਾਰੀ ਪਤਨੀ ਅਜੈ ਕਟਾਰੀਆ ਅਤੇ ਕਮਲਜੀਤ ਸੁਰੀਲਾ ਪਤਨੀ ਸੱਤਪਾਲ ਸੁਰੀਲਾ ਵੀ ਆਪਣੇ ਮਾਤਾ ਪਿਤਾ ਦੇ ਆਪਣੀ ਜੀਵਨ ਯਾਤਰਾ ਪੂਰੀ ਕਰਕੇ ਜਾਣ ਤੇ ਉਦਾਸੀਨ ਹਨ।

ਜੱਗੀ ਰਾਮ ਦੇ ਨਮਿਤ ਸਹਿਜ ਪਾਠ ਦੇ ਭੋਗ 29 ਅਪ੍ਰੈਲ ਨੂੰ ਪਾਏ ਉਨ੍ਹਾਂ ਦੇ ਸਹਿਯੋਗੀ ਯਤਨਾਂ ਨਾਲ਼ ਸਥਾਪਿਤ ਕੀਤੇ ਗਏ ਗੁਰੂ ਘਰ ਵਿੱਚ ਹੋਈ। ਇਸ ਮੌਕੇ ਗਿਆਨੀ ਪ੍ਰਕਾਸ਼ ਸਿੰਘ ਹੈੱਡ ਗ੍ਰੰਥੀ, ਗਿਆਨੀ ਹਰਬਲਾਸ ਸਿੰਘ, ਗਿਆਨੀ ਓਮਪਾਲ ਸਿੰਘ, ਗੁਰਨਾਮ ਸਿੰਘ, ਗੁਰਨਾਮ ਸਿੰਘ ਰਸੀਲਾ, ਰਮੇਸ਼ ਸਿੰਘ ਨੇ ਵੈਰਾਗਮਈ ਕੀਰਤਨ ਕੀਤਾ ਅਤੇ ਉਨ੍ਹਾਂ ਦੇ ਸਪੁੱਤਰ ਕਰਨੈਲ ਹੀਰਾ ਨੇ ਐਸੀ ਮਰਨੀ ਜੋ ਮਰੈ। ਬਹੁਰ ਨਾ ਮਰਨਾ ਹੋਇ॥ ਸ਼ਬਦ ਦਾ ਗਾਇਨ ਕੀਤਾ।

ਇਸ ਤੋਂ ਪਹਿਲਾਂ 25 ਅਪ੍ਰੈਲ ਨੂੰ ਵੀ ਉਸ ਹੀ ਗੁਰੂ ਘਰ ਵਿੱਚ ਮਾਤਾ ਰਤਨੀ ਜੱਗੀ ਦੀ ਅੰਤਿਮ ਅਰਦਾਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਗਿਆਨੀ ਪ੍ਰਕਾਸ਼ ਸਿੰਘ, ਭਾਈ ਓਮਪਾਲ ਸਿੰਘ, ਭਾਈ ਗੁਰਨਾਮ ਸਿੰਘ, ਭਾਈ ਜੋਗਾ ਸਿੰਘ ਜੀ ਨੇ ਵੈਰਾਗਮਈ ਕੀਰਤਨ ਕੀਤਾ। ਇਸ ਮੌਕੇ ਉਨ੍ਹਾਂ ਦੇ ਲੜਕੇ ਕਰਨੈਲ ਸਿੰਘ ਨੇ ਮਾਂ ਦੀ ਉਸਤਤ ਵਿੱਚ ਗੀਤ ਮਾਂ ਹੁੰਦੀ ਏ ਮਾਂ ਗਾ ਕੇ ਮਾਹੌਲ ਗ਼ਮਗੀਨ ਕਰ ਦਿੱਤਾ। ਇਸ ਸ਼ੋਕ ਸਮਾਗਮ ਵਿੱਚ ਮੰਚ ਦੀ ਸੇਵਾ ਅਭਿਸ਼ੇਕ ਨਾੜੇ ਵੱਟ ਨੇ ਸੰਭਾਲੀ।

ਦੋਵਾਂ ਅੰਤਿਮ ਅਰਦਾਸਾਂ ਸਮੇਂ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੋਈਆਂ ਸੰਗਤਾਂ ਦਾ ਪਰਿਵਾਰ ਵਲੋਂ ਧੰਨਵਾਦ ਕੀਤਾ ਗਿਆ।

(ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ "ਦੇਸ਼ ਦੁਆਬਾ"






















# Raja SWEETS & CATERING

AUTHORIZED CATERER FOR MAJOR 5-STAR HOTELS



**Raja Items Serving**
- ALL KINDS OF SWEETS
- SNACKS
- CHAAT STALL
- NORTH INDIAN CUISINE
- FLUDA KULFI STALL
- ON SITE TANDOOR

**Raja Catering Service**
- WEDDING CEREMONIES
- RECEPTIONS
- BIRTHADAY PARTIES
- RELIGIOUS GATHERINGS
- CORPORATE EVENTS
- PICNICS / BAR-B-QUE

**Raja Additional Service**
- WARMERS
- CHAFFING DISHES
- CHINA & SILVERWARE
- LINEN RENTAL
- WAITERS
- BARTENDERS

Contact us
Raja Sweets & Catering
Work (510)489-9100 • Cell (510)715-1619
msbains@rajasweets.com • www.rajasweets.com
www.facebook.com/rajasweetsandcatering
www.twitter.com/RAJASWEETS



# INDIA MARKET

SWEETS & SPICES

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

Chaat Plate Only for $2.99

Chaat Papdi. Samosa Chaat. Pani Puri. Dahi Vada. Bhel Puri Chaat

Music, Fabric, Artificial Jewelry, Sweets, Fresh Vegetables & more



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

We have the largest collection for Indian, Fijian & Pakistani Grocery



## The Threading queen threading & HEENA TATTOOS

We accept EBT cards

Call for appointment
(916) 297-0150, (916) 316-8199

Eyebrow Threading & Henna Tattoo (each hand) Only for $ 5.00
(Regular $ 8.00) Walk In Welcome Mon-Sat 10am to 7 pm

1265 Pleasant Grove Blvd. # 100 Roseville, CA 95747 916-786-7666
5203 Elkhorn Blvd.Sacramento, CA 95842 916-338-5511



# INDIA BAZAAR



Jai Ram Gaught
Harjit Gaught (Happy)

**Indian, Pakistani & Fijjian Groceries**

We are open 7 DAYS A WEEK TIME : 9:00 A.M. TO 8:30 P.M.

WE ACCEPT FOOD STAMPS

RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES
Call to Happy- Cell : (209) 594-8473 Ph: (209) 478-0285 Fax : (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

Email: indiabazaar08@yahoo.com
1304-E HAMMER LANE, Suite 12, STOCKTON CA, 95210



# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

## ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL BOUTIQUE JEWELRY



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

## KASH FABRICS

ONE STOP SHOPPING CENTER
29576 Mission Blvd, Hayward, CA 94544
Visit us on the Web at www.kashfabrics.com

Phone: 510-538-1138